ਹੱਕ, ਸੱਚ, ਇਨਸਾਫ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

4-10 ਅਕਤੂਬਰ 2023

ਸਾਲ 14ਵਾਂ - ਅੰਕ 41

email : info@sadelok.com

Ph. : 510-706-1300

Fax : 925-373-1300

## ਪੰਜਾਬ ਵਾਲੇ ਪਾਸੇ SYL ਦੀ ਮੌਜੂਦਾ ਸਥਿਤੀ ਦਾ ਸਰਵੇਖਣ ਕਰੇ ਕੇਂਦਰ : ਸੁਪਰੀਮ ਕੋਰਟ ਦਾ ਸਖ਼ਤ ਆਦੇਸ਼





ਦੇਖੋ ਸਫ਼ਾ 29 'ਤੇ

### ਸ਼੍ਰੋਮਣੀ ਕਮੇਟੀ ਨੇ ਸਿੰਘ ਸਭਾ ਲਹਿਰ ਦਾ 150ਵਾਂ ਸਥਾਪਨਾ ਦਿਵਸ ਮਨਾਇਆ




18

### ਭਾਰਤ ਅਤੇ ਪੰਜਾਬ 'ਚ ਗ੍ਰਿਫ਼ਤਾਰੀਆਂ ਦਾ ਦੌਰ



27

### ਅਮਰੀਕਾ 'ਚ ਅੰਬੇਡਕਰ ਦੇ ਸਭ ਤੋਂ ਵੱਡੇ ਬੁੱਤ ਦਾ ਉਦਘਾਟਨ 14 ਅਕਤੂਬਰ ਨੂੰ



3

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ॥ ਇਹੁ ਬਿਰਦੁ ਸੁਆਮੀ ਸੰਦਾ ॥

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਰਾਹੁਲ ਗਾਂਧੀ

## ਪਾਲਕੀ ਸਾਹਿਬ ਨੂੰ ਮੋਢਾ ਦੇਣ ਦੀ ਸੇਵਾ ਨਿਭਾਈ; ਸੰਗਤ ਨੂੰ ਲੰਗਰ ਵਰਤਾਇਆ



ਅੰਮ੍ਰਿਤਸਰ : ਕਾਂਗਰਸੀ ਆਗੂ ਰਾਹੁਲ ਗਾਂਧੀ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਪਹੁੰਚ, ਜਿਥੇ ਉਨ੍ਹਾਂ ਨੇ ਪਰਮਾਤਮਾ ਦੇ ਚਰਨਾਂ 'ਚ ਅਰਦਾਸ ਕੀਤੀ ਤੇ ਇਲਾਹੀ ਬਾਣੀ ਦਾ ਕੀਰਤਨ ਸੁਣਿਆ। ਇਸ ਤੋਂ ਪਹਿਲਾਂ ਉਹ

(ਦੇਖੋ ਸਫ਼ਾ 24-25 'ਤੇ)

# ਸਿੱਖ ਕਾਕਸ ਕਮੇਟੀ ਦੇ ਸਹਿਯੋਗ ਨਾਲ ਅਮਰੀਕੀ ਪ੍ਰਤੀਨਿਧੀ ਸਭਾ ਦੀ ਕਾਰਵਾਈ ਅਰਦਾਸ ਨਾਲ ਸ਼ੁਰੂ

## ਅਮਰੀਕਾ ਵਲੋਂ ਸਿੱਖਾਂ ਦੀ ਹਰ ਸੰਭਵ ਮਦਦ ਦਾ ਭਰੋਸਾ : ਡਾ. ਪ੍ਰਿਤਪਾਲ ਸਿੰਘ

ਵਾਸ਼ਿੰਗਟਨ : ਅਮਰੀਕਾ ਵਿੱਚ ਸਿੱਖਾਂ ਦੇ ਮਸਲੇ ਚੁੱਕਣ ਵਾਲੀ ਅਤੇ ਘੱਟਗਿਣਤੀਆ ਦੀ ਅਵਾਜ਼ ਸਿੱਖ ਕਾਕਸ ਕਮੇਟੀ ਦੇ ਸਹਿਯੋਗ ਨਾਲ ਅਮਰੀਕਾ ਦੇ ਇਤਿਹਾਸ ਵਿੱਚ ਨਿਊਜਰਸੀ ਦੇ ਇਕ ਸਿੱਖ ਗ੍ਰੰਥੀ ਨੇ ਹਾਊਸ ਆਫ ਰਿਪ੍ਰਜ਼ੈਂਟੇਟਿਵ ਦੀ ਕਾਰਵਾਈ ਸ਼ੁਰੂ ਕਰਨ ਲਈ ਅਰਦਾਸ ਕੀਤੀ, ਜੋ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। ਨਿਊਜਰਸੀ ਦੇ ਪਾਈਨ ਹਿੱਲ ਗੁਰਦੁਆਰੇ ਦੇ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਸ਼ੁੱਕਰਵਾਰ ਨੂੰ ਸਦਨ ਵਿੱਚ ਅਰਦਾਸ ਕਰਕੇ


(ਦੇਖੋ ਸਫ਼ਾ 28 'ਤੇ)



# ਗੁਰੂ ਨਾਨਕ ਦੇ ਵੈਰੀ

## ਕਿਸੇ ਵੀ ਹਾਲਤ 'ਚ ਗੁਰਦੁਆਰੇ ਦੀ ਉਸਾਰੀ ਨਹੀਂ ਹੋਣ ਦਿੱਤੀ ਜਾਵੇਗੀ : ਮੁੱਖ ਮੰਤਰੀ ਪ੍ਰੇਮ ਤਮਾਂਗ

### ਦੁਨੀਆ ਭਰਦੇ ਸਿੱਖਾਂ ਵਲੋਂ ਨਿਖੇਧੀ



ਚੰਡੀਗੜ੍ਹ : ਗੁਰਦੁਆਰਾ ਸ੍ਰੀ ਗੁਰੂ ਡਾਂਗਮਾਰ ਸਾਹਿਬ ਦੇ ਮੁੱਦੇ ਨੂੰ ਲੈ ਕੇ ਸਿੱਕਮ ਦੇ ਮੁੱਖ ਮੰਤਰੀ ਵੱਲੋਂ ਦਿੱਤੇ ਨਿੰਦਣਯੋਗ ਬਿਆਨ ਨੂੰ ਪੂਰੇ ਦੇਸ਼ ਦੇ ਸਿੱਖਾਂ ਨੇ ਨਕਾਰਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਜਿਸ ਗੁਰੂਘਰ ਅਤੇ ਗੁਰੂ ਸਾਹਿਬ ਦਾ ਨਾਂ ਲੈ ਕੇ ਹਿੰਦੂ ਭਾਰਤੀ ਸੁਪਰੀਮ ਕੋਰਟ ਵਿੱਚ ਸ਼੍ਰੀ ਰਾਮ



ਭਾਈ ਗੁਰਜੀਤ ਸਿੰਘ ਤਲਵੰਡੀ ਅਤੇ ਭਾਈ ਗੁਰਚਰਨ ਸਿੰਘ ਗਰੇਵਾਲ (ਐਸ.ਜੀ.ਪੀ.ਸੀ. ਪ੍ਰੈਸ ਕਾਨਫਰੰਸ ਦੌਰਾਨ)

ਮੰਦਰ ਦਾ ਕੇਸ ਜਿੱਤੇ ਉਸ ਹੀ ਗੁਰੂ ਘਰ ਨੂੰ ਹੰਕਾਰੀ ਮੁੱਖ ਮੰਤਰੀ ਤਬਾਹ ਕਰਨ ਉਪਰ ਤੁਲਿਆ ਹੋਇਆ ਜਿਸ ਦੀ ਪੂਰੀ ਦੁਨੀਆ 'ਚ ਵਸਦੇ ਸਿੱਖਾਂ ਵਲੋਂ ਸਖਤ ਨਿਖੇਧੀ ਕੀਤੀ ਗਈ। ਚੰਡੀਗੜ੍ਹ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ

(ਦੇਖੋ ਸਫ਼ਾ 10 'ਤੇ)

Padam Builders

ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ

email:padambuilders@gmail.com

Licensed # 1019803

Bhupinder S. Padam

PH : 510-565-6667

Jaspreet Singh

Attorney at law

ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ

ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience

Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases

44808 S. Grimmer Blvd.# 208 Fremont, CA 94538 Tel : 510-657-6444

2951 W. Capitol Ave. W. Sacramento CA 95691

4491 West Shaw Ave.#131 Fresno, CA 93711 Tel : 559-271-5511

37-1873 Street Suite #401, Jackson Heights NY 11372 Tel : 718-533-844

Khalsa Affairs

ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ

www.khalsaaffairs.com

510-706-1300

Bhatia & Co, Inc

Certified Public Accountants

AICPA

Our Services :
- Business Tax (C crop/S corp/LLC etc)
- Individual Tax
- Estate Tax
- Internation Tax (FBAR/FATCA/5471/5472 etc)
- Non-Profit entities (Formation,IRS,FTB&DOJ approval)
- Accounting & Payroll
- Sales & Other Taxes
- Financial Audit & Review
- Tax Audit & Representation (IRS/FTB/BOE etc)
- Collection, Lien & Back Taxes
- Offer in Compromise

Santa Clara • Pleasanton • Merced

(844) 4USTAX (209)-354-8696

info@bhatiaco.com,www.bhatiaco.com

Bhatia Law Associates

Attorney at Law

Immigration and Business Services

IMMIGRATION

Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced

(844) 4USATAX (209)-354-8696

info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
- ਪੌਲੀਟੀਕਲ ਅਸਾਈਲਮ • ਡਿਪੋਰਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ

ਸ. ਹਰਮਿੰਦਰ ਸਿੰਘ ਸਮਾਣਾ

ਆਫਿਸ ਮੈਨੇਜਰ 209-481-7750

Law office of Anthony Nwosu

239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

PH: 209-624-3919

Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ’ਚ ਅੰਬੇਡਕਰ ਦੇ ਸਭ ਤੋਂ ਵੱਡੇ ਬੁੱਤ ਦਾ ਉਦਘਾਟਨ 14 ਅਕਤੂਬਰ ਨੂੰ



ਵਾਸ਼ਿੰਗਟਨ : ਭਾਰਤੀ ਸੰਵਿਧਾਨ ਦੇ ਪ੍ਰਮੁੱਖ ਆਰਕੀਟੈਕਟ ਡਾ.ਬੀ.ਆਰ.ਅੰਬੇਡਕਰ ਦੇ ‘ਸਭ ਤੋਂ ਵੱਡੇ’ ਬੁੱਤ ਦਾ ਉਦਘਾਟਨ ਭਾਰਤ ਤੋਂ ਬਾਹਰ ਅਮਰੀਕਾ ਦੇ ਮੈਰੀਲੈਂਡ ਵਿਚ 14 ਅਕਤੂਬਰ ਨੂੰ ਕੀਤਾ ਜਾਵੇਗਾ। 19 ਫੁੱਟ ਦੇ ਇਸ ਬੁੱਤ ਨੂੰ Statue of Equality ਭਾਵ ‘ਸਮਾਨਤਾ ਦਾ ਬੁੱਤ’ ਦਾ ਨਾਂ ਦਿੱਤਾ ਗਿਆ ਹੈ, ਜਿਸ ਨੂੰ ਪ੍ਰਸਿੱਧ ਕਲਾਕਾਰ ਅਤੇ ਮੂਰਤੀਕਾਰ ਰਾਮ ਸੁਤਾਰ ਨੇ ਬਣਾਇਆ ਹੈ। ਇਹ ਉਹ ਤਰਖਾਣ ਹੈ, ਜਿਸ ਨੇ ਗੁਜਰਾਤ ਦੇ ਅਹਿਮਦਾਬਾਦ ਵਿੱਚ ਸਥਾਪਤ ਸਰਦਾਰ ਪਟੇਲ ਦਾ ਬੁੱਤ ਬਣਾਇਆ ਸੀ।


ਅੰਬੇਡਕਰ ਦਾ ਬੁੱਤ ਮੈਰੀਲੈਂਡ ਦੇ ਐਕੋਕੇਕ ਸ਼ਹਿਰ ਵਿੱਚ 13 ਏਕੜ ਜ਼ਮੀਨ ਵਿੱਚ ਬਣਾਏ ਜਾ ਰਹੇ ‘ਅੰਬੇਡਕਰ ਇੰਟਰਨੈਸ਼ਨਲ ਸੈਂਟਰ’ (ਏਆਈਸੀ) ਦਾ ਹਿੱਸਾ ਹੈ। ਏਆਈਸੀ ਨੇ ਕਿਹਾ ਕਿ “ਇਹ ਭਾਰਤ ਤੋਂ ਬਾਹਰ ਬਾਬਾ ਸਾਹਿਬ ਦਾ ਸਭ ਤੋਂ ਵੱਡਾ ਬੁੱਤ ਹੈ ਅਤੇ ਇਸ ਨੂੰ ਕੇਂਦਰ ਵਿੱਚ ਬਣਾਈ ਜਾ ਰਹੀ ਅੰਬੇਡਕਰ ਯਾਦਗਾਰ ਦੇ ਹਿੱਸੇ ਵਜੋਂ ਸਥਾਪਿਤ ਕੀਤਾ ਜਾ ਰਿਹਾ ਹੈ।”ਉਸ ਨੇ ਅੱਗੇ ਕਿਹਾ ਕਿ ਅੰਬੇਡਕਰਵਾਦੀ ਅੰਦੋਲਨ ਦੇ ਪ੍ਰਤੀਨਿਧਾਂ ਅਤੇ ਦੁਨੀਆ ਦੇ ਹੋਰ ਹਿੱਸਿਆਂ ਤੋਂ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਪੈਰੋਕਾਰਾਂ ਦੇ ਹਾਜ਼ਰ ਹੋਣ ਦੀ ਉਮੀਦ ਹੈ।”

ਏਆਈਸੀ ਨੇ ਦੱਸਿਆ ਕਿ ਇਹ ਯਾਦਗਾਰ ਬਾਬਾ ਸਾਹਿਬ ਦੇ ਸੰਦੇਸ਼ਾਂ ਅਤੇ ਸਿੱਖਿਆਵਾਂ ਨੂੰ ਫੈਲਾਏਗੀ ਅਤੇ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਦੀ ਪ੍ਰਤੀਕ ਹੋਵੇਗੀ। ਬੁੱਤ ਦਾ ਉਦਘਾਟਨ 14 ਅਕਤੂਬਰ ਨੂੰ ਕੀਤਾ ਜਾਵੇਗਾ, ਜਿਸ ਵਿੱਚ ਵੱਖ-ਵੱਖ ਦੇਸ਼ਾਂ ਦੇ ਪ੍ਰਤੀਨਿਧਾਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ।

# ਕੇਵਿਨ ਮੈਕਕਾਰਥੀ ਅਮਰੀਕਾ ਦੇ 234 ਸਾਲਾਂ ਦੇ ਇਤਿਹਾਸ ’ਚ ਮੁਅੱਤਲ ਹੋਣ ਵਾਲੇ ਪਹਿਲੇ ਸਪੀਕਰ

ਵਾਸ਼ਿੰਗਟਨ, (ਸਾਡੇ ਲੋਕ/ਰਾਜ ਗੋਗਨਾ)

ਵਾਸ਼ਿੰਗਟਨ : ਰਿਪਬਲਿਕਨ ਪਾਰਟੀ ਸੰਸਦ ਮੈਂਬਰ ਕੇਵਿਨ ਮੈਕਕਾਰਥੀ ਨੂੰ ਯੂ. ਐਸ. ਹਾਊਸ ਸਪੀਕਰ ਦੇ ਅਹੁਦੇ ਤੋ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਅਮਰੀਕਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ। ਬੀਤੇ ਦਿਨ ਉਸ ਨੂੰ ਹਟਾਉਣ ਲਈ ਲਿਆਂਦੀ ਗਈ ਉਸ ਨੂੰ ਅਹੁਦੇ ਤੋਂ ਹਟਾਉਣ ਲਈ ਲਿਆਂਦੇ ਮਤੇ ’ਤੇ ਵੋਟਿੰਗ ਹੋਈ। ਸਪੀਕਰ ਨੂੰ ਹਟਾਉਣ ਦਾ ਮਕਸਦ ਰਿਪਬਲਿਕਨ ਪਾਰਟੀ ਦਾ ਅੰਦਰੂਨੀ ਕਲੇਸ਼ ਦਾ ਖੁਲਾਸਾ ਹੋਇਆ ਹੈ। ਕੇਵਿਨ ਮੈਕਕਾਰਥੀ ਅਮਰੀਕੀ ਪ੍ਰਤੀਨਿਧੀ ਸਭਾ ਦੇ 234 ਸਾਲਾਂ ਦੇ ਇਤਿਹਾਸ ਵਿੱਚ ਪਹਿਲੇ ਸਪੀਕਰ ਹਨ ਜਿਨ੍ਹਾਂ ਨੂੰ ਉਸ ਦੇ ਅਹੁਦੇ ਤੋਂ ਬਾਹਰ ਕੀਤਾ ਗਿਆ ਹੈ।ਅਮਰੀਕੀ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ। ਕਿਸੇ ਨੂੰ ਇਸ ਤਰ੍ਹਾਂ ਅਹੁਦੇ ਤੋਂ ਬਾਹਰ ਕੀਤਾ ਗਿਆ ਹੈ। ਪਾਰਟੀ ਦੇ ਕੁਝ ਸੰਸਦ ਮੈਂਬਰਾਂ ਦੇ ਇਸ ਕਦਮ ਨੇ ਅਗਲੀਆਂ



ਰਾਸ਼ਟਰਪਤੀ ਚੋਣਾਂ ਵਿੱਚ ਡੋਨਾਲਡ ਟਰੰਪ ਦੀ ਅਗਵਾਈ ਵਾਲੀ ਰਿਪਬਲਿਕਨ ਪਾਰਟੀ ਦੇ ਅੰਦਰੂਨੀ ਕਲੇਸ਼ ਦਾ ਖੁਲਾਸਾ ਕਰ ਦਿੱਤਾ ਹੈ। ਪ੍ਰੰਤੂ ਅਜੇ ਇਹ ਤੈਅ ਨਹੀਂ ਹੋਇਆ ਹੈ ਕਿ ਨਵਾਂ ਸਪੀਕਰ ਕੌਣ ਹੋਵੇਗਾ। ਕੇਵਿਨ ਮੈਕਕਾਰਥੀ ਨੂੰ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਨਵਾਂ ਸਪੀਕਰ ਕੌਣ ਹੋਵੇਗਾ ਇਹ ਅਜੇ ਤੈਅ ਨਹੀਂ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ’ਚ ਸ਼ਟਡਾਊਨ ਤੋਂ ਬਚਣ ਲਈ ਫੰਡਿੰਗ ਬਿੱਲ ਲਿਆਂਦਾ ਗਿਆ ਸੀ, ਜਿਸ ’ਚ ਕੇਵਿਨ ਮੈਕਕਾਰਥੀ ਨੇ ਇਸ ਨੂੰ ਅਮਰੀਕੀ ਪ੍ਰਤੀਨਿਧੀ ਸਭਾ ’ਚ ਪਾਸ ਕਰਵਾਉਣ ’ਚ ਅਹਿਮ ਭੂਮਿਕਾ ਵੀ ਨਿਭਾਈ ਸੀ (ਕੇਵਿਨ ਇਸ ਕਾਰਨ ਉਨ੍ਹਾਂ ਦੀ ਹੀ ਪਾਰਟੀ ਦੇ ਕੁਝ ਸੰਸਦ ਮੈਂਬਰ ਨਾਰਾਜ਼ ਹੋ ਗਏ ਸਨ। ਅਤੇ ਉਨ੍ਹਾਂ ਨੇ ਉਸ ਦੇ ਖਿਲਾਫ ਮਤਾ ਲਿਆਦਾ। ਕੇਵਿਨ ਮੈਕਕਾਰਥੀ ਸਿਰਫ 269 ਦਿਨਾਂ ਲਈ ਹਾਊਸ ਆਫ ਰਿਪ੍ਰਜ਼ੈਂਟੇਟਿਵ ਦੇ ਸਪੀਕਰ ਰਹੇ ਹਨ। ਉਨ੍ਹਾਂ ਨੇ ਇਸ ਸਾਲ ਦੇ ਸ਼ੁਰੂ ਵਿੱਚ 7 ਜਨਵਰੀ 2023 ਨੂੰ ਇਹ ਅਹੁਦਾ ਸੰਭਾਲਿਆ ਸੀ। ਇਹ ਅਮਰੀਕਾ ਦੇ ਇਤਿਹਾਸ ਵਿੱਚ ਕਿਸੇ ਵੀ ਸਪੀਕਰ ਦਾ ਸਭ ਤੋਂ ਛੋਟਾ ਕਾਰਜਕਾਲ ਹੈ।

# ਅਮਰੀਕਾ ’ਚ 39 ਸਾਲ ਦੇ ਪੱਤਰਕਾਰ ਦਾ ਗੋਲੀਆਂ ਮਾਰ ਕੇ ਕਤਲ

ਫਿਲਾਡੇਲਫੀਆ : ਬੀਤੇ ਦਿਨ ਪੇਨਸਿਲਵੇਨੀਆ ਸੂਬੇ ਦੇ ਸ਼ਹਿਰ ਫਿਲਾਡੇਲਫੀਆ ਵਿੱਚ ਰਹਿੰਦੇ ਜੋਸ਼ ਕਰੂਗਰ ਨਾਮੀ ਇੱਕ ਫਰੀਲਾਂਸ ਪੱਤਰਕਾਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਪੱਤਰਕਾਰ ਨੂੰ ਉਸਦੇ ਘਰ ਵਿੱਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਜੋਸ਼ ਕਰੂਗਰ ਸਿਟੀ ਲਈ ਕੰਮ ਕਰਦਾ ਸੀ ਅਤੇ ਉਹ ਇੱਕ ਫਰੀਲਾਂਸ ਪੱਤਰਕਾਰ ਸੀ। ਸਥਾਨਕ ਅਧਿਕਾਰੀਆਂ ਅਨੁਸਾਰ ਇੱਕ ਫਰੀਲਾਂਸ ਪੱਤਰਕਾਰ ਅਤੇ ਸ਼ਹਿਰ ਦੇ ਸਾਬਕਾ ਕਰਮਚਾਰੀ ਜੋਸ਼ ਕਰੂਗਰ ਨੂੰ ਸੋਮਵਾਰ ਤੜਕੇ ਉਸਦੇ ਘਰ ਵਿੱਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ।



ਸਥਾਨਕ ਫਿਲਾਡੇਲਫੀਆ ਪੁਲਸ ਨੂੰ ਜਦੋ ਸੂਚਨਾ ਮਿਲੀ ਤਾਂ ਉਹ ਦੁਪਿਹਰ 1:30 ਵਜੇ ਦੇ ਕਰੀਬ ਉਸਦੇ ਘਰ ਵਿੱਚ ਪੁੱਜੀ ਅਤੇ ਉਹਨਾਂ ਨੇ ਦੇਖਿਆ ਕਿ ਕਰੂਗਰ ਦੀ ਛਾਤੀ ਅਤੇ ਢਿੱਡ ਵਿੱਚ ਸੱਤ ਦੇ ਕਰੀਬ ਗੋਲੀਆਂ ਲੱਗੀਆਂ ਸਨ। ਪੁਲਸ ਨੇ ਦੱਸਿਆ ਕਿ ਉਸ ਨੂੰ ਸਥਾਨਕ ਪੇਨ ਪ੍ਰੈਸਬੀਟੇਰੀਅਨ ਮੈਡੀਕਲ ਸੈਂਟਰ ਵਿਖੇ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਪੱਤਰਕਾਰ ਕਰੂਗਰ ਫਿਲਾਡੇਲਫੀਆ ਸ਼ਹਿਰ ਦੇ ਗ੍ਰੇਜ਼ ਫੈਰੀ ਦੇ ਇਲਾਕੇ ਵਿੱਚ ਰਹਿੰਦਾ ਸੀ ਅਤੇ ਇੱਕ ਫਰੀਲਾਂਸ ਰਿਪੋਰਟਰ ਵਜੋਂ ਕੰਮ ਕਰਦਾ ਸੀ। ਪੁਲਸ ਨੇ ਦੱਸਿਆ ਕਿ ਗੋਲੀਬਾਰੀ ਮਾਮਲੇ ਵਿੱਚ ਕੋਈ ਵੀ ਗ੍ਰਿਫ਼ਤਾਰੀ ਨਹੀਂ ਹੋਈ ਹੈ ਅਤੇ ਨਾ ਹੀ ਕੋਈ ਹਥਿਆਰ ਬਰਾਮਦ ਹੋਇਆ ਹੈ। ਫਿਲਾਡੇਲਫੀਆ ਦੇ ਮੇਅਰ ਜਿਮ ਕੇਨੀ ਨੇ ਐਕਸ ’ਤੇ ਲਿਖਿਆ, “ਜੋਸ਼ ਕਰੂਗਰ ਦੀ ਮੌਤ ਨਾਲ ਸਾਨੂੰ ਬਹੁਤ ਵੱਡਾ ਸਦਮਾ ਪੁੱਜਾ ਹੈ।”

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ
ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।
ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ
Get more BENEFITS at No Cost $0 Premium
Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



# ਨਸਲ ਆਧਾਰਿਤ ਭੇਦਭਾਵ ਤੇ ਪਾਬੰਦੀ ਲਗਾਉਣ ਵਾਲਾ ਅਮਰੀਕਾ ਦਾ ਦੂਜਾ ਸ਼ਹਿਰ ਬਣਿਆ ਫਰਿਜ਼ਨੋ




ਵਾਸ਼ਿੰਗਟਨ: ਕੈਲੀਫੋਰਨੀਆ ਵਿਚ ਫਰਿਜ਼ਨੋ ਜਾਤੀ ਆਧਾਰਿਤ ਵਿਤਕਰੇ ’ਤੇ ਪਾਬੰਦੀ ਲਗਾਉਣ ਵਾਲਾ ਦੂਜਾ ਅਮਰੀਕੀ ਸ਼ਹਿਰ ਬਣ ਗਿਆ ਹੈ। ਨਗਰ ਕੌਂਸਲ ਨੇ ਆਪਣੇ ਮਿਉਂਸਪਲ ਕੋਡ ਵਿੱਚ ਦੋ ਨਵੀਆਂ ਸ਼੍ਰੇਣੀਆਂ ਜੋੜ ਕੇ ਇਸ ਸਬੰਧੀ ਸਰਬਸੰਮਤੀ ਨਾਲ ਮਤਾ ਪਾਸ ਕੀਤਾ। ਇਸ ਤੋਂ ਪਹਿਲਾਂ ਫਰਵਰੀ ਵਿੱਚ ਸਿਆਟਲ ਨਸਲ ਅਧਾਰਤ ਵਿਤਕਰੇ ’ਤੇ ਪਾਬੰਦੀ ਲਗਾਉਣ ਵਾਲਾ ਦੇਸ਼ ਦਾ ਪਹਿਲਾ ਸ਼ਹਿਰ ਬਣ ਗਿਆ ਸੀ। ਇਸ ਤੋਂ ਬਾਅਦ ਅਮਰੀਕੀ ਸੂਬੇ ਕੈਲੀਫੋਰਨੀਆ ਨੇ ਸਤੰਬਰ ’ਚ ਅਜਿਹਾ ਹੀ ਬਿੱਲ ਪਾਸ ਕੀਤਾ ਸੀ। ਅਮਰੀਕੀ ਟੈਲੀਵਿਜ਼ਨ ਨੈੱਟਵਰਕ NBC ਨੇ ਦੱਸਿਆ ਕਿ ਇਹ ਕਦਮ ਦੇਸ਼ ਭਰ ’ਚ ਚੱਲ ਰਹੇ ਨਾਗਰਿਕ ਅਧਿਕਾਰਾਂ ਦੇ ਅੰਦੋਲਨ ਦੇ ਵਿਚਕਾਰ ਚੁੱਕਿਆ ਗਿਆ, ਜਿਸ ਦੀ ਅਗਵਾਈ ਮੁੱਖ ਤੌਰ ’ਤੇ ਦੱਖਣੀ ਏਸ਼ੀਆਈ ਅਮਰੀਕੀ ਕਰ ਰਹੇ ਹਨ। ਫਰਿਜ਼ਨੋ ਸਿਟੀ ਕਾਉਂਸਿਲ ਦੀ ਉਪ ਪ੍ਰਧਾਨ ਐਨਾਲਿਸਾ ਪੇਰੇਆ ਨੇ ਐਨਬੀਸੀ ਦੇ ਹਵਾਲੇ ਨਾਲ ਕਿਹਾ, ‘ਮੈਂ ਇੱਕ ਵਾਰ ਫਿਰ ਨਾਗਰਿਕ ਅਧਿਕਾਰਾਂ ਦੀ ਸੁਰੱਖਿਆ ’ਤੇ ਪਾਬੰਦੀ ਨੂੰ ਵਧਾਉਣ ਲਈ ਆਪਣੇ ਸ਼ਹਿਰ ’ਤੇ ਮਾਣ ਮਹਿਸੂਸ ਕਰ ਰਹੀ ਹਾਂ।’ ਉਸਨੇ ਕਿਹਾ, ‘ਅਸੀਂ ਮੰਨਦੇ ਹਾਂ ਕਿ ਵਿਤਕਰਾ ਰਾਤੋ-ਰਾਤ ਖਤਮ ਨਹੀਂ ਹੁੰਦਾ ਹੈ’ ਪਰ ਸਾਡੇ ਸਿਟੀ ਨੇ ਜਾਤੀ ਅਧਾਰਤ ਵਿਤਕਰੇ ਵਿਰੁੱਧ ਨਾਗਰਿਕ ਅਧਿਕਾਰਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਭੇਦਭਾਵ ਵਿਰੋਧੀ ਨੀਤੀ ਪਾਸ ਕਰਨ ਦਾ ਦਲੇਰਾਨਾ ਕਦਮ ਚੁੱਕਿਆ ਹੈ।’’ ਇਸ ਦੌਰਾਨ ’ਹਿੰਦੂ ਅਮਰੀਕਨ ਫਾਊਂਡੇਸ਼ਨ’ (ਐੱਚ.ਏ.ਐੱਫ.) ਨੇ ਕੈਲੀਫੋਰਨੀਆ ਦੇ ਸਿਵਲ ਰਾਈਟਸ ਟੈਕਸ ਵਿਭਾਗ ਵਿਰੁੱਧ ਮੁਕੱਦਮਾ ਦਾਇਰ ਕਰਨ ਦਾ ਦੋਸ਼ ਲਗਾਇਆ ਹੈ। ਇਸ ਨੇ ਰਾਜ ਵਿੱਚ ਰਹਿਣ ਵਾਲੇ ਹਿੰਦੂਆਂ ਦੇ ਕਈ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ।

# ਰੰਗ-ਬਰੰਗੀਆਂ ਦਸਤਾਰਾਂ ਨਾਲ ਸਜਿਆ ਸਪਰਿੰਗਫੀਲਡ, ਅਮਰੀਕਾ ਦਾ ਸੱਭਿਆਚਾਰਕ ਮੇਲਾ




ਨਿਊਯਾਰਕ : ਅਮਰੀਕਾ ਵਿੱਚ ਦੁਨੀਆ ਦੇ ਵੱਖ-ਵੱਖ ਦੇਸ਼ਾਂ ਤੋਂ ਆ ਕੇ ਵੱਸੇ ਲੋਕਾਂ ਵਿੱਚ ਵਖਰੇਵਿਆਂ ਦੇ ਬਾਵਜੂਦ ਉਨ੍ਹਾਂ ਵਿੱਚ ਸਾਂਝ ਪੈਦਾ ਕਰਨ ਲਈ ਹਰੇਕ ਸ਼ਹਿਰ ਵਿੱਚ ਮੇਲੇ ਲਗਾਏ ਜਾਂਦੇ ਹਨ। ਸਿੱਖ ਵੀ ਇਨ੍ਹਾਂ ਮੇਲਿਆਂ ਵਿੱਚ ਵੱਧ ਚੜ੍ਹ ਕੇ ਭਾਗ ਲੈਂਦੇ ਹਨ। ਅਜਿਹਾ ਹੀ ਇਕ ਮੇਲਾ ਓਹਾਇਓ ਸੂਬੇ ਦੇ ਸ਼ਹਿਰ ਸਪਰਿੰਗਫੀਲਡ ਵਿੱਚ ਲਗਾਇਆ ਗਿਆ, ਜਿਸ ਵਿੱਚ 10 ਹਜ਼ਾਰ ਦੇ ਕਰੀਬ ਲੋਕਾਂ ਨੇ ਭਾਗ ਲਿਆ। ਸਿੱਖ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਗਏ ਹੋਣ ਉਨ੍ਹਾਂ ਨੇ ਆਪਣੀ ਨਿਵੇਕਲੀ ਪਛਾਣ ਨੂੰ ਕਾਇਮ ਰੱਖਦੇ ਹੋਏ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਅਮਰੀਕਾ ਵਿੱਚ 9/11 ਦੇ ਦਹਿਸ਼ਤੀ ਹਮਲੇ ਸਮੇਂ ਸਿੱਖਾਂ ਨੂੰ ਮੁਸਲਮਾਨ ਸਮਝਕੇ ਉਨ੍ਹਾਂ ‘ਤੇ ਹਮਲੇ ਕੀਤੇ ਗਏ, ਇੱਥੋਂ ਤੱਕ ਕਿ ਅਰੀਜੋਨਾ ਵਿੱਚ ਪੰਜਾਬੀ ਸ. ਬਲਬੀਰ ਸਿੰਘ ਸੋਢੀ ਵਾਸੀ ਪਿੰਡ ਨਡਾਲਾ ਕਪੂਰਥਲਾ ਦਾ ਇਕ ਗੋਰੇ ਨੇ ਮੁਸਲਮਾਨ ਸਮਝਕੇ ਕਤਲ ਕਰ ਦਿੱਤਾ ਸੀ। ਇਸ ਤੋਂ ਬਾਅਦ ਸਿੱਖਾਂ ਦੀ ਨਿਵੇਕਲੀ ਪਛਾਣ ਤੋਂ ਜਾਣੂ ਕਰਵਾਉਣ ਲਈ ਉਪਰਾਲੇ ਹੋਣ ਲੱਗੇ। ਇਨ੍ਹਾਂ ਮੇਲਿਆਂ ਵਿੱਚ ਸਟਾਲ ਲਾ ਕੇ ਸਿੱਖਾਂ ਬਾਰੇ ਸਾਹਿਤ ਵੰਡਿਆ ਜਾਣ ਲੱਗਾ।

ਅਜਿਹਾ ਹੀ ਉਪਰਾਲਾ ਓਹਾਇਓ ਸੂਬੇ ਦੇ ਪ੍ਰਸਿੱਧ ਸ਼ਹਿਰ ਸਪਰਿੰਗਫੀਲਡ ਵਿੱਚ ਉੱਥੋਂ ਦੇ ਨਿਵਾਸੀ ਅਵਤਾਰ ਸਿੰਘ ਉਨ੍ਹਾਂ ਦੀ ਪਤਨੀ ਸਰਬਜੀਤ ਕੌਰ ਦੇ ਪਰਿਵਾਰ ਵੱਲੋਂ ਪਿਛਲੇ 22 ਸਾਲਾਂ ਤੋਂ ਕੀਤਾ ਜਾ ਰਿਹਾ ਹੈ। ਇਸ ਮੇਲੇ ਵਿੱਚ ਡੇਟਨ ਤੇ ਸਿਨਸਿਨਾਟੀ ਦੇ ਵਸਨੀਕ ਵੀ ਬੜੇ ਉਤਸ਼ਾਹ ਨਾਲ ਸ਼ਾਮਲ ਹੁੰਦੇ ਹਨ। ਸਿੱਖਾਂ ਵਿੱਚ ਦਸਤਾਰ ਦੀ ਮਹੱਤਤਾ ਨੂੰ ਦਰਸਾਉਣ ਲਈ ਮੇਲੇ ਵਿਚ ਅਮੈਰੀਕਨਾਂ ਦੇ ਦਸਤਾਰਾਂ ਸਜਾਈਆਂ ਗਈਆਂ ਤੇ ਸਿੱਖ ਧਰਮ ਨਾਲ ਸਬੰਧਤ ਲਿਟਰੇਚਰ ਵੀ ਵੰਡਿਆ ਗਿਆ। ਮੇਲੇ ਵਿਚ ਜਿਵੇਂ ਹੀ ਦਸਤਾਰਾਂ ਬਨਣੀਆਂ ਸ਼ੁਰੂ ਕੀਤੀਆਂ ਗਈਆਂ, ਲੋਕਾਂ ਦੀ ਇਕ ਲੰਬੀ ਕਤਾਰ ਲੱਗ ਗਈ ਅਤੇ ਸਿਰਫ 2 ਕੁ ਘੰਟਿਆਂ ਦੇ ਸਮੇਂ ਵਿੱਚ 250 ਤੋਂ ਵੱਧ ਦਸਤਾਰਾਂ ਖ਼ਤਮ ਹੋ ਗਈਆਂ। ਦਸਤਾਰਾਂ ਸਜਾਉਣ ਵਾਲਿਆਂ ਵਿੱਚ ਸਿਟੀ ਮੇਅਰ ਵੈਰਨ ਕੋਪਲੈਂਡ, ਸਾਬਕਾ ਸਿਟੀ ਕਮਿਸ਼ਨਰ ਜੋਹਨ ਡੇਟਰਿਕ ਤੇ ਪੁਲਸ ਚੀਫ਼ ਐਲੀਸਨ ਇਲੀਅਟ, ਟੀਨਾ ਸਮਿੱਥ ਅਤੇ ਆਈਸ਼ਾ ਜੋਹਨਸਨ ਸ਼ਾਮਲ ਸਨ। ਇੰਟਰਫ਼ੇਥ ਦੀ ਪ੍ਰਧਾਨ ਇਲੈਨਾ ਬ੍ਰੈਡਲੀ, ਗੇਰੀ ਸਿੰਘ ਅਮਰੀਕਨ ਗੋਰੇ, ਕੇ ਸੀ ਰੋਲੇਨਡ ਨੇ ਵੀ ਸਟਾਲ ’ਤੇ ਆ ਕੇ ਆਪਣੀ ਹਾਜ਼ਰੀ ਭਰੀ। ਦਸਤਾਰਾਂ ਸਜਾਉਣ ਵਾਲਿਆਂ ਵਿਚ ਸਿਰਫ਼ ਪੁਰਸ਼ ਹੀ ਨਹੀਂ ਸਗੋਂ ਇਸਤਰੀਆਂ ਵੀ ਸ਼ਾਮਲ ਸਨ। ਉਹਨਾਂ ਨੇ ਦਸਤਾਰਾਂ ਨਾਲ ਲੈ ਕੇ ਜਾਣ ਦੀ ਇੱਛਾ ਵੀ ਜਾਹਿਰ ਕੀਤੀ ਤਾਂ ਜੋ ਉਹ ਇਸ ਨੂੰ ਆਪਣੇ ਆਪ ਵੀ ਬੰਨ੍ਹ ਸਕਣ। ਰੰਗ ਬਰੰਗੀਆਂ ਦਸਤਾਰਾਂ ਨਾਲ ਇਹ ਕੋਈ ਪੰਜਾਬ ਦਾ ਹੀ ਮੇਲਾ ਲੱਗ ਰਿਹਾ ਸੀ। ਸਿਟੀ ਹਾਲ ਪਲਾਜ਼ਾ ਵਿਖੇ ਆਯੋਜਤ ਇਸ ਸੱਭਿਆਚਾਰਕ ਮੇਲੇ ਵਿਚ ਭੰਗੜੇ ਤੇ ਗਿੱਧੇ ਨੇ ਵੀ ਖ਼ੂਬ ਰੰਗ ਬੰਨ੍ਹਿਆ ਅਤੇ ਜਦੋਂ ਢੋਲ ਵੱਜਿਆ ਤਾਂ ਸਾਰੇ ਲੋਕ ਦੌੜੇ ਦੌੜੇ ਆਏ ਤੇ ਉਨ੍ਹਾਂ ਨੇ ਇਸ ਦਾ ਖ਼ੂਬ ਆਨੰਦ ਮਾਣਿਆ। ਪੰਜਾਬੀ ਸੱਭਿਆਚਾਰ ਤੋਂ ਜਾਣੂ ਕਰਾਉਣ ਲਈ ਲਗਾਈ ਗਈ ਪ੍ਰਦਰਸ਼ਨੀ ਵਿੱਚ ਹਰਮੋਨੀਅਮ, ਢੋਲ, ਚਿਮਟਾ, ਬੀਨ, ਸੁਰਾਹੀ, ਚਰਖਾ, ਮਧਾਣੀ, ਪੀੜੀ, ਆਟਾ ਪੀਣ ਵਾਲੀ ਚੱਕੀ, ਪੱਖੀਆਂ ਆਦਿ ਵੀ ਰੱਖੀਆਂ ਗਈਆਂ ਸਨ।

American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ




Basra Heating & Air Conditioning has trained technicians and the right equipment to solve the problem fast and at a reasonable price.

**AC REPAIR**

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

**Thermostat Concerns**

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



**From Basra Heating & Air Conditioning**

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

ਸ. ਰਜਿੰਦਰ ਸਿੰਘ ਬਸਰਾ (209) 834-6188

Address: 231 Portico Ln, Tracy, CA 95377

# ਜੈਸ਼ੰਕਰ ਨੇ ਅਮਰੀਕੀ ਰੱਖਿਆ ਮੰਤਰੀ ਆਸਟਿਨ ਅਤੇ ਵਣਜ ਮੰਤਰੀ ਰੈਮੰਡੋ ਨਾਲ ਕੀਤੀ ਮੁਲਾਕਾਤ



ਵਾਸ਼ਿੰਗਟਨ : ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਅਮਰੀਕੀ ਰੱਖਿਆ ਮੰਤਰੀ ਲੋਇਡ ਆਸਟਿਨ ਨਾਲ ਮੁਲਾਕਾਤ ਕੀਤੀ ਅਤੇ ਰੱਖਿਆ ਸਮੱਗਰੀ ਦੇ ਸਹਿ-ਉਤਪਾਦਨ ਸਮੇਤ ਦੁਵੱਲੇ ਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਸਮੇਤ ਕਈ ਮੁੱਦਿਆਂ ’ਤੇ ਉਨ੍ਹਾਂ ਨਾਲ ਸਾਰਥਕ ਚਰਚਾ ਕੀਤੀ। ਦੋਵਾਂ ਨੇਤਾਵਾਂ ਨੇ ਵਿਸ਼ਵ ਸੁਰੱਖਿਆ ਮੁੱਦਿਆਂ ’ਤੇ ਵੀ ਵਿਚਾਰ ਵਟਾਂਦਰਾ ਕੀਤਾ। ਜੈਸ਼ੰਕਰ ਨੇ ਅਮਰੀਕਾ ਦੀ ਵਣਜ ਮੰਤਰੀ ਜੀਨਾ ਰੈਮੰਡੋ ਨਾਲ ਵੀ ਮੁਲਾਕਾਤ ਕੀਤੀ। ਪੈਂਟਾਗਨ (ਅਮਰੀਕੀ ਰੱਖਿਆ ਵਿਭਾਗ ਦੇ ਹੈੱਡਕੁਆਰਟਰ) ਵਿੱਚ ਸ਼ੁੱਕਰਵਾਰ ਨੂੰ ਆਸਟਿਨ ਨਾਲ ਮੁਲਾਕਾਤ ਤੋਂ ਬਾਅਦ ਜੈਸ਼ੰਕਰ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਕਿਹਾ, “ਸਾਡੇ ਦੁਵੱਲੇ ਰੱਖਿਆ ਸਹਿਯੋਗ ’ਤੇ ਫਲਦਾਇਕ ਚਰਚਾ ਹੋਈ। ਆਲਮੀ ਸੁਰੱਖਿਆ ਚੁਣੌਤੀਆਂ ’ਤੇ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।” ਆਸਟਿਨ ਨੇ ਕਿਹਾ, “ਮੈਨੂੰ ਇੰਡੋ-ਪੈਸੀਫਿਕ ਖੇਤਰ ’ਚ ਅਮਰੀਕਾ-ਭਾਰਤ ਸਹਿਯੋਗ ’ਤੇ ਚਰਚਾ ਕਰਨ ਲਈ ਅੱਜ ਪੈਂਟਾਗਨ ਵਿਖੇ ਭਾਰਤੀ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਦੀ ਮੇਜ਼ਬਾਨੀ ਕਰਕੇ ਖ਼ੁਸ਼ੀ ਹੋਈ।”

ਪੈਂਟਾਗਨ ਨੇ ਕਿਹਾ ਕਿ ਦੋਵਾਂ ਨੇਤਾਵਾਂ ਨੇ ਪੂਰਬੀ ਏਸ਼ੀਆ ਅਤੇ ਹਿੰਦ ਮਹਾਸਾਗਰ ਖੇਤਰ ਵਿੱਚ ਹਾਲ ਹੀ ਦੇ ਘਟਨਾਕ੍ਰਮ ਸਮੇਤ ਕਈ ਸੁਰੱਖਿਆ ਮੁੱਦਿਆਂ ’ਤੇ ਆਪਣੇ ਵਿਚਾਰ ਸਾਂਝੇ ਕੀਤੇ। ਪੈਂਟਾਗਨ ਦੀ ਡਿਪਟੀ ਪ੍ਰੈਸ ਸਕੱਤਰ ਸਬਰੀਨਾ ਸਿੰਘ ਨੇ ਕਿਹਾ, ‘ਆਸਟਿਨ ਅਤੇ ਜੈਸ਼ੰਕਰ ਨੇ ਰੱਖਿਆ ਉਦਯੋਗਿਕ ਸਹਿਯੋਗ ਵਧਾਉਣ ਅਤੇ ਰੱਖਿਆ ਸਮੱਗਰੀ ਦੇ ਸਹਿ-ਉਤਪਾਦਨ, ਸੰਚਾਲਨ ਸਹਿਯੋਗ ਨੂੰ ਵਧਾਉਣ ਲਈ ਸੁਚਾਰੂ ਲੌਜਿਸਟਿਕ ਪ੍ਰਕਿਰਿਆਵਾਂ ਸਮੇਤ ਦੁਵੱਲੇ ਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ ’ਤੇ ਚਰਚਾ ਕੀਤੀ।’ ਵਣਜ ਮੰਤਰੀ ਨਾਲ ਮੁਲਾਕਾਤ ਵਿੱਚ ਜੈਸ਼ੰਕਰ ਨੇ ਇਸ ਸਾਲ ਤਕਨੀਕੀ ਭਾਈਵਾਲੀ ਅਤੇ ਆਰਥਿਕ ਭਾਈਵਾਲੀ ਵਿੱਚ ਹੋਈ ਮਹੱਤਵਪੂਰਨ ਪ੍ਰਗਤੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, “ਸਹਿਯੋਗ ਦੀ ਰਫਤਾਰ ਵਧਾਉਣ ਲਈ ਸਹਿਮਤ ਹੋਏ।” ਇਕ ਦਿਨ ਪਹਿਲਾਂ ਜੈਸ਼ੰਕਰ ਨੇ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ (ਐੱਨ. ਐੱਸ. ਏ.) ਜੇਕ ਸੁਲੀਵਾਨ, ਵਪਾਰ ਪ੍ਰਤੀਨਿਧੀ ਕੈਥਰੀਨ ਤਾਈ ਅਤੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨਾਲ ਮੁਲਾਕਾਤ ਕੀਤੀ ਸੀ। ਉਹ ਸ਼ਨੀਵਾਰ ਨੂੰ ਇੰਡੀਆ ਹਾਊਸ ਵਿਖੇ ਭਾਰਤੀ ਮੂਲ ਦੇ ਉੱਘੇ ਅਮਰੀਕੀ ਨਾਗਰਿਕਾਂ ਨਾਲ ਗੱਲਬਾਤ ਕਰਨ ਵਾਲੇ ਹਨ।

# ਟਰੰਪ ਦੇ ਕਾਰੋਬਾਰ ਨੂੰ ਬੈਨ ਕਰਨ ਦੀ ਮੰਗ, ਧੋਖਾਧੜੀ ਕੇਸ ’ਚ ਲੱਗ ਸਕਦੈ 20 ਅਰਬ ਦਾ ਜੁਰਮਾਨਾ



ਅਟਲਾਂਟਾ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਟਰੰਪ ਇੱਕ ਤੋਂ ਬਾਅਦ ਇੱਕ ਮੁਕੱਦਮਿਆਂ ਦੇ ਜਾਲ ਵਿੱਚ ਫਸਦੇ ਜਾ ਰਹੇ ਹਨ। ਹੁਣ ਟਰੰਪ ਖ਼ਿਲਾਫ਼ ਧੋਖਾਧੜੀ ਦੇ ਮਾਮਲੇ ’ਚ ਸੁਣਵਾਈ ਸ਼ੁਰੂ ਹੋ ਗਈ ਹੈ। ਇਸ ਕਾਰਨ ਉਹ ਸੋਮਵਾਰ ਨੂੰ ਨਿਊਯਾਰਕ ਦੀ ਅਦਾਲਤ ’ਚ ਪੇਸ਼ ਹੋਏ। ਅਦਾਲਤ ’ਚ ਆਉਣ ਸਮੇਂ ਟਰੰਪ ਨੇ ਗੂੜ੍ਹੇ ਨੀਲੇ ਰੰਗ ਦਾ ਸੂਟ, ਚਮਕੀਲਾ ਨੀਲੀ ਟਾਈ ਅਤੇ ਉਸ ’ਤੇ ਅਮਰੀਕੀ ਝੰਡੇ ਦੀ ਪਿੰਨ ਪਾਈ ਹੋਈ ਸੀ। ਦਰਅਸਲ ਟਰੰਪ ’ਤੇ ਆਪਣੇ ਰੀਅਲ ਅਸਟੇਟ ਕਾਰੋਬਾਰ ਬਾਰੇ ਝੂਠ ਬੋਲ ਕੇ 100 ਮਿਲੀਅਨ ਡਾਲਰ ਤੋਂ ਵੱਧ ਦੀ ਕਮਾਈ ਕਰਨ ਦਾ ਦੋਸ਼ ਹੈ।

ਨਿਊਯਾਰਕ ਦੇ ਅਟਾਰਨੀ ਜਨਰਲ ਨੇ ਉਨ੍ਹਾਂ ਖ਼ਿਲਾਫ਼ ਇਹ ਕੇਸ ਦਾਇਰ ਕੀਤਾ ਹੈ। ਉਸ ਨੇ ਦੋਸ਼ ਲਾਇਆ ਹੈ ਕਿ ਟਰੰਪ ਨੇ ਅਮਰੀਕਾ ਦੇ ਰਾਸ਼ਟਰਪਤੀ ਬਣਦੇ ਸਮੇਂ ਆਪਣੀ ਇੱਛਾ ਅਨੁਸਾਰ ਬੈਂਕ ਕਰਜ਼ੇ ਅਤੇ ਸਸਤੇ ਬੀਮਾ ਪ੍ਰੀਮੀਅਮ ਹਾਸਲ ਕਰਕੇ 2011 ਤੋਂ 2021 ਤੱਕ ਤੇਜ਼ੀ ਨਾਲ ਆਪਣੀ ਦੌਲਤ ਵਧਾਈ। ਅਟਾਰਨੀ ਜਨਰਲ ਲੈਟੀਆ ਜੇਮਸ ਨੇ ਸਾਬਕਾ ਰਾਸ਼ਟਰਪਤੀ ’ਤੇ ਘੱਟੋ-ਘੱਟ 250 ਮਿਲੀਅਨ ਡਾਲਰ ਦਾ ਜੁਰਮਾਨਾ, ਉਸ ’ਤੇ ਅਤੇ ਉਸ ਦੇ ਪੁੱਤਰਾਂ ਡੋਨਾਲਡ ਜੂਨੀਅਰ ਅਤੇ ਏਰਿਕ ’ਤੇ ਨਿਊਯਾਰਕ ਵਿਚ ਕਾਰੋਬਾਰ ਕਰਨ ’ਤੇ ਪਾਬੰਦੀ ਅਤੇ ਟਰੰਪ ਸੰਗਠਨ ’ਤੇ ਰੀਅਲ ਅਸਟੇਟ ਕਾਰੋਬਾਰ ਕਰਨ ’ਤੇ 5 ਸਾਲ ਦੀ ਪਾਬੰਦੀ ਦੀ ਮੰਗ ਕੀਤੀ ਹੈ।

**ਟਰੰਪ ਨੇ ਇਸ ਮਾਮਲੇ ਨੂੰ ਘੁਟਾਲਾ ਅਤੇ ਸਿਆਸੀ ਬਦਲਾਖੋਰੀ ਦੱਸਿਆ :** ਤੁਹਾਨੂੰ ਦੱਸ ਦੇਈਏ ਕਿ ਕਈ ਗਵਾਹਾਂ ਦੀ ਗਵਾਹੀ ਤੋਂ ਬਾਅਦ ਮੈਨਹਟਨ ਦੀ ਅਦਾਲਤ ਵਿੱਚ ਸੁਣਵਾਈ ਸ਼ੁਰੂ ਹੋਈ। ਇਸ ਵਿੱਚ ਰਾਜ ਦੇ ਪਹਿਲੇ ਗਵਾਹ ਵਜੋਂ ਯੂ.ਐਸ.ਏ ਵਿੱਚ ਇੱਕ ਭਾਈਵਾਲ ਅਤੇ ਲੰਬੇ ਸਮੇਂ ਤੋਂ ਟਰੰਪ ਦੇ ਕਾਰੋਬਾਰ ਲਈ ਲੇਖਾਕਾਰ ਡੋਨਾਲਡ ਬੈਂਡਰ ਵੀ ਸ਼ਾਮਲ ਹੈ। ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਟਰੰਪ ਨੇ ਮੀਡੀਆ ਨੂੰ ਕਿਹਾ ਕਿ ਇਹ ਮਾਮਲਾ ਇੱਕ ਘੁਟਾਲਾ ਅਤੇ ਧੋਖਾ ਹੈ। ਇਹ ਜੇਮਜ਼ ਦੁਆਰਾ ਸਿਆਸੀ ਬਦਲਾਖੋਰੀ ਹੈ। ਦੁਪਹਿਰ ਦੇ ਖਾਣੇ ਦੇ ਬ੍ਰੇਕ ਦੌਰਾਨ ਉਸਨੇ ਲੈਟੀਆ ਜੇਮਸ ਨੂੰ ਭ੍ਰਿਸ਼ਟ ਅਤੇ ਲੋਕਾਂ ਨੂੰ ਨਿਊਯਾਰਕ ਤੋਂ ਬਾਹਰ ਕੱਢਣ ਲਈ ਭਿਆਨਕ ਦੱਸਿਆ।

ਇੰਨਾ ਹੀ ਨਹੀਂ ਡੋਨਾਲਡ ਟਰੰਪ ਨੇ ਜੱਜ ਆਰਥਰ ਐਂਗੋਰੋਨ ’ਤੇ ਵੀ ਨਿਸ਼ਾਨਾ ਸਾਧਿਆ। ਉਸਨੇ ਜੱਜ ਨੂੰ ਇੱਕ ਪੱਖਪਾਤੀ ਡੈਮੋਕਰੇਟ ਕਿਹਾ ਅਤੇ ਉਸ ’ਤੇ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਦਖਲ ਦੇਣ ਲਈ ਕੇਸ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ। ਇੱਥੇ ਰਿਪਬਲਿਕਨ ਉਮੀਦਵਾਰ ਵਜੋਂ ਟਰੰਪ ਨੂੰ ਵੱਡੀ ਲੀਡ ਹਾਸਲ ਹੈ। ਟਰੰਪ ਨੇ ਪੱਤਰਕਾਰਾਂ ਨੂੰ ਕਿਹਾ, ‘ਇਹ ਇੱਕ ਜੱਜ ਹੈ ਜਿਸਨੂੰ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ। ਉਸਨੂੰ ਅਹੁਦੇ ਤੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ’।

ਜੇਮਸ ਨੇ ਟਰੰਪ ’ਤੇ ਮੈਨਹਟਨ ਵਿਚ ਉਸ ਦੇ ਟਰੰਪ ਟਾਵਰ ਪੈਂਟਹਾਊਸ ਅਪਾਰਟਮੈਂਟ, ਫਲੋਰੀਡਾ ਵਿਚ ਉਸ ਦੀ ਮਾਰ-ਏ-ਲਾਗੋ ਅਸਟੇਟ ਅਤੇ ਵੱਖਰੇ ਦਫਤਰ ਟਾਵਰਾਂ ਅਤੇ ਗੋਲਫ ਕਲੱਬਾਂ ਸਮੇਤ ਆਪਣੀ ਜਾਇਦਾਦ ਵਿਚ ਤੇਜ਼ੀ ਨਾਲ ਵਾਧਾ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਟਰੰਪ ਨੇ ਆਪਣੀ ਸੰਪਤੀ 2.2 ਬਿਲੀਅਨ ਡਾਲਰ ਤੱਕ ਵਧਾ ਦਿੱਤੀ ਹੈ। ਜੇਮਸ ਦੇ ਦਫਤਰ ਦੇ ਇੱਕ ਵਕੀਲ ਕੇਵਿਨ ਵੈਲੇਸ ਨੇ ਆਪਣੇ ਸ਼ੁਰੂਆਤੀ ਬਿਆਨ ਵਿੱਚ ਕਿਹਾ, ਇਹ ਆਮ ਵਾਂਗ ਕਾਰੋਬਾਰ ਨਹੀਂ ਹੈ ਅਤੇ ਇਹ ਇਸ ਤਰ੍ਹਾਂ ਨਹੀਂ ਹੈ ਕਿ ਪਾਰਟੀਆਂ ਇੱਕ ਦੂਜੇ ਨਾਲ ਕਿਵੇਂ ਪੇਸ਼ ਆਉਂਦੀਆਂ ਹਨ। ਇਹ ਮੁਆਫ਼ੀਯੋਗ ਅਪਰਾਧ ਨਹੀਂ ਹੈ। ਟਰੰਪ ਦੇ ਵਕੀਲ ਕ੍ਰਿਸਟੋਫਰ ਕਿੱਸੇ ਨੇ ਆਪਣੇ ਸ਼ੁਰੂਆਤੀ ਬਿਆਨ ਵਿੱਚ ਕਿਹਾ ਕਿ ਟਰੰਪ ਦੀ ਵਿੱਤੀ ਸਥਿਤੀ ਪੂਰੀ ਤਰ੍ਹਾਂ ਕਾਨੂੰਨੀ ਸੀ। ਜਿਸ ਨੇ ਕਿਹਾ, ਉਸਨੇ ਅਸਲ ਵਿੱਚ ਰੀਅਲ ਅਸਟੇਟ ਨਿਵੇਸ਼ ਵਿੱਚ ਬਹੁਤ ਸਾਰਾ ਪੈਸਾ ਕਮਾਇਆ। ਉਸ ਦਾ ਧੋਖਾਧੜੀ ਕਰਨ ਦਾ ਕੋਈ ਇਰਾਦਾ ਨਹੀਂ ਸੀ। ਇਸ ਵਿਚ ਕੋਈ ਗੈਰ-ਕਾਨੂੰਨੀ, ਕੋਈ ਡਿਫਾਲਟ, ਕੋਈ ਉਲੰਘਣਾ ਨਹੀਂ ਸੀ, ਬੈਂਕਾਂ ’ਤੇ ਕੋਈ ਨਿਰਭਰਤਾ ਨਹੀਂ ਸੀ, ਕੋਈ ਅਨੁਚਿਤ ਫਾਇਦਾ ਨਹੀਂ ਸੀ ਅਤੇ ਕੋਈ ਪੀੜਤ ਨਹੀਂ ਸਨ। ਇਕ ਹੋਰ ਅਟਾਰਨੀ ਅਲੀਨਾ ਹੱਬਾ ਨੇ ਜੱਜ ਐਂਗੋਰੋਨ ਨੂੰ ਦੱਸਿਆ ਕਿ ਟਰੰਪ ਦੀਆਂ ਜਾਇਦਾਦਾਂ ‘ਮੋਨਾ ਲੀਜ਼ਾ ਸੰਪਤੀਆਂ’ ਹਨ ਜਿਹਨਾਂ ਨੂੰ ਜੇਕਰ ਟਰੰਪ ਨੇ ਵੇਚਿਆ ਤਾਂ ਉਸ ਨੂੰ ਪ੍ਰੀਮੀਅਮ ਕੀਮਤਾਂ ਮਿਲ ਸਕਦੀਆਂ ਹਨ।

# ਜਲੰਧਰ ਨਾਲ ਸਬੰਧਤ ਕੇ.ਪੀ. ਸਿੰਘ ਨੂਰਮਹਿਲ ‘ਇੰਟਰਨੈਸ਼ਨਲ ਚੀਫ-ਕੰਸਲਟੈਂਟ’ ਨਿਯੁਕਤ

ਨਿਊਯਾਰਕ : ਪੰਜਾਬ ਦੇ ਜਲੰਧਰ ਜ਼ਿਲ੍ਹੇ ਨਾਲ ਸਬੰਧਤ ਵਰਲਡ ਫੇਮਸ ਆਸਟਰੋਲੋਜਰ ਡਾ. ਕੇ.ਪੀ. ਸਿੰਘ ਨੂਰਮਹਿਲ ਨੂੰ ‘ਸੀ-ਕਾਰਪ ਕੰਪਨੀ’ ਦੀ ਵਿਵਸਥਾ ਦੇ ਅਧੀਨ ਸਥਾਪਿਤ ਅਤੇ ਸੰਚਾਲਿਤ ਸੰਸਥਾ ‘ਅਮੈਰਿਕਨ ਰਿਸਰਚ ਆਰਗੇਨਾਈਜ਼ੇਸ਼ਨ’ ਅਤੇ ’ਇੰਟਰਨੈਸ਼ਨਲ ਐਸਟਰੌਲੋਜੀ ਫੈਡਰੇਸ਼ਨ ਇੰਕ: ਯੂ.ਐਸ.ਏ ’ ਵੱਲੋਂ ’ਇੰਟਰਨੈਸ਼ਨਲ ਚੀਫ-ਕੰਨਸਲਟੈਂਟ’ ਦੇ ਵੱਕਾਰੀ ਆਹੁਦੇ ‘ਤੇ ਨਿਯੁਕਤ ਕੀਤਾ ਗਿਆ ਹੈ। ਨੂਰਮਹਿਲ ਦੀ ਇਹ ਨਿਯੁਕਤੀ ਪਿਛਲੇ 45 ਸਾਲਾਂ ਤੋਂ ਜਿਓਤਿਸ਼ ਦੇ ਖੇਤਰ ਵਿੱਚ ਪਾਏ ਗਏ ਉਹਨਾਂ ਦੇ ਮਹੱਤਵਪੂਰਨ ਯੋਗਦਾਨ ਅਤੇ ਰਿਸਰਚ ਦੇ ਮੱਦੇਨਜਰ ਕੀਤੀ ਗਈ ਹੈ।



ਇਸ ਸੰਸਥਾ ਦਾ ਮੁੱਖ ਦਫਤਰ ਵਾਇਓਮਿੰਗ, ਯੂ.ਐਸ.ਏ ਦੇ ਰਾਜ ਵਿੱਚ ਹੈ। ਅਤੇ ਕਾਰਪੋਰੇਟ ਦਫਤਰ ਫਲੋਰਿਡਾ, ਯੂ.ਐਸ.ਏ ਵਿੱਚ ਹੈ ਜਦਕਿ ਥਾਈਲੈਂਡ, ਆਸਟ ?ਰੇਲੀਆ ਅਤੇ ਭਾਰਤ ਦੇ ਕੇਰਲਾ ਵਿੱਚ ਕੋਚੀਨ ਵਿਖੇ ਵੀ ਕੰਟਰੀ-ਆਫ਼ ?ਸ ਹੈ ਜੋ ਸੈਂਟਰਲ ਗਵਰਨਮੈਂਟ ਦੀ ਮਨਿਸਟਰੀ ਆਫ ਕਾਰਪੋਰੇਟ ਆਫੇਅਰਜ ਦੇ ਤਹਿਤ ਰਜਿਸਟਰਡ ਹੈ। ਸੰਸਥਾ ਦੇ ਯੂ.ਐਸ.ਏ ਹੈੱਡ-ਆਫਿਸ ਦੀ ਪ੍ਰੈਜੀਡੈਂਟ ਪੈਗੀ ਵਿੱਲਮੋਟ ਬੇਕਰ ਅਤੇ ਚੇਅਰਮੈਨ ਡੀ. ਵਾਇਨ ਨੇ ਇੱਕ ਵਧਾਈ ਸੰਦੇਸ਼ ਦੇ ਸਮੇਤ ਆਪਣੇ ਦਸਤਖ਼ਤਾਂ ਨਾਲ ਇਸ ਨਿਯੁੱਕਤੀ ਸੰਬੰਧੀ ਇੱਕ ਸਰਟੀਫਿਕੇਟ ਵੀ ਕੇ.ਪੀ ਸਿੰਘ ਨੂੰ ਜਾਰੀ ਕੀਤਾ ਹੈ। ਦਰਅਸਲ ਇਸ ਵੱਕਾਰੀ ਨਿਯੁਕਤੀ ਨੂੰ ਡਾ: ਕੇ.ਪੀ. ਸਿੰਘ ਦੇ ਜੀਵਨ ਦੀ ਇੱਕ ਬਹੁਤ ਵੱਡੀ ਪ੍ਰਾਪਤੀ ਕਿਹਾ ਜਾ ਸਕਦਾ ਹੈ ਜਿਸ ਦੇ ਪਿੱਛੇ ਨਿਰਸੰਦੇਹ ਹੀ ਇਸ ਵਿਸ਼ੇ ’ਤੇ ਉਹਨਾਂ ਵੱਲੋਂ ਸਾਲਾਂ ਬੱਧੀ ਕੀਤੀ ਗਈ ਸਖ਼ਤ ਮਿਹਨਤ ਅਤੇ ਘਾਲਣਾ ਦਾ ਬਹੁਤ ਵੱਡਾ ਹੱਥ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 2015 ਵਿੱਚ ਵੈਸਟ ਬੰਗਾਲ ਦੀ ਇੱਕ ਮਿਆਰੀ ਸੰਸਥਾ ‘ਕ੍ਰਿਸ਼ਨਾਮੂਰਤੀ ਇੰਸਟੀਚਿਊਟ ਆਫ ਆਸਟਰੌਲੋਜੀ’ ਵੱਲੋਂ ਸਿੰਘ ਨੂੰ ਕਲਕੱਤਾ ਯੂਨੀਵਰਸਿਟੀ ਵਿਖੇ ਜਿਓਤਿਸ਼ ਵਿਸ਼ੇ ’ਤੇ ਡਾਕਟਰੇਟ ਯਾਣੀ ਪੀਐਚ.ਡੀ. ਦੀ ਆਨਰੇਰੀ ਡਿਗਰੀ ਭੇਟ ਕੀਤੀ ਗਈ ਸੀ। ਇਸ ਤੋਂ ਇਲਾਵਾ ਪਿਛਲੇ ਤੀਹ ਸਾਲਾਂ ਵਿੱਚ ਉਹਨਾਂ ਨੂੰ ਸਮੁੱਚੇ ਭਾਰਤ ਦੇ ਅਲੱਗ-ਅਲੱਗ ਰਾਜਾਂ ਦੇ ਬਹੁਤ ਸਾਰੇ ਸ਼ਹਿਰਾਂ ਦੇ ਨਾਲ-ਨਾਲ ਨੇਪਾਲ, ਥਾਈਲੈਂਡ, ਸਿੰਗਾਪੁਰ, ਮਲੇਸ਼ੀਆ, ਇੰਗਲੈਂਡ ਅਤੇ ਅਮਰੀਕਾ ਵਿਖੇ ਸੰਪੰਨ ਹੋਏ ਵੱਖ-ਵੱਖ ਜਿਓਤਿਸ਼ ਸੰਮੇਲਨਾਂ ਦੇ ਦੌਰਾਨ 32 ਵਾਰ ਗੋਲਡ ਮੈਡਲ ਅਤੇ 250 ਦੇ ਕਰੀਬ ਹੋਰਨਾਂ ਅਵਾਰਡਾਂ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ।


*ਜਾਰਜੀਆ ਚੋਣਾਂ ’ਚ ਦਖ਼ਲ-ਅੰਦਾਜ਼ੀ ਮਾਮਲਾ*

# ਟਰੰਪ ਦੀ ਜ਼ਮਾਨਤ ਕਰਾਉਣ ਵਾਲਾ ਵੀ ਦੋਸ਼ੀ ਕਰਾਰ



ਅਟਲਾਂਟਾ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ 17 ਹੋਰਨਾਂ ’ਤੇ ਜਾਰਜੀਆ ਚੋਣ ਦਖ਼ਲ ਮਾਮਲੇ ’ਚ ਸ਼ੁੱਕਰਵਾਰ ਨੂੰ ਜ਼ਮਾਨਤ ਕਰਾਉਣ ਵਾਲੇ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਸਤਗਾਸਾ ਪੱਖ ਵੱਲੋਂ ਕਿਸੇ ਜ਼ਮਾਨਤ ਕਰਾਉਣ ਵਾਲੇ ’ਤੇ ਮੁਕੱਦਮਾ ਚਲਾਏ ਜਾਣ ਦਾ ਇਹ ਪਹਿਲਾ ਮਾਮਲਾ ਹੈ। ਮੁਕੱਦਮੇ ਦੇ ਹਿੱਸੇ ਵਜੋਂ ਸਕਾਟ ਗ੍ਰਾਹਮ ਹਾਲ ਨੂੰ 5 ਸਾਲ ਦੀ ਪ੍ਰੋਬੇਸ਼ਨ ਦੀ ਸੇਵਾ ’ਚ ਰਹਿਣਾ ਪਵੇਗਾ ਅਤੇ ਨਾਲ ਹੀ ਅਦਾਲਤ ਨੇ ਉਸ ਨੂੰ ਕਾਰਵਾਈ ਦੌਰਾਨ ਸਬੂਤ ਪੇਸ਼ ਕਰਨ ਦੀ ਇਜਾਜ਼ਤ ਦਿੱਤੀ। ਅਦਾਲਤ ਨੇ ਉਸ ਨੂੰ ਜਾਰਜੀਆ ਦੇ ਲੋਕਾਂ ਤੋਂ ਮੁਆਫ਼ੀ ਮੰਗਣ ਲਈ ਪੱਤਰ ਲਿਖਣ ਦਾ ਹੁਕਮ ਵੀ ਦਿੱਤਾ ਅਤੇ ਉਸ ਦੀ ਚੋਣ ਸਰਗਰਮੀਆਂ ਵਿਚ ਹਿੱਸਾ ਲੈਣ ’ਤੇ ਪਾਬੰਦੀ ਲਗਾ ਦਿੱਤੀ। ਹਾਲ (59), ਨੂੰ ਚੋਣ ਡਿਊਟੀਆਂ ਦੇ ਸੰਚਾਲਨ ਵਿਚ ਜਾਣਬੁੱਝ ਕੇ ਦਖ਼ਲ ਦੇਣ ਦੀ ਸਾਜ਼ਿਸ਼ ਦੇ ਪੰਜ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਗਿਆ। ਪ੍ਰੌਸੀਕਿਊਟਰਾਂ ਨੇ ਪਹਿਲਾਂ ਹਾਲ ’ਤੇ ਕੌਫੀ ਕਾਉਂਟੀ ਵਿਚ ਚੋਣ ਧੋਖਾਧੜੀ ਅਤੇ ਚੋਣ ਨਿਯਮਾਂ ਦੀ ਉਲੰਘਣਾ ਕਰਨ ਦੀ ਸਾਜ਼ਿਸ਼ ਦੇ ਛੇ ਦੋਸ਼ ਲਗਾਏ ਸਨ। ਹਾਲ ਦੇ ਅਟਾਰਨੀ, ਜੈਫ ਵੇਨਰ, ਜੋ ਸ਼ੁੱਕਰਵਾਰ ਨੂੰ ਅਦਾਲਤ ਵਿਚ ਸਨ, ਨੇ ਤੁਰੰਤ ਇਸ ਗੱਲ ’ਤੇ ਟਿੱਪਣੀ ਨਹੀਂ ਕੀਤੀ ਕਿ ਉਸਦਾ ਮੁਵੱਕਿਲ ਮੁਕੱਦਮਾ ਚਲਾਉਣ ਲਈ ਕਿਉਂ ਸਹਿਮਤ ਹੋਇਆ। 98 ਪੰਨਿਆਂ ਦੇ ਮੁਕੱਦਮੇ ਵਿਚ ਹਾਲ ਨੂੰ ਟਰੰਪ ਦੇ ਸਲਾਹਕਾਰ ਡੇਵਿਡ ਬੋਸੀ ਦਾ ਲੰਬੇ ਸਮੇਂ ਤੋਂ ਸਹਿਯੋਗੀ ਦੱਸਿਆ ਗਿਆ ਹੈ।

# ਅਮਰੀਕਾ ਨੇ ਨਿੱਝਰ ਕਤਲਕਾਂਡ ’ਚ ਭਾਰਤ ਨੂੰ ਕੀਤੀ ਸਹਿਯੋਗ ਦੀ ਅਪੀਲ



ਨਿਊਯਾਰਕ : ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਵਿਚਾਲੇ ਰਿਸ਼ਤੇ ਤਣਾਅਪੂਰਨ ਬਣੇ ਹੋਏ ਹਨ। ਉੱਥੇ ਅਮਰੀਕਾ ਨੇ ਨਿੱਝਰ ਕਤਲਕਾਂਡ ਦੀ ਜਾਂਚ ਨੂੰ ਲੈ ਕੇ ਇਕ ਵਾਰ ਫਿਰ ਆਪਣਾ ਸਟੈਂਡ ਦੁਹਰਾਇਆ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਕਿਹਾ ਕਿ ਬਾਈਡੇਨ ਪ੍ਰਸ਼ਾਸਨ ਨੇ ਕਈ ਮੌਕਿਆਂ ’ਤੇ ਭਾਰਤ ਸਰਕਾਰ ਨੂੰ ਨਿੱਝਰ ਦੇ ਕਤਲ ਦੀ ਜਾਂਚ ’ਚ ਕੈਨੇਡਾ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।

ਵਿਦੇਸ਼ ਵਿਭਾਗ ਦੇ ਬੁਲਾਰੇ ਮਿਲਰ ਨੇ ਇੱਕ ਪ੍ਰੈਸ ਬ੍ਰੀਫਿੰਗ ਵਿੱਚ ਕਿਹਾ ਕਿ ਅਸੀਂ ਇਸ ਮਾਮਲੇ ’ਤੇ ਕੈਨੇਡਾ ਦੇ ਸਹਿਯੋਗੀਆਂ ਨਾਲ ਨਜ਼ਦੀਕੀ ਸੰਪਰਕ ਅਤੇ ਤਾਲਮੇਲ ਬਣਾ ਰਹੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਕੈਨੇਡਾ ਵੱਲੋਂ ਚੱਲ ਰਹੀ ਜਾਂਚ ਵਿੱਚ ਸਹਿਯੋਗ ਕਰਨ ਲਈ ਕਈ ਮੌਕਿਆਂ ’ਤੇ ਭਾਰਤ ਸਰਕਾਰ ਨਾਲ ਗੱਲ ਕੀਤੀ ਹੈ। ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਪਿਛਲੇ ਸ਼ੁੱਕਰਵਾਰ ਨੂੰ ਆਪਣੇ ਭਾਰਤੀ ਹਮਰੁਤਬਾ ਐਸ ਜੈਸ਼ੰਕਰ ਨਾਲ ਮੁਲਾਕਾਤ ਦੌਰਾਨ ਇਸ ਮੁੱਦੇ ’ਤੇ ਚਰਚਾ ਕੀਤੀ ਸੀ। ਇਸ ਸਵਾਲ ਦੇ ਜਵਾਬ ਵਿੱਚ ਕੀ ਭਾਰਤ ਨੇ ਕੈਨੇਡਾ ਨੂੰ ਜਾਂਚ ਵਿੱਚ ਸਹਿਯੋਗ ਕਰਨ ਲਈ ਸਹਿਮਤੀ ਦਿੱਤੀ ਹੈ, ਮਿਲਰ ਨੇ ਕਿਹਾ ਕਿ ਇਸ ਦਾ ਜਵਾਬ ਭਾਰਤ ਸਰਕਾਰ ਨੇ ਦੇਣਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਸਰਕਾਰ ਨੂੰ ਆਪਣਾ ਪੱਖ ਪੇਸ਼ ਕਰਨ ਦਾ ਅਧਿਕਾਰ ਹੈ। ਸਾਡੀ ਸਰਕਾਰ ਵੀ ਇਸ ’ਤੇ ਆਪਣੀ ਜ਼ਿੰਮੇਵਾਰੀ ਨਿਭਾਏਗੀ। ਅਸੀਂ ਇੱਕ ਵਾਰ ਫਿਰ ਜਾਂਚ ਵਿੱਚ ਸਹਿਯੋਗ ਲਈ ਆਪਣੀ ਅਪੀਲ ਨੂੰ ਦੁਹਰਾਉਂਦੇ ਹਾਂ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹ ਰਿਹਾ ਨਵਾਂ ਦਫ਼ਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।



**209-481-7750**

**510-472-0608**


**PH. : 209-624-3919**

ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਡਾਕਟਰ ਸਵਾਮੀਨਾਥਨ ਦਾ ਪੰਜਾਬ ਨਾਲ ਬਹੁਤ ਲਗਾਅ ਅਤੇ ਸਾਂਝ ਸੀ



ਭਾਰਤ 'ਚ ਹਰੀ ਕ੍ਰਾਂਤੀ ਦੇ ਪਿਤਾਮਾ ਡਾ. ਐੱਮਐੱਸ ਸਵਾਮੀਨਾਥਨ ਨਹੀਂ ਰਹੇ। ਉਨ੍ਹਾਂ ਨੂੰ ਭਾਰਤੀ ਇਤਿਹਾਸ ਵਿਚ ਹਮੇਸ਼ਾ ਯਾਦ ਰੱਖਿਆ ਜਾਵੇਗਾ ਕਿਉਂਕਿ ਉਨ੍ਹਾਂ ਨੇ ਬਹੁਤ ਹੀ ਨਾਜ਼ੁਕ ਸਮੇਂ ਵਿਚ ਭਾਰਤ ਨੂੰ ਖੇਤੀ ਉਤਪਾਦਨ ਦੇ ਮਾਮਲੇ 'ਚ ਆਤਮ-ਨਿਰਭਰ ਬਣਾਇਆ ਅਤੇ ਕਰੋੜਾਂ ਭੁੱਖੇ ਲੋਕਾਂ ਲਈ ਅੰਨ ਦਾ ਬੰਦੋਬਸਤ ਕੀਤਾ। ਭਾਰਤ ਵਿਚ ਕਿਸਾਨਾਂ ਦੀ ਪਛਾਣ ਅਤੇ ਜ਼ਮੀਨ ਦੀ ਸਿਹਤ ਦਾ ਖਿਆਲ ਰੱਖਣ ਵਾਲੇ ਉਮੀਦਾਂ ਨਾਲ ਭਰੇ ਡਾ. ਸਵਾਮੀਨਾਥਨ ਮਨੁੱਖਤਾ ਦੇ ਸਰੋਕਾਰਾਂ ਨਾਲ ਜੁੜੇ ਇਕ ਬਹੁਤ ਹੀ ਸੰਵੇਦਨਸ਼ੀਲ ਅਤੇ ਕੁਸ਼ਲ ਖੇਤੀ-ਵਿਗਿਆਨੀ ਸਨ।

ਸਵਾਮੀਨਾਥਨ ਦੁਨੀਆ ਦੇ ਉਨ੍ਹਾਂ ਕੁਝ ਚੋਣਵੇਂ ਵਿਗਿਆਨੀਆਂ ਵਿੱਚੋਂ ਸਨ ਜਿਨ੍ਹਾਂ ਨੇ ਹਰੀ ਕ੍ਰਾਂਤੀ ਦੇ ਮੋਢੀ ਵਜੋਂ ਵਿਸ਼ਵ ਵਿਗਿਆਨ ਖੋਜ ਵਿਚ ਹਿੱਸਾ ਲਿਆ ਤੇ ਦੁਨੀਆ ਨੂੰ ਬਦਲ ਦਿੱਤਾ। ਸਵਾਮੀਨਾਥਨ ਦਾ ਜਨਮ 7 ਅਗਸਤ 1925 ਨੂੰ ਕੁੰਬਕੋਨਮ, ਤਾਮਿਲਨਾਡੂ ਵਿਖੇ ਹੋਇਆ ਸੀ। ਉਨ੍ਹਾਂ ਦਾ ਪੂਰਾ ਨਾਂ ਮਾਨਕੋਂਬੋ ਸੰਬਾਸੀਵਿਨ ਸਵਾਮੀਨਾਥਨ ਸੀ।

ਉਨ੍ਹਾਂ ਨੇ ਕੋਇੰਬਟੂਰ ਵਿਚ ਨਵੀਂ ਤਕਨੀਕ ਦਾ ਪ੍ਰਯੋਗ ਕੀਤਾ, ਹੁਣ ਇਹ ਤਾਮਿਲਨਾਡੂ ਐਗਰੀਕਲਚਰਲ ਯੂਨੀਵਰਸਿਟੀ ਹੈ ਤੇ ਕਣਕ ਅਤੇ ਚੌਲਾਂ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਨਵੀਆਂ ਪੈੜਾਂ ਪਾ ਰਹੀ ਹੈ। ਭਾਰਤ ਵਿਚ ਸਵਾਮੀਨਾਥਨ ਨੂੰ ਭੁੱਖਿਆਂ ਦਾ ਭਗਵਾਨ ਵੀ ਕਿਹਾ ਜਾਂਦਾ ਹੈ। ਨੌਰਮਨ ਬੋਰਲੌਗ ਵਰਗੇ ਵਿਗਿਆਨੀਆਂ ਦੇ ਨਾਲ ਉਨ੍ਹਾਂ ਨੇ ਕਣਕ ਦੀ ਇਕ ਉੱਚ ਉਪਜ ਦੇਣ ਵਾਲੀ ਕਿਸਮ ਵਿਕਸਤ ਕੀਤੀ ਸੀ ਜੋ ਦੁਨੀਆ ਵਿਚ ਆਪਣੀ ਮਿਸਾਲ ਆਪ ਹੈ। ਸੰਨ 1960 ਦੇ ਦਹਾਕੇ ਤੋਂ, ਜਦੋਂ ਭਾਰਤ ਦੇ ਵਿਨਾਸ਼ ਦਾ ਖ਼ਤਰਾ ਸੀ, ਡਾ. ਸਵਾਮੀਨਾਥਨ ਨੇ ਇਸ ਨੂੰ ਰੋਕ ਦਿੱਤਾ ਸੀ। ਅਸਲ ਵਿਚ ਉਹ ਭਾਰਤ ਦੇ ਪਹਿਲੇ ਪੌਦ ਜੈਨੇਟਿਕਸਿਸਟ ਸਨ। ਸੰਨ 1966 ਵਿਚ ਪੰਜਾਬ ਦੀ ਘਰੇਲੂ ਕਿਸਮ ਦੇ ਨਾਲ ਮੈਕਸੀਕਨ ਬੀਜਾਂ ਨੂੰ ਹਾਈਬ੍ਰਿਡ ਕਰ ਕੇ ਉੱਚ ਗੁਣਵੱਤਾ ਵਾਲੇ ਕਣਕ ਦੇ ਬੀਜ ਵਿਕਸਤ ਕਰਨ ਵਿਚ ਉਨ੍ਹਾਂ ਦਾ ਵੱਡਾ ਯੋਗਦਾਨ ਸੀ। ਅੱਜ ਤੁਸੀਂ ਪੰਜਾਬ ਵਿਚ ਕਣਕ ਅਤੇ ਝੋਨੇ ਦੀ ਬੰਪਰ ਫ਼ਸਲ ਦੇਖ ਰਹੇ ਹੋ ਅਤੇ ਇਹ ਡਾ. ਸਵਾਮੀਨਾਥਨ ਹੀ ਸਨ ਜਿਨ੍ਹਾਂ ਨੇ ਇਨ੍ਹਾਂ ਦੀਆਂ ਇਹ ਕਿਸਮਾਂ ਵਿਕਸਤ ਕੀਤੀਆਂ ਸਨ। ਇਸ ਕਾਰਨ ਉਨ੍ਹਾਂ ਨੂੰ 1987 'ਚ ਵਰਲਡ ਫੂਡ ਪ੍ਰਾਈਸ ਫਾਊਂਡੇਸ਼ਨ ਐਵਾਰਡ ਦਿੱਤਾ ਗਿਆ। ਅਸਲ 'ਚ ਉਸ ਦੀ ਖੋਜ ਕਾਰਨ, ਭਾਰਤ ਵਿਚ ਕਣਕ ਦਾ ਉਤਪਾਦਨ ਕਈ ਗੁਣਾ ਵਧਿਆ ਤੇ ਇਹ ਭਾਰਤ ਦੀ ਹਰੀ ਕ੍ਰਾਂਤੀ ਦੀ ਸ਼ੁਰੂਆਤ ਸੀ। ਸਵਾਮੀਨਾਥਨ ਦਾ ਪੰਜਾਬ ਨਾਲ ਬਹੁਤ ਲਗਾਅ ਤੇ ਸਾਂਝ ਸੀ। ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਵਿਗਿਆਨੀਆਂ ਦੇ ਕਾਇਲ ਸਨ ਅਤੇ ਉਨ੍ਹਾਂ ਨਾਲ ਕੰਮ ਕਰਨ ਵਿਚ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਨ੍ਹਾਂ ਦਾ ਮੰਨਣਾ ਸੀ ਕਿ ਖੇਤੀਬਾੜੀ ਵਿਗਿਆਨ ਹਮੇਸ਼ਾ ਗ਼ਰੀਬਾਂ ਨੂੰ ਭੋਜਨ ਦੇਣ ਅਤੇ ਸਸਤੇ ਅਨਾਜ ਮੁਹੱਈਆ ਕਰਵਾਉਣ ਲਈ ਹੁੰਦਾ ਹੈ।

ਜਦੋਂ ਭਾਰਤੀ ਖੇਤੀ ਲਈ ਸਵਾਮੀਨਾਥਨ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਅਤੇ ਫਿਰ ਜਦੋਂ ਉਨ੍ਹਾਂ ਨੇ ਦੇਸ਼ ਨੂੰ ਐੱਮਐੱਸਪੀ ਦਾ ਫਾਰਮੂਲਾ ਦਿੱਤਾ ਤਾਂ ਇਹ ਸ਼ਾਨਦਾਰ ਸੀ ਪਰ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਲਾਗੂ ਨਹੀਂ ਕੀਤਾ ਜਿਸ ਦਾ ਮਾੜਾ ਨਤੀਜਾ ਤੁਸੀਂ ਪਿਛਲੇ ਸਾਲਾਂ ਅਤੇ ਅੱਜ ਦੇ ਦਿਨਾਂ ਵਿਚ ਦੇਖ ਸਕਦੇ ਹੋ। ਦੇਸ਼ ਭਰ ਵਿਚ ਕਿਸਾਨ ਅਸੰਤੁਸ਼ਟ ਹਨ ਅਤੇ ਕਿਸਾਨ ਇਸ ਨੂੰ ਲਾਗੂ ਕਰਵਾਉਣ ਲਈ ਅੰਦੋਲਨ ਦੇ ਰਾਹ 'ਤੇ ਅਮਾਦਾ ਹਨ। ਉਹ ਹਮੇਸ਼ਾ ਕਿਹਾ ਕਰਦੇ ਸਨ ਕਿ ਜਿੰਨਾ ਚਿਰ ਭਾਰਤੀ ਖੇਤੀ ਵਿਚ ਸੁਧਾਰ ਅਤੇ ਵਿਕਾਸ ਨਹੀਂ ਕੀਤਾ ਜਾਂਦਾ, ਭਾਰਤ ਕਦੇ ਵੀ ਵਿਕਸਤ ਦੇਸ਼ ਨਹੀਂ ਬਣ ਸਕਦਾ। ਡਾ. ਸਵਾਮੀਨਾਥਨ ਦੁਨੀਆ ਭਰ ਦੀਆਂ ਯੂਨੀਵਰਸਿਟੀਆਂ ਤੋਂ 84 ਤੋਂ ਵੱਧ ਆਨਰੇਰੀ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਸ਼ਵ ਦੇ ਪਹਿਲੇ ਖੇਤੀਬਾੜੀ ਵਿਗਿਆਨੀ ਸਨ। ਉਹ ਸੁਸਾਇਟੀ ਆਫ ਲੰਡਨ ਅਤੇ ਨੈਸ਼ਨਲ ਅਕੈਡਮੀ ਆਫ ਸਾਇੰਸਿਜ਼ ਦੇ ਵੀ ਫੈਲੋ ਸਨ। ਡਾ. ਸਵਾਮੀਨਾਥਨ 2007 ਤੋਂ 2013 ਤੱਕ ਰਾਜ ਸਭਾ ਦੇ ਮੈਂਬਰ ਵੀ ਰਹੇ ਅਤੇ ਉਨ੍ਹਾਂ ਨੂੰ ਦੇਸ਼-ਵਿਦੇਸ਼ ਵਿਚ ਕਈ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਗਿਆ ਜਿਨ੍ਹਾਂ ਵਿਚ 1967 ਵਿਚ ਪਦਮਸ੍ਰੀ, 1971 ਵਿਚ ਰੇਮਨ ਮੈਗਸੇਸੇ ਪੁਰਸਕਾਰ ਅਤੇ 1972 ਵਿਚ ਪਦਮ ਭੂਸ਼ਣ ਸ਼ਾਮਲ ਹਨ। ਉਨ੍ਹਾਂ ਨੂੰ 1987 ਵਿਚ ਪਹਿਲਾ ਵਿਸ਼ਵ ਭੋਜਨ ਪੁਰਸਕਾਰ ਮਿਲਿਆ ਤੇ 1999 ਵਿਚ ਭਾਰਤ ਸਰਕਾਰ ਦੁਆਰਾ ਪਦਮ ਵਿਭੂਸ਼ਣ ਨਾਲ ਸਨਮਾਨਤ ਕੀਤਾ ਗਿਆ। ਉਹ ਹਮੇਸ਼ਾ ਕਹਿੰਦੇ ਸਨ ਕਿ ਜੇ ਭਾਰਤ ਦੀਆਂ ਬੁਨਿਆਦੀ ਲੋੜਾਂ ਨੂੰ ਕੇਂਦਰ ਵਿੱਚ ਰੱਖਿਆ ਜਾਵੇ ਤਾਂ ਭਾਰਤੀ ਬਜਟ ਕਿਸਾਨੀ ਦੀ ਹਾਲਤ 'ਤੇ ਨਿਰਧਾਰਤ ਹੋਵੇਗਾ? ਡਾ. ਸਵਾਮੀਨਾਥਨ ਨੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਹਰੀ ਕ੍ਰਾਂਤੀ ਵਾਲੇ ਦੇਸ਼ ਲਈ ਸਾਨੂੰ ਕ੍ਰਾਂਤੀ ਦੇ ਮੂਲ ਸੰਕਲਪ ਨੂੰ ਬਦਲਣਾ ਹੋਵੇਗਾ ਤੇ ਉਨ੍ਹਾਂ ਨੇ ਅਜਿਹਾ ਕੀਤਾ। ਜਦੋਂ 2004 ਵਿਚ ਉਨ੍ਹਾਂ ਦੀ ਪ੍ਰਧਾਨਗੀ ਹੇਠ ਸਵਾਮੀਨਾਥਨ ਕਮਿਸ਼ਨ ਬਣਿਆ ਤਾਂ ਇਸ ਦਾ ਮੁੱਖ ਕੰਮ ਕਿਸਾਨਾਂ ਨੂੰ ਫ਼ਸਲਾਂ ਦੇ ਉੱਚ ਗੁਣਵੱਤਾ ਵਾਲੇ ਬੀਜਾਂ ਦੀ ਸਿਫ਼ਾਰਸ਼ ਕਰਨ ਅਤੇ ਮਹਿਲਾ ਕਿਸਾਨਾਂ ਨੂੰ ਕਰੈਡਿਟ ਕਾਰਡ ਦੇਣ ਵਰਗੇ ਨੁਕਤਿਆਂ 'ਤੇ ਸੀ ਪਰ ਭਾਰਤ ਇਸ 'ਤੇ ਸਹਿਮਤ ਨਹੀਂ ਹੋਇਆ। ਉਸ ਦੀਆਂ ਸਰਕਾਰਾਂ ਨੇ ਉਸ ਤਰ੍ਹਾਂ ਕੰਮ ਨਹੀਂ ਕੀਤਾ ਜਿਸ ਤਰ੍ਹਾਂ ਕਰਨਾ ਚਾਹੀਦਾ ਸੀ ਅਤੇ ਉਨ੍ਹਾਂ ਨੂੰ ਆਪਣੇ ਅੰਤਲੇ ਦਿਨਾਂ ਤੱਕ ਇਸ ਦਾ ਪਛਤਾਵਾ ਹੁੰਦਾ ਰਿਹਾ। ਉਨ੍ਹਾਂ ਦਾ ਮੰਨਣਾ ਸੀ ਕਿ ਨਵੇਂ ਭਾਰਤ ਲਈ ਖੇਤੀ ਦਾ ਚੱਕਰ ਬਦਲਣਾ ਹੋਵੇਗਾ ਅਤੇ ਇਸ ਲਈ ਸਰਕਾਰ ਨੂੰ ਆਪਣੀ ਨੀਤੀ ਬਦਲਣੀ ਪਵੇਗੀ। ਜੇਕਰ ਭਾਰਤ ਸਰਕਾਰ ਉਨ੍ਹਾਂ ਵੱਲੋਂ ਕੀਤੀਆਂ ਖੋਜਾਂ ਤੇ ਸਿਫ਼ਾਰਸ਼ਾਂ ਨੂੰ ਅਮਲ ਵਿਚ ਲਿਆਉਂਦੀ ਹੈ ਤਾਂ ਭਾਰਤ ਇਕ ਵਾਰ ਫਿਰ ਵਿਸ਼ਵ ਪੱਧਰ 'ਤੇ ਅਨਾਜ ਦੇਣ ਵਾਲਾ ਦੇਸ਼ ਬਣ ਸਕਦਾ ਹੈ।

-ਕ੍ਰਿਸ਼ਨ ਕੁਮਾਰ ਰੱਤੂ

# ਵੀਹਵੀਂ ਸਦੀ ਦੇ ਨਿਸ਼ਕਾਮ ਸੇਵਕ ਭਗਤ ਪੂਰਨ ਸਿੰਘ

**ਡਾ. ਵੰਦਨਾ**



ਵੀਹਵੀਂ ਸਦੀ ਵਿੱਚ ਮਨੁੱਖਤਾ ਦੀ ਭਲਾਈ ਨਾਲ ਜੁੜੇ ਸੇਵਾ ਭਾਵਨਾ ਦੇ ਪੁੰਜ ਭਗਤ ਪੂਰਨ ਸਿੰਘ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਪੰਜਾਬ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਭਗਤ ਪੂਰਨ ਸਿੰਘ ਨੂੰ ਮਾਨਵਤਾ ਦਾ ਸੱਚਾ ਸੇਵਕ, ਦਇਆਵਾਨ, ਪਿੰਗਲਵਾੜੇ ਦਾ ਬਾਨੀ, ਦੈਵੀ ਦਰਵੇਸ਼, ਨਿਸ਼ਕਾਮ ਸੇਵਾ ਭਾਵਨਾ ਦੇ ਪੁੰਜ, ਯੁੱਗ ਪੁਰਸ਼, ਰੂਹਾਨੀ ਪ੍ਰਤਿਭਾ ਦੇ ਮਾਲਕ, ਮਹਾਂਦਾਨੀ, ਕਰਮਯੋਗੀ, ਮਹਾਤਮਾ ਦੇ ਰੂਪ, ਮਾਨਵਤਾ ਦਾ ਮਸੀਹਾ ਹੋਰ ਅਨੇਕਾਂ ਵਿਸ਼ੇਸ਼ਣਾਂ ਨਾਲ ਜਾਣਿਆ ਜਾਂਦਾ ਹੈ।

ਦੀਨ-ਦੁਖੀਆਂ ਦੇ ਸੇਵਕ, ਬੇਆਸਰਿਆਂ ਨੂੰ ਆਸਰਾ ਦੇਣ ਵਾਲੇ ਇਸ ਸ਼ਖ਼ਸ ਦਾ ਜਨਮ 4 ਜੂਨ 1904 ਨੂੰ ਪਿੰਡ ਰਾਜੇਵਾਲ ਰੋਹਣੋਂ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸਿੱਬੂ ਮੱਲ ਸ਼ਾਹੂਕਾਰ ਅਤੇ ਮਾਤਾ ਮਹਿਤਾਬ ਕੌਰ ਦੇ ਘਰ ਹੋਇਆ। ਭਗਤ ਪੂਰਨ ਸਿੰਘ ਦਾ ਬਚਪਨ ਦਾ ਨਾਂ ਰਾਮਜੀਦਾਸ ਸੀ। ਪਿਤਾ ਸਿੱਬੂ ਮੱਲ ਅਮੀਰ ਖੱਤਰੀ ਸ਼ਾਹੂਕਾਰ ਸੀ ਅਤੇ ਮਾਤਾ ਮਹਿਤਾਬ ਕੌਰ ਸਿੱਖ ਪਰਿਵਾਰ ਨਾਲ ਸੰਬੰਧ ਰੱਖਦੀ ਸੀ ਜਿਹੜੀ ਧਾਰਮਿਕ ਖ਼ ?ਿਆਲਾਂ ਅਤੇ ਸੂਖ਼ਮ ਬਿਰਤੀ ਦੀ ਮਾਲਕ ਸੀ। ਬਚਪਨ ਵਿੱਚ ਹੀ ਰਾਮਜੀਦਾਸ ਦੇ ਮਨ ਵਿੱਚ ਪੜ੍ਹਨ ਲਿਖਣ ਦੀ ਚੇਟਕ ਸੀ। ਉਨ੍ਹਾਂ ਦੇ ਮਨ ਵਿੱਚ ਪਰਉਪਕਾਰ ਦੀ ਭਾਵਨਾ ਆਪਣੀ ਮਾਂ ਵੱਲੋਂ ਮਿਲੇ ਸੰਸਕਾਰਾਂ ਦੀ ਦੇਣ ਨਾਲ ਪੈਦਾ ਹੋਈ।

1913 ਵਿੱਚ ਪਏ ਕਾਲ ਨਾਲ ਉਸ ਦੇ ਪਿਤਾ ਦਾ ਕਾਰੋਬਾਰ ਤਬਾਹ ਹੋ ਗਿਆ ਜਿਸ ਕਾਰਨ ਮਾਤਾ ਮਹਿਤਾਬ ਕੌਰ ਅਤੇ ਰਾਮਜੀਦਾਸ ਨੂੰ ਆਰਥਿਕ ਤੰਗੀਆਂ-ਤੁਰਸ਼ੀਆਂ ਵਿੱਚ ਜੀਵਨ ਬਤੀਤ ਕਰਨਾ ਪਿਆ। ਪਿਤਾ ਦੀ ਮੌਤ ਤੋਂ ਬਾਅਦ ਮਾਤਾ ਉਪਰ ਸਾਰੀ ਪਰਿਵਾਰਕ ਜ਼ਿੰਮੇਵਾਰੀ ਪੈ ਗਈ। ਮਾਤਾ ਨੇ ਗ਼ਰੀਬੀ ਕੱਟਣ ਅਤੇ ਰਾਮਜੀਦਾਸ ਦੀ ਪੜ੍ਹਾਈ ਜਾਰੀ ਰੱਖਣ ਲਈ ਕਈ ਥਾਈਂ ਨੌਕਰੀ ਕੀਤੀ। ਪੜ੍ਹਾਈ ਵਿਚਾਲੇ ਛੱਡ ਕੇ ਰਾਮਜੀਦਾਸ ਨੇ ਲਾਹੌਰ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਬਿਨਾ ਤਨਖ਼ਾਹ ਤੋਂ ਸੇਵਾ ਭਾਵਨਾ ਨਾਲ ਜ਼ਿੰਦਗੀ ਜਿਊਣੀ ਸ਼ੁਰੂ ਕਰ ਦਿੱਤੀ।

ਆਰਥਿਕ ਤੰਗੀਆਂ ਤੁਰਸ਼ੀਆਂ ਵਿੱਚ ਜ਼ਿੰਦਗੀ ਬਤੀਤ ਕਰਦੇ ਉਨ੍ਹਾਂ ਦੇ ਮਨ ਨੇ ਪਰਉਪਕਾਰ ਦੀ ਭਾਵਨਾ ਦੇ ਸੁਪਨਿਆਂ ਨੂੰ ਆਪਣੀ ਮੰਜ਼ਿਲ ਸਮਝਿਆ। ਪੜ੍ਹਨ ਦਾ ਸ਼ੌਕ ਹੋਣ ਕਰਕੇ ਉਨ੍ਹਾਂ ਨੇ ਲਾਹੌਰ ਵਿੱਚ ਦਿਆਲ ਸਿੰਘ ਲਾਇਬ੍ਰੇਰੀ ਵਿੱਚੋਂ 'ਯੰਗ ਇੰਡੀਆ' ਰਸਾਲੇ ਵਿੱਚੋਂ ਬੇਕਾਰੀ ਨੂੰ ਦੂਰ ਕਰਨ ਦੇ ਗੁਰ ਸਿੱਖੇ। 1934 ਵਿੱਚ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਚਾਰ ਕੁ ਸਾਲਾਂ ਦੇ ਅਪੰਗ ਬੱਚੇ ਨੂੰ ਮਾਪੇ ਡਿਉਢੀ ਅੱਗੇ ਰੱਖ ਗਏ ਅਤੇ ਸੇਵਾਦਾਰਾਂ ਨੇ ਦਇਆ ਦੀ ਭਾਵਨਾ ਨਾਲ ਇਹ ਬੱਚਾ ਰਾਮਜੀਦਾਸ ਨੂੰ ਸੌਂਪ ਦਿੱਤਾ। ਉਸ ਅਪੰਗ ਬੱਚੇ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਰਾਮਜੀਦਾਸ ਨੇ ਸੰਭਾਲ ਲਈ। ਉਸ ਦੀ ਸੇਵਾ ਕਰਨ ਨਾਲ ਰਾਮਜੀਦਾਸ ਭਗਤ ਪੂਰਨ ਸਿੰਘ ਦੇ ਰੂਪ ਵਿੱਚ ਨਿਖਰ ਕੇ ਸਾਹਮਣੇ ਆਏ। ਭਗਤ ਪੂਰਨ ਸਿੰਘ ਦੀ ਜ਼ਿੰਦਗੀ ਵਿੱਚ ਇੱਕ ਨਵਾਂ ਅਧਿਆਇ ਜੁੜ ਗਿਆ ਜਿਹੜਾ ਬੇਸਹਾਰਿਆਂ ਦੀ ਸੇਵਾ ਵਾਲਾ ਪਰਉਪਕਾਰੀ ਭਾਵਨਾ ਵਾਲਾ ਰੂਪ ਹੋ ਨਿੱਬੜਿਆ। 1947 ਵਿੱਚ ਦੇਸ਼ ਆਜ਼ਾਦ ਹੋਣ ਸਮੇਂ ਭਗਤ ਪੂਰਨ ਸਿੰਘ ਲਾਹੌਰ ਤੋਂ ਉਸ ਅਪੰਗ ਬੱਚੇ ਨੂੰ ਚੁੱਕ ਕੇ ਖਾਲਸਾ ਕਾਲਜ, ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਪਹੁੰਚੇ। ਕੈਂਪ ਵਿੱਚ ਅਨੇਕਾਂ ਬੇਸਹਾਰਾ ਲੋਕ, ਔਰਤਾਂ, ਬੱਚੇ ਆਦਿ ਸਨ ਜਿਹੜੇ ਉੱਜੜਨ ਕਾਰਨ ਬੇਘਰ ਹੋ ਚੁੱਕੇ ਸਨ। ਦੇਸ਼ ਦੀ ਵੰਡ ਸਮੇਂ ਇੰਨੀ ਮਨੁੱਖਤਾ ਦਾ ਲਹੂ-ਲੁਹਾਣ ਅਤੇ ਘਾਣ ਹੁੰਦਾ ਦੇਖ ਕੇ ਭਗਤ ਜੀ ਦਾ ਦਿਲ ਕੁਰਲਾ ਉੱਠਿਆ। ਮਾਨਵਤਾ ਦੀ ਭਲਾਈ ਲਈ ਪਰਉਪਕਾਰੀ ਭਾਵਨਾ ਨਾਲ ਲਾਚਾਰ ਅਤੇ ਲਾਵਾਰਸ ਰੋਗੀਆਂ ਦੀ ਸਾਂਭ-ਸੰਭਾਲ ਅਤੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਭਗਤ ਪੂਰਨ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਅਗਵਾਈ ਲੈ ਕੇ ਬੇਸਹਾਰਾ, ਲਾਵਾਰਸ, ਲੂਲ੍ਹੇ-ਲੰਗੜੇ, ਗੂੰਗੇ-ਬੋਲ ? ?ਆਂ ਅਤੇ ਹੋਰ ਅਪੰਗ ਵਿਅਕਤੀਆਂ ਨੂੰ ਪਰਮਾਤਮਾ ਦਾ ਰੂਪ ਮੰਨ ਕੇ ਤਨੋ-ਮਨੋ ਦਨਿ ਰਾਤ ਉਨ੍ਹਾਂ ਦੀ ਸੇਵਾ ਕੀਤੀ। 1958 ਵਿੱਚ ਭਗਤ ਪੂਰਨ ਸਿੰਘ ਨੇ ਅੰਮ੍ਰਿਤਸਰ ਵਿਖੇ ਪਿੰਗਲਵਾੜਾ ਨਾਂ ਦੀ ਸੰਸਥਾ ਦੀ ਨੀਂਹ ਰੱਖੀ। ਬੇਸਹਾਰਿਆਂ ਦੀ ਸੇਵਾ ਕਰਨ ਦਾ ਬੀਜ ਪਿੰਗਲਵਾੜੇ ਦੀ ਹੋਂਦ ਨਾਲ ਬੱਝਿਆ।

ਭਗਤ ਪੂਰਨ ਸਿੰਘ ਸਿਰਫ਼ ਸਮਾਜ ਸੇਵੀ ਹੀ ਨਹੀਂ ਸਨ ਸਗੋਂ ਵਾਤਾਵਰਨ ਪ੍ਰੇਮੀ ਅਤੇ ਸਾਹਿਤ ਰਸੀਏ ਵੀ ਸਨ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਏ ਫਲਸਫ਼ੇ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਦੀ ਮਹੱਤਤਾ ਬਾਰੇ ਸਮੁੱਚੀ ਲੋਕਾਈ ਨੂੰ ਜਾਣੂੰ ਕਰਵਾਉਂਦਿਆਂ ਵਾਤਾਵਰਨ ਦੀ ਸ਼ੁੱਧਤਾ ਲਈ ਵਧੇਰੇ ਰੁੱਖ ਉਗਾਉਣ, ਪਾਣੀ ਦੀ ਵਰਤੋਂ ਸੰਜਮ ਨਾਲ ਕਰਨ, ਧਰਤੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਦਾ ਬੀੜਾ ਵੀ ਚੁੱਕਿਆ। ਭਗਤ ਪੂਰਨ ਸਿੰਘ ਪ੍ਰਦੂਸ਼ਣ, ਜਲ ਸਰੋਤਾਂ ਦੀ ਅੰਨ੍ਹੇਵਾਹ ਵਰਤੋਂ, ਜੰਗਲਾਂ ਦੀ ਕਟਾਈ ਤੋਂ ਪੈਦਾ ਹੋਣ ਵਾਲੇ ਖ਼ਤਰੇ ਤੋਂ ਸੁਚੇਤ ਸਨ। ਇਸ ਕਾਰਨ ਉਨ੍ਹਾਂ ਨੇ ਅਨੇਕਾਂ ਕਿਤਾਬਾਂ, ਟ ?ੈਕਟ, ਫੋਲਡਰ ਆਦਿ ਛਪਵਾ ਕੇ ਲੋਕਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕੀਤਾ। ਵਾਤਾਵਰਨ ਦੀ ਸ਼ੁੱਧਤਾ ਲਈ ਪਿੱਪਲ, ਬੋਹੜ ਅਤੇ ਨਿੰਮ ਤ੍ਰਿਵੈਣੀਆਂ ਲਗਾ ਕੇ ਰੁੱਖਾਂ ਦੀ ਸੰਭਾਲ ਕਰਨ ਦੇ ਯਤਨ ਆਰੰਭੇ। ਉਨ੍ਹਾਂ ਨੇ ਸਮੁੱਚੀ ਮਨੁੱਖਤਾ ਨੂੰ ਸੇਵਾ ਭਾਵਨਾ ਦਾ ਸੰਦੇਸ਼ ਪਹੁੰਚਾਇਆ। ਭਗਤ ਪੂਰਨ ਸਿੰਘ ਅਨੇਕਾਂ ਭਾਸ਼ਾਵਾਂ ਦੇ ਗਿਆਤਾ ਸਨ। ਪੰਜਾਬੀ ਵਿੱਚ 21 ਹੱਥ ਲਿਖਤਾਂ, 23 ਅੰਗਰੇਜ਼ੀ ਦੇ ਕਿਤਾਬਚੇ, 77 ਹਿੰਦੀ ਵਿੱਚ ਟਰੈਕਟ, ਫੋਲਡਰ ਪ੍ਰਕਾਸ਼ਿਤ ਕਰਵਾਏ। ਵੱਖ-ਵੱਖ ਰਾਗਾਂ ਦੇ 58 ਗੁਰਬਾਣੀ ਦੇ ਸ਼ਬਦ ਆਦਿ ਸਾਹਿਤਕ ਖੇਤਰ ਨੂੰ ਸਮਰਪਿਤ ਕੀਤੇ।

ਉਹ ਉੱਘੇ ਸਮਾਜ ਸੇਵੀ, ਵਾਤਾਵਰਨ ਪ੍ਰੇਮੀ ਅਤੇ ਸਾਹਿਤ ਰਸੀਏ ਹੋਣ ਦੇ ਨਾਲ ਨਾਲ ਸਰਬ ਭਾਰਤੀ ਪਿੰਗਲਵਾੜਾ ਸੰਸਥਾ, ਅੰਮ੍ਰਿਤਸਰ ਦੇ ਮੋਢੀ ਵਜੋਂ ਵੀ ਜਾਣੇ ਜਾਂਦੇ ਹਨ। ਉਨ੍ਹਾਂ ਪਿੰਗਲਵਾੜੇ ਵਿੱਚ ਲਾਵਾਰਸ ਲੋਕਾਂ ਅਤੇ ਰੋਗੀਆਂ ਦੀ ਦੇਖ-ਭਾਲ ਲਈ ਅਨੇਕਾਂ ਸਿਹਤ ਕਰਮਚਾਰੀ ਤੇ ਡਾਕਟਰਾਂ ਦੀ ਟੀਮ ਹਰ ਸਮੇਂ ਮੁਹੱਈਆ ਕਰਵਾਈ। ਲੋੜਵੰਦ ਅੰਗਹੀਣਾਂ ਲਈ ਮੁਫ਼ਤ ਬਣਾਉਟੀ ਅੰਗਾਂ ਦੀ ਸੁਵਿਧਾ ਸ਼ੁਰੂ ਕਰਵਾਈ। ਗ਼ਰੀਬ ਅਤੇ ਬੇਸਹਾਰਾ ਬੱਚਿਆਂ ਲਈ ਅਨੇਕਾਂ ਵਿਦਿਅਕ ਸੰਸਥਾਵਾਂ ਦਾ ਪ੍ਰਬੰਧ ਵੀ ਕੀਤਾ। ਉਹ ਕਦੇ ਮਾਂ, ਪਿਤਾ ਅਤੇ ਕਦੇ ਵੱਡੇ ਭਰਾ ਵਾਂਗੂੰ ਮਰੀਜ਼ਾਂ ਦੀ ਸੇਵਾ ਕਰਨ ਲਈ ਸਮਰਪਿਤ ਰਹੇ।

ਨੇਕੀ ਦੇ ਰਾਹ 'ਤੇ ਚੱਲਦਿਆਂ ਉਨ੍ਹਾਂ ਨੇ ਸਮੁੱਚੀ ਮਨੁੱਖਤਾ ਨੂੰ ਨੈਤਿਕ ਕਦਰਾਂ ਕੀਮਤਾਂ ਦਾ ਪਾਠ ਪੜ੍ਹਾਉਂਦੇ ਹੋਏ ਸਮਾਜਿਕ ਭਲਾਈ ਦੇ ਕੰਮ ਕੀਤੇ। ਉਨ੍ਹਾਂ ਦਾ ਪੂਰੀ ਮਨੁੱਖਤਾ ਨੂੰ ਇਹ ਸੰਦੇਸ਼ ਸੀ ਕਿ ਮਨੁੱਖ ਨੂੰ ਸਾਦਾ ਜੀਵਨ ਬਤੀਤ ਕਰਦਿਆਂ ਮਨੁੱਖਤਾ ਦਾ ਭਲਾ ਸੋਚਣਾ ਚਾਹੀਦਾ ਹੈ, ਆਉਣ ਵਾਲੀਆਂ ਪੀੜ੍ਹੀਆਂ ਲਈ ਚੰਗੇ ਤੇ ਨੇਕ ਕੰਮ ਕਰਨੇ ਚਾਹੀਦੇ ਹਨ। ਮਨੁੱਖਤਾ ਦਾ ਘਾਣ ਕਰਨ ਵਾਲੀਆਂ ਬੁਰਾਈਆਂ ਦਾ ਵਿਰੋਧ ਕਰਦਿਆਂ ਉਨ੍ਹਾਂ ਨੇ ਲੋਕਾਂ ਨੂੰ ਮਾਨਸਿਕ ਅਤੇ ਭਿਆਨਕ ਬਿਮਾਰੀਆਂ ਪ੍ਰਤੀ ਸੁਚੇਤ ਕੀਤਾ। ਉਹ ਮਨੁੱਖੀ ਲੋੜਾਂ ਨੂੰ ਸੀਮਤ ਰੱਖਣ ਅਤੇ ਸਮਾਜਿਕ ਬਰਾਬਰੀ ਦਾ ਸੰਦੇਸ਼ ਦਿੰਦੇ ਸਨ। ਰਵਾਇਤੀ ਢੰਗ ਅਤੇ ਤੌਰ ਤਰੀਕਿਆਂ ਨਾਲ ਸਾਦਾ ਜੀਵਨ ਜਿਉਣ ਦੇ ਫ਼ਾਇਦਿਆਂ ਤੋਂ ਭਲੀ-ਭਾਂਤ ਜਾਣੂੰ ਸਨ।

ਭਗਤ ਪੂਰਨ ਸਿੰਘ ਦੀ ਇਸ ਪਰਉਪਕਾਰੀ ਸੇਵਾ ਭਾਵਨਾ ਸਦਕਾ ਭਾਰਤ ਸਰਕਾਰ ਨੇ 1979 ਵਿੱਚ 'ਪਦਮ ਸ੍ਰੀ' ਨਾਲ ਸਨਮਾਨਿਤ ਕੀਤਾ। 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਸਾਕਾ ਨੀਲਾ ਤਾਰਾ ਵਿਰੁੱਧ ਰੋਸ ਪ੍ਰਗਟ ਕਰਨ ਲਈ ਉਨ੍ਹਾਂ ਨੇ ਇਹ ਸਨਮਾਨ ਵਾਪਸ ਕਰ ਦਿੱਤਾ। 1990 ਵਿੱਚ ਭਗਤ ਪੂਰਨ ਸਿੰਘ ਨੂੰ ਹਾਰਮਨੀ ਐਵਾਰਡ ਨਾਲ ਨਵਾਜ਼ਿਆ ਗਿਆ। ਇੰਨੀ ਨਿਸ਼ਕਾਮ ਸੇਵਾ ਦਾ ਬੀੜਾ ਉਠਾਉਣ ਨਾਲ ਭਗਤ ਪੂਰਨ ਸਿੰਘ ਦਾ ਜੀਵਨ ਸਮੁੱਚੇ ਪੰਜਾਬੀਆਂ ਲਈ ਯਾਦਗਾਰੀ ਹੋ ਨਬਿੜਦਾ ਹੈ। ਭਗਤ ਪੂਰਨ ਸਿੰਘ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ। ਸਾਰੀ ਜ਼ਿੰਦਗੀ ਮਨੁੱਖਤਾ ਦੇ ਲੇਖੇ ਲਗਾ ਕੇ ਨਿਸੁਆਰਥ ਅਤੇ ਪਰਉਪਕਾਰ ਦੀ ਭਾਵਨਾ ਨਾਲ ਪੰਜਾਬ ਦੇ ਇਤਿਹਾਸ ਵਿੱਚ ਸੁਨਹਿਰੀ ਪੰਨਿਆਂ 'ਤੇ ਆਪਣਾ ਨਾਮ ਲਿਖਵਾ ਗਏ। ਉਨ੍ਹਾਂ ਨੇ ਆਪਣੇ ਜੀਵਨ ਦੇ ਅੰਤਲੇ ਸਮੇਂ ਵਿੱਚ ਪਿੰਗਲਵਾੜੇ ਦੀਆਂ ਅਨੇਕਾਂ ਸ਼ਾਖਾਵਾਂ ਵੱਖ-ਵੱਖ ਇਲਾਕਿਆਂ ਵਿੱਚ ਕਾਇਮ ਕਰਵਾਈਆਂ। ਭਗਤ ਪੂਰਨ ਸਿੰਘ ਜੀ 5 ਅਗਸਤ 1992 ਨੂੰ ਭਗਤ ਪੂਰਨ ਸਿੰਘ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ। ਭਗਤ ਪੂਰਨ ਸਿੰਘ ਵੀਹਵੀਂ ਸਦੀ ਦੇ ਇੱਕ ਵਿਕੋਲਿਤਰੇ ਸੇਵਾ ਪੁੰਜ ਅਤੇ ਨਾਇਕ ਹੋ ਨਬਿੜੇ ਹਨ। ਸਿੱਖ ਗੁਰੂ ਸਾਹਿਬਾਨ ਦੇ ਦੱਸੇ ਪੂਰਨਿਆਂ 'ਤੇ ਚੱਲਦਿਆਂ ਉਹ ਸਤਿ-ਮਾਰਗ ਦੇ ਪਾਂਧੀ ਦਾ ਦਰਜਾ ਹਾਸਲ ਕਰਦੇ ਹਨ।

ਭਗਤ ਪੂਰਨ ਸਿੰਘ ਜਿਉਂਦੇ ਜੀਅ ਪਿੰਗਲਵਾੜਾ ਸੰਸਥਾ ਦੀ ਜ਼ਿੰਮੇਵਾਰੀ ਡਾ. ਇੰਦਰਜੀਤ ਕੌਰ ਨੂੰ ਸੌਂਪ ਗਏ। ਇਸ ਸੰਸਥਾ ਨੂੰ ਅੱਗੇ ਤੋਰਦਿਆਂ ਬੀਬੀ ਇੰਦਰਜੀਤ ਕੌਰ ਨੇ ਅਨੇਕਾਂ ਉਪਰਾਲੇ ਅਤੇ ਸ਼ਲਾਘਾਯੋਗ ਕਾਰਜ ਕਰ ਕੇ ਮਨੁੱਖਤਾ ਲਈ ਪਰਉਪਕਾਰ ਦੀ ਭਾਵਨਾ ਨੂੰ ਕਾਇਮ ਰੱਖਿਆ ਹੈ। ਡਾ. ਇੰਦਰਜੀਤ ਕੌਰ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰ ਰਹੇ ਹਨ। ਭਗਤ ਪੂਰਨ ਸਿੰਘ ਦੇ ਬੀਜੇ ਹੋਏ ਬੋਹੜ ਦੀ ਛਾਂ ਇੰਨੀ ਸੰਘਣੀ ਹੋ ਗਈ ਕਿ ਡਾ. ਇੰਦਰਜੀਤ ਕੌਰ ਅਤੇ ਸਮੁੱਚੇ ਪਿੰਗਲਵਾੜਾ ਟਰੱਸਟ ਆਪਣਾ ਵਿਲੱਖਣ ਯੋਗਦਾਨ ਪਾ ਰਹੇ ਹਨ।

ਸਾਡੇ ਲੋਕ SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**
**1406 Janis CT Livermore CA 94551**

**Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.**

**ALL DISPUTES SUBJECTED TO THE COUNTY OF ALAMEDA CALIFORINA.** ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-੪੪

**ਸਰੀਰਕ ਅੰਗ ਬਣਨ ਦੀ ਪ੍ਰਕ੍ਰਿਆ**

ਜੀਵਨ ਦੀ ਸੁਰੂਆਤ ਤਾਂ ਅਸਾਂ ਜਾਣ ਲਈ ਤੇ ਜਾਣ ਲਿਆ ਕਿ ਜੀਵਨ ਸ਼ੁਰੂ ਕਿਵੇਂ ਹੋਇਆ ਤੇ ਜੀਵਨ ਯਾਤਰਾ ਵੀ ਅਸਾਂ ਅੱਗੇ ਤੋਰ ਲਈ ਤੇ ਜਵਾਨੀ ਦੇ ਬੂਹੇ ਵਾੜ ਦਿੱਤਾ ਹੈ ਜੀਵਨ ਨੂੰ ਅਸਾਂ। ਜੀਵਨ ਸਰੀਰਕ ਤੌਰ 'ਤੇ ਆਦਮੀ ਅਤੇ ਔਰਤ ਦੇ ਦੋ ਕਿਰਦਾਰਾਂ ਵਿੱਚ ਵਿਚਰਣ ਲੱਗ ਪਿਆ ਹੈ ਮਤਲਬ ਇਥੋਂ ਤੱਕ ਦੀ ਸਧਾਰਨ ਜਾਣਕਾਰੀ ਬਿਮਾਰੀਆਂ ਹਾਲਾਤਾਂ ਦੀ ਜਾਣਕਾਰੀ ਅਸਾਂ ਹੁਣ ਤੱਕ ਕਰ ਲਈ ਹੈ। ਪਰ ਇਕ ਪ੍ਰਫੁਲਤ ਢਾਂਚਾ ਵਜੂਦ ਵਿੱਚ ਕਿਵੇਂ ਆਇਆ ਇਹ ਵੇਖਣਾ ਬਾਕੀ ਹੈ ਤਾਂ ਹੀ ਤਾਂ ਅਸੀਂ ਸਰੀਰ ਦੀਆਂ ਅੰਦਰੂਨੀ ਕਾਰਵਾਈਆਂ ਤੇ ਉਹਨਾਂ ਦੀਆਂ ਰੁਕਾਵਟਾਂ ਯਾਨੀ ਬਿਮਾਰੀਆਂ ਬਾਰੇ ਜਾਣ ਸਕਾਂਗੇ ਤੇ ਉਹਨਾਂ ਦਾ ਨਿਵਾਰਨ ਕਰ ਸਕਾਂਗੇ। ਇਸੇ ਲਈ ਅਸੀਂ ਫਿਰ ਤੋਂ ਪਹਿਲੇ ਇਕ ਇਕ ਸੈਲ ਦੇ ਜੁੜਨ ਦੀ ਬਣਤਰ ਤੋਂ ਸ਼ੁਰੂ ਕਰਕੇ ਅੱਗੇ ਅੱਗੇ ਇਹ ਸਰੀਰਕ ਢਾਂਚਾ ਕਿਵੇਂ ਬਣਿਆ ਉਸਦੀ ਵਿਆਖਿਆ ਕਰਨ ਵੱਲ ਤੁਰ ਰਹੇ ਹਾਂ। ਇਸੇ ਲਈ ਪਿਛਲੇ ਕੁਝ ਹਫ਼ਤਿਆਂ ਤੋਂ ਅਸੀਂ ਇਸ ਜੀਵਨ ਯਾਤਰਾ ਨੂੰ ਫਿਰ ਤੋ ਨਵੇਂ ਸਿਰੇ ਤੋਂ ਸ਼ੁਰੂ ਕਰ ਕੇ ਤੁਰ ਰਹੇ ਹਾਂ ਕਿ ਇਕ ਇਕ ਸੈਲ ਦੋਹਾਂ ਆਦਮੀ ਤੇ ਔਰਤ ਦਾ ਜੁੜਿਆ ਤੇ ਦੋਵਾਂ ਹਿੱਸਿਆਂ ਦੇ ਮਿਲਣ ਬਾਅਦ ਬਣਨ ਵਾਲਾ ਨਵਾਂ ਕਿਰਦਾਰ ਦੋ ਨਹੀਂ ਰਿਹਾ ਆਪਣੇ ਆਪ ਇਕ ਦੂਜੇ ਵਿੱਚ ਵਿੱਚ ਏਨਾ ਵਿਲੀਨ ਹੋ ਗਿਆ ਕਿ ਇਕ ਹੀ ਹੋ ਗਿਆ ਤੇ ਇਸ ਇਕ ਨੇ ਫਿਰ ਆਪਣੇ ਅੰਦਰ ਹੀ ਅੰਦਰ ਆਪਣੀ ਨਵੀਂ ਬਣਤਰ ਘੜਨੀ ਸ਼ੁਰੂ ਕੀਤੀ। ਇਕ ਇਕ ਸੈਲ ਜੁੜਦਾ ਜੁੜਦਾ ਸੈਲਾਂ ਦਾ ਸਮੂੰਹ ਬਣਿਆ ਜਿਵੇਂਕਿ ਅਸੀਂ ਪਿਛਲੇ ਲੈਕਚਰਾਂ ਵਿੱਚ ਜਾਣਿਆ ਹੈ ਤੇ ਇਸ ਸੈਲਾਂ ਦੇ ਸਮੂੰਹ ਵਿਚਲੇ ਸੈਲਾਂ ਨੇ ਆਪਣੇ ਆਪਣੇ ਜੁਮੇ ਆਏ ਜੀਵਨ ਨੂੰ ਚੱਲਦਾ ਰੱਖਣ ਲਈ ਵੱਖ-ਵੱਖ ਲੋੜੀਂਦੇ ਕੰਮਾਂ ਦੀ ਜ਼ੁੰਮੇਵਾਰੀ ਸੰਭਾਲ ਲਈ ਤੇ ਅਸਾਂ ਵੱਖ-ਵੱਖ ਕੰਮ ਕਰਨ ਵਾਲੇ ਸੈਲਾਂ ਨੂੰ ਇਹਨਾਂ ਦੀ ਕਾਰਕਰਦਗੀ ਅਤੇ ਕੰਮ ਦੇ ਲਿਹਾਜ਼ ਨਾਲ ਬਣ ਗਈ ਬਣਤਰ ਨੂੰ ਵੱਖ ਵੱਖ ਨਾ ਦੇ ਕੇ ਇਹਨਾਂ ਨੂੰ ਵੱਖ-ਵੱਖ ਟਿਸ਼ੂ ਆਖਿਆ ਸੀ। ਤਕਰੀਬਨ ਦੋ ਸੌ ਕਿਸਮ ਦੇ ਸੈਲ ਸਾਡੇ ਸਰੀਰ ਵਿੱਚ ਮੌਜੂਦ ਹਨ ਜੋ ਵੱਖ ਵੱਖ ਸੈਲਾਂ ਵਿਚ ਇਕ ਹੀ ਤਰ੍ਹਾਂ ਦਾ ਜੁਮੇ ਆਇਆ ਕੰਮ ਹਰ ਅੰਗ ਵਿੱਚ ਕਰਦੇ ਹਨ ਤੇ ਇੰਜ ਦੇ ਕਈ ਟ੍ਰਿਲੀਅਨਾਂ ਦੇ ਹਿਸਾਬ ਹੀ ਸੈਲ ਹਨ ਸਾਡੇ ਸਰੀਰ ਵਿੱਚ।

ਇਹਨਾਂ ਸੈਲਾਂ ਦੇ ਸਰੀਰ ਵਿੱਚ ਵੱਖ ਵੱਖ ਕੰਮ ਕਰਨ ਵਾਲੇ ਗਰੁਪਾਂ ਨੂੰ ਅਸਾਂ ਟਿਸ਼ੂਆਂ ਆਖਿਆ ਸੀ। ਪਿਛਲੇ ਲੈਕਚਰ ਵਿੱਚ ਉਹਨਾਂ ਹੀ ਵੱਖ ਵੱਖ ਟਿਸ਼ੂਆਂ ਦੀ ਜਾਣਕਾਰੀ ਅਸਾਂ ਕੀਤੀ ਸੀ।

ਅੱਜ ਦੇ ਲੈਕਚਰ ਵਿੱਚ ਜਾਣਾਂਗੇ ਕਿ ਜਦ ਵੱਖ-ਵੱਖ ਟਿਸ਼ੂਆਂ ਦਾ ਸਮੂੰਹ ਵੱਖ-ਵੱਖ ਕੰਮਾਂ ਲਈ ਜੁੜ ਕੇ ਸਾਂਝੇ ਤੌਰ 'ਤੇ ਇਕ ਦੂਜੇ ਨੂੰ ਸਹਿਯੋਗ ਕਰਨ ਲਗਦੇ ਹਨ ਤਾਂ ਇਸ ਨਵੀਂ ਟਿਸ਼ੂਆਂ ਦੀ ਬਣ ਗਈ ਬਣਤਰ ਨੂੰ ਅਸੀਂ ਔਰਗਨ ਯਾਨੀ ਅੰਗ ਕਹਿੰਦੇ ਹਾਂ। ਜਿਵੇਂ ਦਿਲ ਫੇਫੜੇ ਗੁਰਦੇ ਲਿਵਰ ਆਦਿ ਇਕ ਇਕ ਵੱਖ ਵੱਖ ਅੰਗ ਹਨ ਪਰ ਉਹਨਾਂ ਰਾਹੀਂ ਕੀਤਾ ਜਾਣ ਵਾਲਾ ਕੰਮ ਬੇਸ਼ੱਕ ਵੱਖ-ਵੱਖ ਹੈ ਪਰ ਹੈ ਤਾਂ ਉਹਨਾਂ ਬੇਸਕ ਸੈਲਾਂ ਦੀ ਕਾਰਕਰਦਗੀ ਕਰਕੇ ਹੀ। ਇਹ ਕਿਸੇ ਇਕ ਤਰ੍ਹਾਂ ਦੇ ਟਿਸ਼ੂਆਂ ਦਾ ਕਾਰਨਾਮਾ ਨਹੀਂ ਹੁੰਦਾ ਬਲਕਿ ਕਈ ਟਿਸ਼ੂਆਂ ਦੀ ਸਾਂਝੀ ਕਾਰਵਾਈ ਕਰਕੇ ਕਿਸੇ ਵੀ ਅੰਗ ਰਾਹੀਂ ਹੋ ਸਕਣ ਵਾਲਾ ਕੰਮ ਪੂਰਾ ਨੇਪਰੇ ਚੜ੍ਹਦਾ ਹੈ। ਮਿਸਾਲ ਦੇ ਤੌਰ 'ਤੇ ਘਰ ਦੇ ਹਰੇਕ ਜੀਅ ਦੀ ਆਪਣੀ ਆਪਣੀ ਇਕ ਨਿਸਚਿਤ ਡਿਊਟੀ ਹੁੰਦੀ ਹੈ। ਘਰ ਕੋਈ ਵੀ ਹੋਵੇ ਹਰ ਘਰ ਦੀ ਮਾਂ ਦਾ ਕੰਮ ਰਸੋਈ ਨਾਲ ਸੰਬੰਧਿਤ ਹੈ। ਹਰ ਘਰ ਦਾ ਵੱਡਾ ਮਨੁੱਖ ਯਾਨੀ ਪਿਤਾ ਘਰ ਦੇ ਸਾਰੇ ਬਾਹਰੀ ਕੰਮ ਕਾਰ ਦਾ ਜੁਮਾ ਸੰਭਾਲਦਾ ਹੈ। ਇਸੇ ਤਰ੍ਹਾਂ ਹਰ ਅੰਗ ਵਿਚ ਕਈ ਕਈ ਤਰ੍ਹਾਂ ਦੇ ਟਿਸ਼ੂਆਂ ਦਾ ਸਮੂੰਹ ਵੱਖ-ਵੱਖ ਜ਼ੁਮੇਵਾਰੀਆਂ ਸੰਭਾਲਦਿਆਂ ਇਕ ਅੰਗ ਦੀ ਜ਼ੁੰਮੇਵਾਰੀ ਪੂਰੀ ਕਰਦੇ ਹਨ।

ਇੰਜ ਹੀ ਅਸੀਂ ਅੱਜ ਔਰਗਨ ਯਾਨੀ ਅੰਗ ਦੀ ਵਿਆਖਿਆ ਸਾਝੀ ਕਰਾਂਗੇ।

ਆਦਮੀ ਦੇ ਸਪਰਮ ਤੇ ਔਰਤ ਦੇ ਓਵਮ ਦੇ ਨਾ ਨਾਲ ਜਾਣੇ ਜਾਂਦੇ ਇਕੱਲੇ ਇਕੱਲੇ ਸੈਲਾ ਦੇ ਮਿਲਾਪ ਤੋਂ ਜੋ ਬਣਿਆ ਸੀ ਉਸਦਾ ਨਾ ਸੀਬਲਾਸਟੋਸਿਸਟ। ਇਸ ਬਲਾਸਟੋਸਿਸਟ ਦੀ ਅੱਗੇ ਦੀ ਬਣਤਰ ਨੂੰ ਅਸਾਂ ਕਿਹਾ ਸੀ ਮੌਰੂਲਾ। ਇਸ ਮੌਰੂਲਾ ਦੇ ਉੱਪਰ ਵਾਲੇ ਪਰਦੇ ਨੂੰ ਕਿਹਾ ਸੀ ਕੋਰਨਾ ਰੇਡੀਏਟਾ ਜਾ ਕੋਰੀਓਨ, ਜਿਸ ਉੱਪਰ ਪੈਦਾ ਹੋਈਆ ਟਰੈਕਟਰ ਦੇ ਟਾਇਰਾਂ ਵਰਗੀਆਂ ਗੁੱਡੀਆਂ ਨੂੰ ਅਸੀਂ ਕਿਹਾ ਸੀ ਕੋਰੀਓਨਿਕ ਵਿਲੀਜ ਜੋ ਚੁੰਝਾਂ ਵਰਗੀਆਂ ਸਨ ਜਿਹਨਾਂ ਸਹਾਰੇ ਚਲ ਕੇ ਜਾ ਰਿੜਕੇ ਮੌਰੂਲਾ ਔਰਤ ਦੀ ਫੈਲੋਪੀਅਨ ਤੋਂ ਚਲ ਕੇ ਬੱਚੇਦਾਨੀ ਵਿਚ ਪਹੁੰਚਦਾ ਹੈ। ਮਾਂ ਬਾਪ ਦੇ ਦੋ ਸੈਲਾਂ ਦੇ ਮਿਲਾਪ ਨਾਲ ਬਣਿਆ ਮੌਰੂਲਾ ਔਰਤ ਦੀ ਫੈਲੋਪੀਅਨ ਟਿਊਬ ਵਿਚ ਵੱਧ ਫੁੱਲਵੀ ਰਿਹਾ ਸੀ ਯਾਨੀ ਇਕ ਤੋਂ ਦੋ-ਦੋ ਤੋਂ ਚਾਰ ਹੁੰਦਿਆਂ ਕਈ ਸਾਰੇ ਸੈਲਾ ਦਾ ਸਮੂੰਹ ਬਣਦਾ ਵੀ ਰਿਹਾ ਵੱਡਾ ਹੁੰਦਾ ਰਿਹਾ ਤੇ ਰਿੜਦਾ ਵੀ ਰਿਹਾ। ਰਿੜ੍ਹਦਿਆਂ ਰਿੜ੍ਹਦਿਆਂ ਔਰਤ ਦੀ ਬੱਚੇਦਾਨੀ ਵਿੱਚ ਪਹੁੰਚਿਆ ਸੀ। ਤਦ ਤੱਕ ਇਸ ਮੌਰੂਲਾ ਯਾਨੀ ਨਵਾਂ ਨਾਂ ਬਲਾਸਟੋਸਿਸਟਦੀ ਬਣਤਰ ਦੇ ਤਿੰਨ ਪਰਦੇ ਬਣ ਚੁੱਕੇ ਸਨ।

ਜਿਹਨਾਂ ਦਾ ਵੇਰਵਾ ਅਸਾਂ ਪਹਿਲੇ ਲੈਕਚਰਾਂ ਵਿੱਚ ਦਿੱਤਾ ਸੀ। ਇਹ ਮਿਲਣ ਵਾਲੇ ਤਿੰਨੋਂ ਪਰਦੇ ਹੀ ਸਾਰੀ ਸਰੀਰਕ ਬਣਤਰ ਦੇ ਅੱਗੇ ਲਈ ਜੁਮੇਵਾਰ ਹੁੰਦੇ ਹਨ।

ਦਿਲ ਸਭ ਤੋਂ ਪਹਿਲਾ ਬਣਨ ਵਾਲਾ ਅੰਗ ਹੈ ਜੋ ਸਪਰਮ ਤੇ ਓਵਮ ਦੇ ਮਿਲਾਪ ਦੇ ਤੀਸਰੇ ਹਫ਼ਤੇ ਵਿੱਚ ਬਣਦਾ ਹੈ। ਹੱਡੀਆਂ ਵਿਚੋਂ ਸਭ ਤੋਂ ਪਹਿਲੀ ਹੱਡੀ ਹੈ ਕਲੈਵੀਕਲ ਜੋ ਪ੍ਰੈਗਨੈਨਸੀ ਦੀ ਸ਼ੁਰੂਆਤ ਦੇ ਛੇਵੇਂ ਹਫ਼ਤੇ ਬਣਦੀ ਹੈ। ਇੰਜ ਤੀਸਰੇ ਤੋਂ ਅੱਠਵੇਂ ਹਫ਼ਤੇ ਤੱਕ ਸਾਰੇ ਅੰਗਾਂ ਦੀ ਬਣਤਰ ਸ਼ੁਰੂ ਹੋ ਜਾਂਦੀ ਹੈ ਅਤੇ ਪ੍ਰੈਗਨੈਂਸੀ ਦਾ ਪੂਰਾ ਸਮਾ ਯਾਨੀ 280 ਦਿਨ ਪੂਰਾ ਹੋਣ ਤੱਕ ਮਾਂ ਦੇ ਪੇਟ ਵਿੱਚ ਹੀ ਇਹ ਬਣਤਰ ਪੂਰੀ ਵੀ ਹੋ ਜਾਂਦੀ ਹੈ, ਪਰ ਕੁਝ ਕੁ ਅੰਗਾਂ ਦੀ ਬਣਤਰ ਤਦ ਤੱਕ ਵੀ ਅਧੂਰੀ ਹੀ ਹੁੰਦੀ ਹੈ ਜੋ ਨਵਜੀਵਨ ਦੇ ਜਨਮ ਤੋਂ ਬਾਅਦ ਕੁਝ ਸਮੇਂ ਤੱਕ ਪੂਰੀ ਹੁੰਦੀ ਹੈ। ਕੁਝ ਕੇਸਾਂ ਵਿੱਚ ਸਰੀਰਕ ਕਮੀਆਂ ਪੇਸ਼ੀਆ ਦੇ ਚੱਲਦਿਆਂ ਇਹ ਕਮੀਆਂ ਸਾਰੀ ਜ਼ਿੰਦਗੀ ਅਧੂਰੀਆਂ ਹੀ ਰਹਿੰਦੀਆਂ ਹਨ।

ਫਿਰ ਦੁਹਰਾਦਿਆਂ ਤਾਂਕਿ ਯਾਦ ਰਹੇ ਕਿ ਦਿਲ ਦੀ ਬਣਤਰ ਪ੍ਰੈਗਨੈਂਸੀ ਦੇ ਸ਼ੁਰੂਆਤ ਵਿੱਚ ਜਿਸ ਨੂੰ ਫ਼ੀਟਸ ਦੀ ਯਾਨੀ ਬੱਚੇ ਦੀ ਇੰਮਬਰੀਓਨਿਕ ਸਟੇਜ ਕਹਿੰਦੇ ਹਾ ਉਸ ਵਿੱਚ ਹੀ ਪੂਰੀ।

(ਚੱਲਦਾ)

HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects

Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA

CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫ਼ਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
ਸਾਨੂੰ 16 ਸਾਲਾਂ ਦਾ ਤਰਜਬਾ ਹੈ।
Same Day Plates Same Day Plates Same Day Plates
PH : 530-669-5780 Fax : 530-669-5775,
Cell : 530-908-9386 Cell : 530-405-6020
Tax Returns- Corporations, LLC, Non-Profits, Small Business and Individuals
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਬਠਿੰਡਾ ਅਦਾਲਤ ਨੇ ਮਨਪ੍ਰੀਤ ਬਾਦਲ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕੀਤੀ

ਬਠਿੰਡਾ : ਇਥੋਂ ਦੀ ਅਦਾਲਤ ਨੇ ਭਾਜਪਾ ਆਗੂ ਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਦਾਇਰ ਅਗਾਊਂ ਜ਼ਮਾਨਤ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਹੈ। ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਵਿੱਚ ਕਰੀਬ ਇਕ ਘੰਟਾ ਚੱਲੀ ਬਹਿਸ ਦੌਰਾਨ ਦਿਲਚਸਪ ਪੱਖ ਇਹ ਰਿਹਾ ਕਿ ਮਾਮਲੇ ਵਿਚ ਸ਼ਿਕਾਇਤਕਰਤਾ ਅਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ ਵੱਲੋਂ ਵੀ ਮਨਪ੍ਰੀਤ ਬਾਦਲ ਦੀ ਜ਼ਮਾਨਤ ਅਰਜ਼ੀ ਰੱਦ ਕਰਵਾਉਣ ਲਈ ਆਪਣਾ ਵਕੀਲ ਖੜ੍ਹਾ ਕੀਤਾ ਹੋਇਆ ਸੀ, ਜਿਨ੍ਹਾਂ ਵਲੋਂ ਸਾਬਕਾ ਮੰਤਰੀ ਦੀ ਜ਼ਮਾਨਤ ਅਰਜ਼ੀ ਦਾ ਜਬਰਦਸਤ ਵਿਰੋਧ ਕੀਤਾ ਗਿਆ। ਇਸ ਦੇ ਨਾਲ ਹੀ ਵਿਜੀਲੈਂਸ ਵੱਲੋਂ ਪੇਸ਼ ਹੋਏ ਸਰਕਾਰੀ ਵਕੀਲ ਅਮਰਜੀਤ ਸਿਆਲ ਨੇ ਵੀ ਮਨਪ੍ਰੀਤ ਬਾਦਲ ਦੀ



ਜ਼ਮਾਨਤ ਅਰਜ਼ੀ ਦਾ ਵਿਰੋਧ ਕਰਦਿਆਂ ਦਾਅਵਾ ਕੀਤਾ ਕਿ ਉਸ ਨੇ ਮੰਤਰੀ ਹੁੰਦਿਆਂ ਪਲਾਂਟਾਂ ਦੀ ਖਰੀਦ ਵਿੱਚ ਵਿੱਤੀ ਨੁਕਸਾਨ ਪਹੁੰਚਾਇਆ ਹੈ ਅਤੇ ਇਸ ਲਈ ਉਸ ਨੂੰ ਹਿਰਾਸਤ ਵਿਚ ਲੈ ਕੇ ਪੁੱਛ ਪੜਤਾਲ ਕਰਨੀ ਹੈ।

# ਬੰਬੀਹਾ ਗੈਂਗ ਦੇ ਦੋ ਮੈਂਬਰ ਨਾਜਾਇਜ਼ ਅਸਲੇ ਸਣੇ ਗ੍ਰਿਫ਼ਤਾਰ



ਮੁਹਾਲੀ : ਪੰਜਾਬ ਪੁਲਿਸ ਦੇ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਨੇ ਮੁਹਾਲੀ ਪੁਲਿਸ ਨਾਲ ਸਾਂਝੇ ਅਪਰੇਸ਼ਨ ਦੌਰਾਨ ਗੈਂਗਸਟਰ ਬੰਬੀਹਾ ਗੈਂਗ ਦੇ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਅੱਜ ਇੱਥੇ ਇਹ ਜਾਣਕਾਰੀ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਦਿੱਤੀ। ਮੁਲਜ਼ਮਾਂ ਦੀ ਪਛਾਣ ਅਵਤਾਰ ਸਿੰਘ ਉਰਫ਼ ਗੋਰਾ ਵਾਸੀ ਪਿੰਡ ਸੇਵੇਵਾਲਾ, ਫਰੀਦਕੋਟ ਅਤੇ ਅਜੈ ਕੁਮਾਰ ਉਰਫ਼ ਪ੍ਰੀਤ ਪੰਡਿਤ ਵਾਸੀ ਪਿੰਡ ਗਦਾਪੁਰ, ਪਟਿਆਲਾ ਵਜੋਂ ਹੋਈ ਹੈ। ਪੁਲਿਸ ਵੱਲੋਂ ਮੁਲਾਜ਼ਮਾਂ ਦੇ ਕਬਜ਼ੇ 'ਚੋਂ ਚਾਰ ਪਿਸਤੌਲਾਂ (ਤਿੰਨ .32 ਬੋਰ ਅਤੇ ਇੱਕ .30 ਬੋਰ) ਸਮੇਤ ਛੇ ਮੈਗਜ਼ੀਨਾਂ ਅਤੇ 16 ਕਾਰਤੂਸ ਬਰਾਮਦ ਕੀਤੇ ਗਏ ਹਨ। ਇੱਕ ਸਪਲੈਂਡਰ ਮੋਟਰਸਾਈਕਲ ਵੀ ਜ਼ਬਤ ਕੀਤਾ ਗਿਆ ਹੈ। ਮੁਲਜ਼ਮਾਂ ਖ਼ਿਲਾਫ਼ ਥਾਣਾ ਢਕੋਲੀ (ਮੁਹਾਲੀ) ਵਿਖੇ ਅਸਲਾ ਐਕਟ ਦੀ ਧਾਰਾ 25(6)(7) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਡੀਜੀਪੀ ਨੇ ਦੱਸਿਆ ਕਿ ਭਰੋਸੇਯੋਗ ਸੂਚਨਾਵਾਂ 'ਤੇ ਕਾਰਵਾਈ ਕਰਦਿਆਂ ਏਡੀਜੀਪੀ ਪ੍ਰਮੋਦ ਬਾਨ ਦੀ ਨਿਗਰਾਨੀ ਹੇਠ ਏਜੀਟੀਐੱਫ ਦੀ ਟੀਮ, ਜਿਸ ਦੀ ਅਗਵਾਈ ਏਆਈਜੀ ਏਜੀਟੀਐਫ ਸੰਦੀਪ ਗੋਇਲ ਕਰ ਰਹੇ ਸਨ, ਨੇ ਮੁਹਾਲੀ ਪੁਲੀਸ ਨਾਲ ਸਾਂਝੇ ਅਪਰੇਸ਼ਨ ਦੌਰਾਨ ਦੋਨਾਂ ਮੁਲਜ਼ਮਾਂ ਨੂੰ ਪੁਰਾਣੀ ਅੰਬਾਲਾ-ਕਾਲਕਾ ਰੋਡ, ਢਕੋਲੀ ਤੋਂ ਗ੍ਰਿਫ਼ਤਾਰ ਕੀਤਾ, ਜਦੋਂ ਉਹ ਆਪਣੇ ਮੋਟਰਸਾਈਕਲ 'ਤੇ ਜਾ ਰਹੇ ਸਨ। ਇਸ ਅਪਰੇਸ਼ਨ ਵਿੱਚ ਡੀਐੱਸਪੀ ਏਜੀਟੀਐਫ ਬਿਕਰਮ ਸਿੰਘ ਬਰਾੜ ਵੀ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਅਵਤਾਰ ਗੋਰਾ, ਗੈਂਗਸਟਰ ਗੁਰਬਖਸ਼ ਸੇਵੇਵਾਲਾ ਦਾ ਨਜ਼ਦੀਕੀ ਸਾਥੀ ਹੈ, 2014 ਵਿੱਚ ਦੋਹਰੇ ਕਤਲ ਕਾਂਡ ਸਮੇਤ ਦੋ ਅਪਰਾਧਿਕ ਮਾਮਲਿਆਂ ਵਿੱਚ ਭਗੌੜਾ ਸੀ। ਮੁੱਢਲੀ ਜਾਂਚ ਬਾਰੇ ਹੋਰ ਵੇਰਵੇ ਦਿੰਦਿਆਂ ਏਆਈਜੀ ਏਜੀਟੀਐਫ ਸੰਦੀਪ ਗੋਇਲ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮ ਬੰਬੀਹਾ ਗਰੋਹ ਦੇ ਮੈਂਬਰਾਂ ਨੂੰ ਲੌਜਿਸਟਿਕਸ ਸਹਾਇਤਾ, ਛੁਪਣਗਾਹਾਂ ਅਤੇ ਹਥਿਆਰ ਮੁਹੱਈਆ ਕਰਵਾਉਣ ਵਿੱਚ ਸ਼ਾਮਲ ਸਨ ਅਤੇ ਸੂਬੇ ਵਿੱਚ ਸਨਸਨੀਖੇਜ਼ ਅਪਰਾਧ ਨੂੰ ਅੰਜ਼ਾਮ ਦੇਣ ਦੀ ਯੋਜਨਾ ਬਣਾ ਰਹੇ ਸਨ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਬੰਬੀਹਾ ਗਰੁੱਪ ਵੱਲੋਂ ਕੀਤੇ ਗਏ ਅਪਰਾਧਾਂ ਬਾਰੇ ਹੋਰ ਖੁਲਾਸੇ ਹੋਣ ਦੀ ਉਮੀਦ ਹੈ ਅਤੇ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

# ਅਮਰੀਕਾ ਵਿਚ ਪ੍ਰਵਾਸੀ ਵਰਕਰ ਦੀ ਹੋਈ ਮੌਤ ਦੇ ਮਾਮਲੇ ਦੀ ਕਿਰਤ ਵਿਭਾਗ ਕਰੇਗਾ ਜਾਂਚ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਉੱਤਰੀ ਕੈਰੋਲੀਨਾ ਰਾਜ ਵਿਚ ਇਕ ਫਾਰਮ 'ਤੇ ਅੱਤ ਦੀ ਗਰਮੀ 100 ਡਿਗਰੀ ਫਾਰਨਹੀਟ ਤਾਪਮਾਨ ਵਿਚ ਕੰਮ ਕਰਦੇ ਪ੍ਰਵਾਸੀ ਵਰਕਰ ਦੀ ਹੋਈ ਮੌਤ ਦੀ ਜਾਂਚ ਰਾਜ ਦਾ ਕਿਰਤ ਵਿਭਾਗ ਕਰ ਰਿਹਾ ਹੈ। ਪ੍ਰਵਾਸੀ ਵਰਕਰ ਦੀ ਪਛਾਣ ਜੋਸ ਅਰਟੂਰੋ ਗੋਂਜ਼ਾਲੇਜ਼ ਮੈਨਡੋਜ਼ਾ ਵਜੋਂ ਹੋਈ ਹੈ ਜੋ ਮੈਕਸੀਕੋ ਦਾ ਰਹਿਣਾ ਵਾਲਾ ਸੀ। ਨੈਸ਼ ਕਾਊਂਟੀ ਐਮਰਜੈਂਸੀ ਸਰਵਿਸਜ ਦੀ ਰਿਪੋਰਟ ਅਨੁਸਾਰ ਇਕ ਵਿਅਕਤੀ ਵੱਲੋਂ ਫੋਨ ਕਰਕੇ ਦੱਸਿਆ ਗਿਆ ਸੀ ਕਿ ਇਕ ਵਰਕਰ ਨੂੰ ਦਿਲ ਦੀ ਤਕਲੀਫ ਹੈ ਜਾਂ ਸਾਹ ਲੈਣ ਵਿਚ ਮੁਸ਼ਕਲ ਆ ਰਹੀ ਹੈ ਜਿਸ ਉਪਰੰਤ ਡਾਕਟਰੀ ਅਮਲਾ ਮੌਕੇ 'ਤੇ ਪੁੱਜਾ। ਬਰਨੇਸ ਫਾਰਮ ਦੀ ਮੁੱਢਲੀ ਰਿਪੋਰਟ ਅਨੁਸਾਰ ਵਰਕਰ ਦੀ ਫਾਰਮ 'ਤੇ ਹੀ ਮੌਤ ਹੋ ਚੁੱਕੀ ਸੀ। ਵਰਕਰ ਨੇ ਕੁਝ ਦਿਨ ਪਹਿਲਾਂ ਹੀ ਫਾਰਮ 'ਤੇ ਕੰਮ ਕਰਨਾ ਸ਼ੁਰੂ ਕੀਤਾ ਸੀ। ਈ ਐਮ ਐਸ ਦੀ ਰਿਪੋਰਟ ਅਨੁਸਾਰ ਵਰਕਰ ਗਰਮੀ ਤੋਂ ਪ੍ਰਭਾਵਿਤ ਹੋਇਆ ਹੈ ਪਰੰਤੂ ਈ ਐਮ ਐਸ ਨੇ ਮੌਤ ਦੇ ਅਸਲ ਕਾਰਨ ਦੀ ਪੁਸ਼ਟੀ ਨਹੀਂ ਕੀਤੀ ਹੈ।



# ਗੁਰੂ ਨਾਨਕ ਦੇ ਵੈਰੀ

## ਕਿਸੇ ਵੀ ਹਾਲਤ 'ਚ ਗੁਰਦੁਆਰੇ ਦੀ ਉਸਾਰੀ ਨਹੀਂ ਹੋਣ ਦਿੱਤੀ ਜਾਵੇਗੀ : ਮੁੱਖ ਮੰਤਰੀ ਪ੍ਰੇਮ ਤਮਾਂਗ

### ਦੁਨੀਆ ਭਰਦੇ ਸਿੱਖਾਂ ਵਲੋਂ ਨਿਖੇਧੀ

ਚੰਡੀਗੜ੍ਹ : ਗੁਰਦੁਆਰਾ ਸ੍ਰੀ ਗੁਰੂ ਡਾਂਗਮਾਰ ਸਾਹਿਬ ਦੇ ਮੁੱਦੇ ਨੂੰ ਲੈ ਕੇ ਸਿੱਕਮ ਦੇ ਮੁੱਖ ਮੰਤਰੀ ਵੱਲੋਂ ਦਿੱਤੇ ਨਿੰਦਣਯੋਗ ਬਿਆਨ ਨੂੰ ਪੂਰੇ ਦੇਸ਼ ਦੇ ਸਿੱਖਾਂ ਨੇ ਨਕਾਰਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਜਿਸ ਗੁਰੂਘਰ ਅਤੇ ਗੁਰੂ ਸਾਹਿਬ ਦਾ ਨਾਂ ਲੈ ਕੇ ਹਿੰਦੂ ਭਾਰਤੀ ਸੁਪਰੀਮ ਕੋਰਟ ਵਿੱਚ ਸ਼੍ਰੀ ਰਾਮ ਮੰਦਰ ਦਾ ਕੇਸ ਜਿੱਤੇ ਉਸ ਹੀ ਗੁਰੂ ਘਰ ਨੂੰ ਹੰਕਾਰੀ ਮੁੱਖ ਮੰਤਰੀ ਤਬਾਹ ਕਰਨ ਉਪਰ ਤੁਲਿਆ ਹੋਇਆ ਜਿਸ ਦੀ ਪੂਰੀ ਦੁਨੀਆ 'ਚ ਵਸਦੇ ਸਿੱਖਾਂ ਵਲੋਂ ਸਖਤ ਨਿਖੇਧੀ ਕੀਤੀ ਗਈ।

ਅੱਜ ਚੰਡੀਗੜ੍ਹ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਗੁਰਜੀਤ ਸਿੰਘ ਤਲਵੰਡੀ ਨੇ ਸਿੱਕਮ ਦੇ ਮੁੱਖ ਮੰਤਰੀ ਵੱਲੋਂ ਦਿੱਤੇ ਬਿਆਨ ਦੀ ਨਿਖੇਧੀ ਕੀਤੀ।

ਗੁਰਦੁਆਰਾ ਸ੍ਰੀ ਗੁਰੂ ਡਾਂਗਮਾਰ ਸਾਹਿਬ ਦਾ ਇਹ ਅਸਥਾਨ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਤਰਾ ਨਾਲ ਜੁੜਿਆ ਹੋਇਆ ਹੈ।

ਇਸ ਗੁਰਦੁਆਰਾ ਸਾਹਿਬ ਦਾ ਕੇਸ ਸਿੱਕਮ ਦੀ ਹਾਈਕੋਰਟ ਵਿੱਚ ਹੈ ਅਤੇ ਫੈਸਲਾ ਮਾਣਯੋਗ ਅਦਾਲਤ ਨੇ ਰਾਖਵਾਂ ਰੱਖ ਲਿਆ ਹੈ। ਮਾਣਯੋਗ ਅਦਾਲਤ ਦੀ ਉਲੰਘਣਾ ਕਰਦਿਆਂ ਸਿੱਕਮ ਦੇ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਨੇ ਕਿਹਾ ਕਿ ਕਿਸੇ ਵੀ ਹਾਲਤ ਵਿੱਚ ਗੁਰਦੁਆਰਾ ਸਾਹਿਬ ਦੀ ਉਸਾਰੀ ਨਹੀਂ ਹੋਣ ਦਿੱਤੀ ਜਾਵੇਗੀ, ਜੋ ਕਿ ਬਹੁਤ ਹੀ ਨਿੰਦਣਯੋਗ ਅਤੇ ਤਰਕਹੀਣ ਹੈ। ਸ਼੍ਰੋਮਣੀ ਕਮੇਟੀ ਇਸ ਗੁਰਦੁਆਰਾ ਸਾਹਿਬ ਨੂੰ



ਸਿੱਖ ਰਹਿਤ ਮਰਯਾਦਾ ਅਨੁਸਾਰ ਸੰਭਾਲਣ ਲਈ ਵਚਨਬੱਧ ਹੈ ਕਿਉਂਕਿ ਇਸ ਨਾਲ ਸ੍ਰੀ



ਭਾਈ ਗੁਰਜੀਤ ਸਿੰਘ ਤਲਵੰਡੀ ਅਤੇ ਭਾਈ ਗੁਰਚਰਨ ਸਿੰਘ ਗਰੇਵਾਲ (ਐਸ.ਜੀ.ਪੀ.ਸੀ. ਪ੍ਰੈਸ ਕਾਨਫਰੰਸ ਦੌਰਾਨ)

ਗੁਰੂ ਨਾਨਕ ਦੇਵ ਜੀ ਦੀ ਯਾਤਰਾ ਦਾ ਸਬੰਧ ਹੈ। ਸਿੱਕਮ ਦੇ ਮੁੱਖ ਮੰਤਰੀ ਵੱਲੋਂ ਦਿੱਤੇ ਬਿਆਨ ਨਾਲ ਜਿੱਥੇ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ, ਉੱਥੇ ਹੀ ਸਿੱਖ ਭਾਈਚਾਰੇ ਵਿੱਚ ਵੀ ਭਾਰੀ ਰੋਸ ਹੈ। ਭਾਈ ਗਰੇਵਾਲ ਅਤੇ ਤਲਵੰਡੀ ਵੱਲੋਂ ਇਹ ਵੀ ਕਿਹਾ ਗਿਆ ਕਿ ਕਿਸੇ ਨੂੰ ਵੀ ਕਿਸੇ ਵੀ ਹਾਲਤ ਵਿੱਚ ਮਨਮਾਨੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਿੱਖ ਕੌਮ ਆਪਣੇ ਇਤਿਹਾਸਕ ਗੁਰਧਾਮਾਂ ਦੀ ਸੇਵਾ ਸੰਭਾਲ ਅਤੇ ਸੇਵਾ ਲਈ ਆਪਣੀ ਜਾਨ ਵੀ ਜੋਖ਼ਮ ਵਿੱਚ ਪਾ ਸਕਦੀ ਹੈ।

ਇਸ ਮਾਮਲੇ ਵਿੱਚ ਅਦਾਲਤ ਵਿੱਚ ਹਵਾਲਾ ਅਤੇ ਸਬੂਤ ਵਜੋਂ ਪੇਸ਼ ਕੀਤਾ ਗਿਆ 750 ਪੰਨਿਆਂ ਦਾ ਦਸਤਾਵੇਜ਼, ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਤੀਸਰੀ ਸੁਮੇਰ ਉਦਾਸੀ ਦੇ ਇਤਿਹਾਸ ਨੂੰ ਦਰਜ ਕਰਕੇ ਵੀ ਪ੍ਰੈਸ ਦੇ ਸਾਹਮਣੇ ਰੱਖਿਆ ਗਿਆ, ਜਿਸ ਵਿੱਚ ਸਿੱਕਮ ਵਿੱਚ ਗੁਰਦੁਆਰਾ ਸ੍ਰੀ ਗੁਰੂ ਡਾਂਗਮਾਰ ਸਾਹਿਬ ਦਾ ਸਪਸ਼ਟ ਜ਼ਿਕਰ ਹੈ।

# ਅਮਰੀਕਾ 'ਚ ਖੋਲ੍ਹੇ ਜਾਣ ਵਾਲੇ ਨਵੇਂ ਭਾਰਤੀ ਕੌਂਸਲੇਟਾਂ 'ਚੋਂ ਇਕ ਇਥੇ ਖੋਲ੍ਹੋ : ਮੇਅਰ ਕਰੇਨ ਬਾਸ

ਵਾਸ਼ਿੰਗਟਨ : ਲਾਸ ਏਂਜਲਸ ਦੀ ਮੇਅਰ ਕਰੇਨ ਬਾਸ ਤੇ ਭਾਰਤੀ-ਅਮਰੀਕੀ ਭਾਈਚਾਰੇ ਨੇ ਭਾਰਤ ਸਰਕਾਰ ਨੂੰ ਅਮਰੀਕਾ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਤੇ ਦੁਨੀਆ ਦੀ 'ਮਨੋਰੰਜਨ ਰਾਜਧਾਨੀ' 'ਚ ਇਕ ਕੌਂਸਲੇਟ ਖੋਲ੍ਹਣ ਦੀ ਅਪੀਲ ਕੀਤੀ ਹੈ। ਮੌਜੂਦਾ ਸਮੇਂ 'ਚ ਅਮਰੀਕਾ 'ਚ ਨਿਊਯਾਰਕ, ਸੈਨ ਫਰਾਂਸਿਸਕੋ, ਸ਼ਿਕਾਗੋ, ਹਿਊਸਟਨ ਤੇ ਅਟਲਾਂਟਾ 'ਚ 5 ਭਾਰਤੀ ਕੌਂਸਲੇਟ ਹਨ। ਜੂਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਤਿਹਾਸਕ ਸਰਕਾਰੀ ਯਾਤਰਾ ਦੌਰਾਨ ਇਹ ਐਲਾਨ ਕੀਤਾ ਗਿਆ ਸੀ ਕਿ ਭਾਰਤ ਅਮਰੀਕਾ 'ਚ ਦੋ ਨਵੇਂ ਕੌਂਸਲੇਟ ਖੋਲ੍ਹੇਗਾ, ਜਿਨ੍ਹਾਂ 'ਚੋਂ ਇਕ ਸੀਏਟਲ 'ਚ ਹੋਵੇਗਾ।

ਭਾਰਤੀ ਅਮਰੀਕੀ ਸੰਗਠਨਾਂ ਦੇ ਇਕ ਸਮੂਹ ਤੇ ਲਾਸ ਏਂਜਲਸ ਦੇ ਮੇਅਰ ਨੇ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਸ਼ਹਿਰ 'ਚ ਦੂਜਾ ਭਾਰਤੀ ਕੌਂਸਲੇਟ ਖੋਲ੍ਹਿਆ ਜਾਣਾ ਚਾਹੀਦਾ ਹੈ। ਬਾਸ ਨੇ ਕਿਹਾ, "ਮੈਂ ਤੁਹਾਨੂੰ ਅਪੀਲ ਕਰਦੀ ਹਾਂ ਕਿ ਲਾਸ ਏਂਜਲਸ ਸ਼ਹਿਰ 'ਚ ਇਕ ਨਵਾਂ ਭਾਰਤੀ ਕੌਂਸਲੇਟ ਖੋਲ੍ਹਣ 'ਤੇ ਵਿਚਾਰ ਕਰੋ।"

ਬਾਸ ਨੇ ਹਾਲ ਹੀ 'ਚ ਅਮਰੀਕਾ 'ਚ ਭਾਰਤ ਦੇ



ਰਾਜਦੂਤ ਤਰਨਜੀਤ ਸਿੰਘ ਸੰਧੂ ਨੂੰ ਇਕ ਪੱਤਰ ਲਿਖ ਕੇ ਕਿਹਾ ਸੀ, "ਐਕਸਚੇਂਜ ਲਈ ਇਸ ਮਹੱਤਵਪੂਰਨ ਫੋਰਮ ਨੂੰ ਖੋਲ੍ਹਣ ਤੇ ਨਿਰੰਤਰ ਸਹਾਇਤਾ ਪ੍ਰਦਾਨ ਕਰਨ ਲਈ ਤੁਹਾਡੇ ਨਾਲ ਕੰਮ ਕਰਨਾ ਮੇਰੇ ਲਈ ਸਨਮਾਨ ਦੀ ਗੱਲ ਹੋਵੇਗੀ। ਭਾਰਤ ਤੇ ਲਾਸ ਏਂਜਲਸ ਵਿਚਕਾਰ ਸੈਰ-ਸਪਾਟਾ ਆਪਸੀ ਲਾਭ ਦਾ ਇਕ ਹੋਰ ਸੋਮਾ ਹੈ ਤੇ ਲਾਸ ਏਂਜਲਸ ਨੇ ਭਾਰਤ 'ਚ ਇਕ ਸਮਰਪਿਤ ਸੈਰ-ਸਪਾਟਾ ਦਫ਼ਤਰ ਖੋਲ੍ਹਣ 'ਚ ਨਿਵੇਸ਼ ਕੀਤਾ ਹੈ, ਜੋ ਕਿ 2019 'ਚ ਖੁੱਲ੍ਹਿਆ ਤੇ ਕੋਵਿਡ-19 ਮਹਾਮਾਰੀ ਦੌਰਾਨ ਖੁੱਲ੍ਹਿਆ ਰਿਹਾ।"

ਮੇਅਰ ਨੇ ਕਿਹਾ ਕਿ 1,50,000 ਤੋਂ ਵੱਧ ਭਾਰਤੀ ਅਮਰੀਕੀਆਂ ਦੇ ਘਰ ਲਾਸ ਏਂਜਲਸ 'ਚ ਹੋਣ ਦੇ ਨਾਤੇ ਮੈਂ ਤੁਹਾਨੂੰ ਨਵੇਂ ਕੌਂਸਲਰ ਮਿਸ਼ਨ ਲਈ ਲਾਸ ਏਂਜਲਸ ਦੀ ਚੋਣ ਕਰਨ ਲਈ ਸਤਿਕਾਰ ਨਾਲ ਬੇਨਤੀ ਕਰਦੀ ਹਾਂ। ਲਾਸ ਏਂਜਲਸ 'ਚ ਹਰ ਸਾਲ 1,00,000 ਤੋਂ ਵੱਧ ਭਾਰਤੀ ਸੈਲਾਨੀਆਂ ਦੇ ਨਾਲ ਇਕ ਕੌਂਸਲੇਟ ਨਾ ਸਿਰਫ਼ ਮਹੱਤਵਪੂਰਨ ਸੇਵਾਵਾਂ ਪ੍ਰਦਾਨ ਕਰੇਗਾ, ਸਗੋਂ ਦੁਵੱਲੇ ਸਹਿਯੋਗ ਨੂੰ ਵਧਾਉਣ 'ਚ ਇਕ ਪ੍ਰਮੁੱਖ ਭਾਈਵਾਲ ਹੋਵੇਗਾ।

ਲਾਸ ਏਂਜਲਸ ਖ਼ੇਤਰ 180 ਤੋਂ ਵੱਧ ਯੂਨੀਵਰਸਿਟੀਆਂ ਤੇ ਕਾਲਜਾਂ, ਵਿਦਿਆਰਥੀਆਂ ਦੇ ਅਨੁਭਵ, ਖੋਜ ਤੇ ਨਵੀਨਤਾ ਦੇ ਕੇਂਦਰਾਂ ਦਾ ਘਰ ਵੀ ਹੈ। ਬਾਸ ਨੇ ਕਿਹਾ ਕਿ ਕੈਲੀਫੋਰਨੀਆ ਨੂੰ ਸੰਯੁਕਤ ਰਾਜ 'ਚ ਪੜ੍ਹ ਰਹੇ ਸਾਰੇ ਭਾਰਤੀਆਂ 'ਚੋਂ 10 ਫ਼ੀਸਦੀ ਤੋਂ ਵੱਧ ਦੀ ਮੇਜ਼ਬਾਨੀ ਕਰਨ 'ਤੇ ਮਾਣ ਹੈ ਤੇ ਅਸੀਂ ਉਨ੍ਹਾਂ ਵਲੋਂ ਸਾਡੇ ਭਾਈਚਾਰਿਆਂ ਦਰਮਿਆਨ ਬਣਾਏ ਗਏ ਤਾਲਮੇਲ ਦੀ ਕਦਰ ਕਰਦੇ ਹਾਂ।

# ਅਮੈਰੀਕਨ ਏਅਰ ਲਾਈਨਜ਼ ਦੀ ਮੁਲਾਜ਼ਮ ਮ੍ਰਿਤਕ ਹਾਲਤ ਵਿਚ ਮਿਲੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਫਿਲਾਡੈਲਫੀਆ ਇੰਟਰਨੈਸ਼ਨਲ ਏਅਰਪੋਰਟ ਨੇੜੇ ਇਕ ਹੋਟਲ ਦੇ ਕਮਰੇ ਵਿਚੋਂ ਅਮੈਰੀਕਨ ਏਅਰਲਾਈਨਜ਼ ਫਲਾਈਟ ਦੀ ਇਕ ਮੁਲਾਜ਼ਮ ਮ੍ਰਿਤਕ ਹਾਲਤ ਵਿਚ ਮਿਲਣ ਦੀ ਰਿਪੋਰਟ ਹੈ। ਫਿਲਾਡੈਲਫੀਆ ਪੁਲਿਸ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਮ੍ਰਿਤਕ ਮੁਲਾਜ਼ਮ ਦੀ ਉਮਰ 66 ਸਾਲ ਹੈ ਤੇ ਉਹ ਮ੍ਰਿਤਕ ਹਾਲਤ ਵਿਚ ਫਿਲਾਡੈਲਫੀਆ ਏਅਰਪੋਰਟ ਮੈਰੀਆਟ ਦੇ ਕਮਰੇ ਵਿਚੋਂ ਮਿਲੀ ਹੈ। ਬੁਲਾਰੇ ਅਨੁਸਾਰ ਉਸ ਦੇ ਮੂੰਹ ਵਿਚ ਕਪੜਾ ਤੁੰਨਿਆ ਹੋਇਆ ਸੀ। ਉਸ ਨੂੰ ਸਥਾਨਕ ਸਮੇ ਅਨੁਸਾਰ ਰਾਤ 10.45 ਵਜੇ ਮ੍ਰਿਤਕ ਐਲਾਨ ਦਿੱਤਾ ਗਿਆ। ਬੁਲਾਰੇ ਨੇ ਕਿਹਾ ਹੈ ਕਿ ਇਸ ਮਾਮਲੇ ਵਿਚ ਅਜੇ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ ਤੇ ਨਾ ਹੀ ਕੋਈ ਹਥਿਆਰ ਬਰਾਮਦ ਹੋਇਆ ਹੈ। ਉਸ ਦੀ ਲਾਸ਼ ਪੋਸਟ ਮਾਰਟਮ ਲਈ ਭੇਜ ਦਿੱਤੀ ਹੈ। ਮਾਮਲੇ ਦੀ ਜਾਂਚ ਹੋਮੀਸਾਈਡ ਡਿਟੈਕਟਿਵਜ ਡਵੀਜ਼ਨ ਕਰ ਰਹੀ ਹੈ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ



ਕੈਪਟਨ ਅਮਰਜੀਤ ਸਿੰਘ ਕਾਲੇਕਾ

# ਵੱਡੇ ਭਰਾ ਦਾ ਅਸਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਸ ਇਲਾਕੇ ਵਿਚ ਸਾਨੂੰ ਦੋ ਤਿੰਨ ਦਿਨ ਹੋ ਗਏ ਸਨ। ਸਾਨੂੰ ਉਸ ਇਲਾਕੇ ਦੇ ਆਲੇ ਦੁਆਲੇ ਦਰਖਤਾਂ ਅਤੇ ਇਮਾਰਤਾਂ ਦੀ ਪੂਰੀ ਤਰ੍ਹਾਂ ਵਾਕਫ਼ੀਅਤ ਹੋ ਗਈ ਸੀ। ਮੈਨੂੰ ਹਦਾਇਤਾਂ ਸਨ ਕਿ ਭੂਰਾ ਕੂਆਂ ਤੱਕ ਵੱਧ ਤੋਂ ਵੱਧ ਅੱਗੇ ਜਾ ਕੇ ਦੇਖਣਾ ਹੈ। ਕਰੀਮਪੁਰ ਵਿਚ ਪਾਕਿਸਤਾਨੀ ਫੌਜ ਤੈਨਾਤ ਸੀ। ਲੜਾਈ ਦੇ ਦਿਨਾਂ ਵਿਚ ਫੌਜ ਦੀ ਮੂਵਮੈਂਟ ਬਹੁਤ ਹੌਲੀ ਹੁੰਦੀ ਹੈ ਕਿਉਂਕਿ ਕਮਾਂਡਰ ਬਹੁਤ ਧਿਆਨ ਨਾਲ ਅੱਗੇ ਵੱਧਦਾ ਹੈ। ਕਮਾਂਡਰ ਅਵਾਜ਼ਾਂ ਸੁਣਨ ਦੀ ਕੋਸ਼ਿਸ਼ ਕਰਦਾ ਹੈ, ਆਲੇ ਦੁਆਲੇ ਦੀ ਹਿਲਜੁਲ ਦੇਖਦਾ ਹੈ। ਇਕ-ਇਕ ਗਜ ਸੋਚ ਕੇ ਤੁਰਦਾ ਹੈ। ਅਸੀਂ ਤਕਰੀਬਨ 10 ਵਜੇ ਪਿੰਡ ਪਾਰ ਕਰਕੇ ਹੌਲੀ-ਹੌਲੀ ਕਰੀਮਪੁਰ ਵੱਲ ਜਾਣ ਲੱਗੇ। ਅਸੀਂ ਹਜ਼ਾਰ ਕੁ ਗਜ ਹੀ ਪਿੰਡ ਤੋਂ ਅੱਗੇ ਗਏ ਸੀ ਕਿਤੋਂ ਪਖਾਨੇ ਦੇ ਗੋਲੇ ਵਰਸਣ ਲੱਗੇ। ਭੂਰਾ ਕੂਆਂ ਪਿੰਡ ਦੇ ਬਾਹਰਵਾਰ ਕੁਝ ਕੱਚੇ ਘਰ ਸਨ। ਇਕ ਗੋਲਾ ਉਸ ਘਰ ਉੱਤੇ ਗਿਰਿਆ। ਉਸ ਵਿਚੋਂ ਚਾਰ ਪਾਕਿਸਤਾਨੀ ਸਿਪਾਹੀ ਨਿਕਲੇ ਅਤੇ ਪਿੰਡ ਦੇ ਉਸ ਪਾਸੇ ਨੂੰ ਤੁਰ ਪਏ, ਜਿਧਰੋ ਅਸੀਂ ਆਏ ਸੀ। ਮੈਂ ਸਿਪਾਹੀਆਂ ਨੂੰ ਪੁਜੀਸ਼ਨ ਲੈਣ ਲਈ ਕਿਹਾ। ਉਨ੍ਹਾਂ ਨੇ ਮੇਰੀ ਇਕ ਗੱਲ ਨਹੀਂ ਸੁਣੀ। ਬੇਵਸ ਹੋ ਕੇ ਮੈਂ ਵੀ ਉਨ੍ਹਾਂ ਦੇ ਪਿੱਛੇ ਚਲਾ ਗਿਆ। ਅਸੀਂ ਪਿੰਡ ਦੇ ਦੂਜੇ ਪਾਸੇ ਚੱਲੇ ਗਏ। ਤਕਰੀਬਨ ਇਕ ਡੇਢ ਵਜੇ ਦਾ ਸਮਾਂ ਹੋ ਗਿਆ।

ਇੰਨੇ ਵਿਚ ਮੈਂ ਦੇਖਿਆ ਕਿ ਅਸੀਂ ਤਾਂ ਦੁਸ਼ਮਣ ਨਾਲ ਘਿਰੇ ਹੋਏ ਹਾਂ ਤੇ ਪਾਕਿਸਤਾਨ ਫੌਜ ਨੇ ਸਾਡੀ ਕੰਪਨੀ ਹੈੱਡਕੁਆਰਟਰ ਵਾਲੀ ਪੁਜੀਸ਼ਨ ਤੇ ਹਮਲਾ ਕੀਤਾ ਹੈ। ਕੁਝ ਪਾਕਿਸਤਾਨੀ ਸਿਪਾਹੀਆਂ ਦੀ ਮੈਂ ਪਿੱਠ ਦੇਖੀ। ਉਹ ਪੁਜੀਸ਼ਨ ਲੈ ਰਹੇ ਸਨ ਤੇ ਡਿੱਗ ਰਹੇ ਸਨ। ਇੰਨੇ ਵਿਚ ਮੈਂ ਆਪਣੇ ਜਵਾਨਾਂ ਨੂੰ ਗੰਨੇ ਦੇ ਖੇਤ ਵਿਚ ਪੁਜੀਸ਼ਨ ਲੈਣ ਲਈ ਕਿਹਾ। ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਦਾਸ ਕਰ ਰਿਹਾ ਸੀ ਕਿ ਪਿਤਾ ਜੀ ਤੁਹਾਡਾ ਸਿਪਾਹੀ ਫੱਸ ਗਿਆ ਹੈ ਕਿਰਪਾ ਕਰੋ ਕੱਢ ਲਓ। ਹੌਲਦਾਰ ਭੀਮ ਸੈਨਮੌਰੇ (ਜਿਸ ਨੂੰ ਮੈਂ ਵੀਰ ਚੱਕਰ ਦਵਾਇਆ)। ਕਹਿਣ ਲੱਗਾ ਸਾਹਬ ਉਹ ਸਾਹਮਣੇ ਸੜਕ ਹੈ, ਆਪਾਂ ਸੜਕ ਦੁਆਰਾ ਚੀਮਾ ਪਿੰਡ ਪਹੁੰਚ ਜਾਵਾਂਗੇ। ਮੈਂ ਕਿਹਾ, "ਚੱਪੇ ਚੱਪੇ ਤੇ ਫੌਜ ਤੈਨਾਤ ਹੈ ਕਿਸੇ ਨੇ ਸਾਨੂੰ 10 ਗਜ ਵੀ ਨਹੀਂ ਜਾਣ ਦੇਣਾ।" ਤਿੰਨ ਕੁ ਵਜੇ ਮੇਰੇ ਸਿਰ ਵਿਚ ਰੌਸ਼ਨੀ ਜਿਹੀ ਆਈ। ਮੇਰਾ ਮਨ ਸ਼ਕਤੀ ਨਾਲ ਭਰ ਗਿਆ। ਮੈਂ ਕਿਹਾ ਚੱਲੋ ਆਪਾਂ ਆਪਣੀ ਪੁਜੀਸ਼ਨ ਸੰਭਾਲੀਏ।




ਫਾਇਰ ਅਤੇ ਮੂਵ ਦੇ ਅਸੂਲ ਅਨੁਸਾਰ ਇਕ ਬੰਦਾ ਪੁਜੀਸ਼ਨ ਲੈਂਦਾ ਹੈ ਤੇ ਫਾਇਰ ਕਰਨ ਲਈ ਤਿਆਰ ਰਹਿੰਦਾ ਹੈ। ਉਹ ਦੂਸਰੇ ਫੌਜੀ ਨੂੰ ਲੰਘਣ ਦਾ ਇਸ਼ਾਰਾ ਕਰਦਾ ਹੈ। ਫਿਰ ਜਦੋਂ ਦੂਜਾ ਫੌਜੀ ਪੁਜੀਸ਼ਨ ਤੇ ਪਹੁੰਚ ਜਾਂਦਾ ਹੈ ਤਾਂ ਉਹ ਪਹਿਲੇ ਫੌਜੀ ਲਈ ਪੁਜੀਸ਼ਨ ਸੰਭਾਲਦਾ ਹੈ ਅਤੇ ਫਾਇਰ ਕਰਨ ਲਈ ਤਿਆਰ ਹੋ ਜਾਂਦਾ ਹੈ।

ਫਾਇਰਐਂਡ ਮੂਵ ਕਰਦੇ ਕਰਦੇ ਅਸੀਂ ਕੰਪਨੀ ਦੀ ਪੁਜੀਸ਼ਨ ਵਿਚ ਪਹੁੰਚੇ। ਉਥੇ ਕਰਨਲ ਬਖਸ਼ੀ ਵੀ ਆਏ ਹੋਏ ਸਨ। ਪੁੱਛਣ ਲੱਗੇ "ਤੁਸੀਂ ਕਿੱਥੇ ਸੀ।' 'ਅਸੀਂ ਕਿਹਾ ਕਿ ਅਸੀਂ ਦੁਸ਼ਮਣ ਦੇ ਪਿੱਛੇ ਸੀ। ਕਹਿਣ ਲੱਗੇ ਕਿ ਦੁਸ਼ਮਣ ਨੇ ਹਮਲਾ ਕੀਤਾ ਹੈ। ਫਿਰ ਦੁਬਾਰਾ ਕਹਿਣ ਲੱਗੇ ਹਮਲਾ ਹੋਇਆ ਹੈ ਪੁਜੀਸ਼ਨਾਂ ਲੈ ਲਓ। ਦੁਸ਼ਮਣ ਨੇ ਬਹੁਤ ਫਾਇਰ ਕੀਤਾ। ਤੋਪਖਾਨੇ ਦੇ ਬਹੁਤ ਸਾਰੇ ਗੋਲੇ ਸਾਡੀ ਪੁਜੀਸ਼ਨ ਤੇ ਦਾਗੇ ਗਏ। ਮੇਰੇ ਮੋਰਚੇ ਉੱਤੇ ਵੀ ਇਕ ਗੋਲਾ ਡਿਗਿਆ। ਮੇਰਾ ਅਰਦਲੀ ਉਥੇ ਹੀ ਸ਼ਹੀਦ ਹੋ ਗਿਆ। ਮੈਂ ਦੇਖਿਆ ਉਹ ਬੋਲ ਕਿਉਂ ਨਹੀਂ ਰਿਹਾ। ਮੈਂ ਉਸ ਦੇ ਸਿਰ ਤੇ ਹੱਥ ਲਾਇਆ ਤੇ ਦੇਖਿਆ ਕਿ ਗੋਲੇ ਦੀ ਪੱਚਰ ਨਾਲ ਉਸ ਦਾ ਸਿਰ ਲਹੂ ਲੁਹਾਨ ਹੋਇਆ ਪਿਆ ਸੀ ਜਿਸ ਕਰਕੇ ਉਸ ਦੀ ਮੌਤ ਹੋ ਗਈ। ਸਾਡੇ ਜਵਾਨਾਂ ਨੇ ਅੰਧਾਧੁੰਦ ਗੋਲੀਬਾਰੀ ਸ਼ੁਰੂ ਕਰ ਦਿੱਤੀ। ਮੈਂ ਉਸ ਵੇਲੇ 30 ਬੰਦਿਆਂ ਦੀ ਪਲਾਟੂਨ ਦਾ ਕਮਾਂਡਰ ਸੀ। ਮੇਰੇ ਨੇੜੇ ਹੀ ਤਕਰੀਬਨ 20 ਫੌਜੀ ਤੇ ਕੰਪਨੀ ਕਮਾਂਡਰ ਮੇਜਰ ਕੁਲਵਿੰਦਰ ਸਿੰਘ ਬੈਠੇ ਸੀ। ਮੈਂ ਉਹਨਾਂ ਦੀ ਸੱਜੀ ਬਾਂਹ ਦੇਖੀ, ਉਹਨਾਂ ਦਾ ਕੁੜਤਾ ਗੋਲੀ ਲੱਗਣ ਨਾਲ ਸੜ ਗਿਆ ਸੀ। ਮੈਂ ਕਿਹਾ, "ਸਰ ਤੁਹਾਡਾ ਕੁੜਤਾ ਦੇਖੋ।" ਉਹ ਕਹਿਣਲੱਗੇ, "ਮੇਰੀ ਬਾਂਹਖਤਮ ਹੋ ਗਈ ਹੈ।" ਕੁਝ ਮਿੰਟਾ ਵਿਚ ਹੀ ਉਹਨਾਂ ਨੂੰ ਪਿਛੇ ਲਿਜਾਇਆ ਗਿਆ। ਕਰਨਲ ਬਖਸ਼ੀ ਨੇ ਮੈਨੂੰ ਪੁੱਛਿਆ ਕਿ ਤੁਸੀਂ ਕੰਪਨੀ ਕਮਾਂਡ ਕਰ ਸਕਦੇ ਹੋ। ਮੈਂ ਹੌਸਲੇ ਨਾਲ ਕਿਹਾ, "ਕਿਉਂ ਨਹੀਂ।"

ਮੈਨੂੰ ਕੰਪਨੀ ਕਮਾਂਡਰ ਬਣਾ ਦਿੱਤਾ ਗਿਆ। ਗੋਲਬਾਰੀ ਹੋ ਹੀ ਰਹੀ ਸੀ ਕਿ ਮੈਨੂੰ ਜਵਾਨਾਂ ਨੇ ਕਿਹਾ ਕਿ ਗੋਲੀਆਂ ਖ਼ਤਮ ਹੋ ਗਈਆਂ ਹਨ। ਕਰਨਲ ਬਖਸ਼ੀ ਕੋਈ 100 ਕੁ ਫੁੱਟ ਪਿੱਛੇ ਇਕ ਬੰਕਰ ਵਿਚ ਬੈਠੇ ਸਨ। ਮੈਂ ਉਹਨਾਂ ਕੋਲ ਜਾ ਕੇ ਅਸਲਾ ਮੰਗਿਆ। ਉਹਨਾਂ ਨੇ ਮੈਨੂੰ ਕੁਝ ਬੰਡੋਲੀਅਰ ਦਿੱਤੇ। ਨਾਲ ਹੀ ਕਹਿਣ ਲੱਗੇ ਕਿ ਗੋਲੀ ਬਹੁਤ ਚੱਲ ਰਹੀ ਹੈ ਪੁਜੀਸ਼ਨ ਲਓ। ਉਸ ਵੇਲੇ ਮੈਨੂੰ ਜ਼ਿਆਦਾ ਤਜ਼ਰਬਾ ਨਹੀਂ ਸੀ। ਮੈਂ ਕਿਹਾ, "ਸਰ ਜਿਸ ਗੋਲੀ 'ਤੇ ਅਮਰਜੀਤ ਸਿੰਘ ਲਿਖਿਆ ਹੈ ਉਸ ਨੇ ਹੀ ਮੇਰਾ ਨੁਕਸਾਨ ਕਰਨਾ ਹੈ ਜਿਸ ਗੋਲੀ 'ਤੇ ਮੇਰਾ ਨਾਮ ਨਹੀਂ ਲਿਖਿਆ ਮੈਂ ਉਸ ਦੀ ਪ੍ਰਵਾਹ ਨਹੀਂ ਕਰਦਾ। ਇੰਨੇ ਵਿਚ ਇਕ ਸਿਪਾਹੀ ਆਪਣੀ ਪੁਜੀਸ਼ਨ ਵਿਚੋਂ ਨਿਕਲ ਕੇ ਭੱਜਣ ਲੱਗਾ। ਮੈਂ ਉਸ ਦੇ ਗੋਲੀਮਾਰੀ, ਪਰ ਉਸ ਦੇ ਗੋਲੀ ਨਾ ਲੱਗੀ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਹਿਤ ਸਤਨਾਮ ਸਿੰਘ ਖਾਲਸਾ

### ਇਤਿਹਾਸ ਦੇ ਝਰੋਖੇ ਵਿਚੋਂ

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਤਨ ਦੇ ਇਸਨਾਨ ਦੇ ਬਾਅਦ ਮਨ ਦਾ ਇਸ਼ਨਾਨ ਇਕ ਅਕਾਲ ਪੁਰਖ ਦਾ ਧਿਆਨ ਧਰ ਕੇ 'ਵਾਹਿਗੁਰੂ' ਦਾ ਜਾਪ ਕਰਨਾ ਹੈ। ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ। (ਵਾਰ 13 ਪਉੜੀ 2)। 1936 ਵਾਲੀ ਰਹਿਤ ਮਰਯਾਦਾ ਵਿਚ ਅੰਕਤ ਸੀ '....ਇਕ ਅਕਾਲਪੁਰਖ ਦਾ ਧਿਆਨ ਕਰਦਾ ਹੋਇਆ ਨਾਮ ਜਪੇ।' ਇਥੇ ਕੇਵਲ ਨਾਮ ਜਪਣ ਦੀ ਗੱਲ ਕੀਤੀ ਗਈ ਸੀ। 1945 ਵਿਚ ਇਸ ਵਿਚ ਤਬਦੀਲੀ ਕਰਦਿਆਂ ਹੋਇਆਂ ਅਕਾਲ ਪੁਰਖ ਦਾ ਧਿਆਨ ਧਰਦਿਆਂ 'ਵਾਹਿਗੁਰੂ' ਦਾ ਨਾਮ ਜਪਣ ਦੀ ਤਾਕੀਦ ਕੀਤੀ ਗਈ ਹੈ। ਨਾਮ ਕਿਸ ਦਾ ਜਪਣਾ ਹੈ ਇਹ ਸਪਸ਼ਟ ਕਰ ਦਿੱਤਾ ਗਿਆ ਹੈ। ਇਹ ਜ਼ਰੂਰੀ ਵੀ ਸੀ। 'ਵਾਹਿਗੁਰੂ ਕਰ ਮੰਤਰ ਹੈ'। ਅੰਮ੍ਰਿਤ ਦੀ ਦਾਤ ਦੇਣ ਲੱਗਿਆਂ ਵੀ ਇਸੇ 'ਵਾਹਿਗੁਰੂ' ਗੁਰ ਮੰਤਰ ਨੂੰ ਦ੍ਰਿੜ੍ਹ ਕਰਵਾਇਆ ਜਾਂਦਾ ਹੈ। ਇਸ ਦੇ ਨਾਲ ਹੀ ਅਰਦਾਸ ਵਿਚ ਵੀ ਵਾਹਿਗੁਰੂ ਨਾਮ ਦੀ ਮੰਗ ਕੀਤੀ ਗਈ ਹੈ। 'ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ।' ਕਈ ਭੇਖੀ ਵਿਅਕਤੀ ਕਈ ਕਿਸਮ ਦੇ ਗੁਪਤ ਮੰਤਰ ਕੰਨਾਂ ਵਿਚ ਫ਼ੂਕਾਂ ਮਾਰ ਕੇ ਭਰਮ ਭੁਲੇਖੇ ਖੜ੍ਹੇ ਕਰਦੇ ਹਨ। ਸੋ ਨਾਮ ਕਿਸ ਦਾ ਜਪਣਾ ਹੈ ਇਸ ਬਾਰੇ ਕੋਈ ਭਰਮ ਭੁਲੇਖਾ ਨਾ ਰਹਿ ਜਾਏ ਇਸ ਲਈ ਪੰਥਕ ਤੌਰ 'ਤੇ ਕੀਤੀ ਗਈ ਇਹ ਤਬਦੀਲੀ ਪੰਥ ਵਿਚ ਇਕਸਾਰਤਾ ਬਖਸ਼ਦੀ ਹੈ। ਭਾਈ ਗੁਰਦਾਸ ਦੋਇਮ ਦਾ ਕਥਨ ਹੈ,

**ਹਰਿ ਵਾਹਿਗੁਰੂ ਮੰਤਰ ਅਗੰਮ ਜਗ ਤਾਰਨਹਾਰਾ।**
**ਜੋ ਸਿਮਰਹਿ ਨਰ ਪ੍ਰੇਮ ਸਿਉ ਪਹੁੰਚੈ ਦਰਬਾਰਾ।**
**ਸਭਪਕੜੋ ਚਰਨ ਗੋਬਿੰਦ ਕੇ ਛਾਡੋ ਜੰਜਾਰਾ।**
**ਨਾਤਰੁ ਦਰਗਹ ਕਟੀਅਨੁ ਮਨਮੁਖਿ ਕੂੜਿਆਰਾ।**

(ਭਾਈ ਗੁਰਦਾਸ, ਦੋਇਮ, ਵਾਰ ੪੧/੧੮)

੨. ਨਿਤਨੇਮ ਦਾ ਪਾਠ ਕਰੋ। ਨਿਤਨੇਮ ਦੀਆਂ ਬਾਣੀਆਂ ਇਹ ਹਨ:

(ਜਪੁ, ਜਾਪੁ ਅਤੇ 10 ਸਵੱਯੇ ('ਸ੍ਰਾਵਗ ਸੁਧ' ਵਾਲੇ)। ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ। ਸੋ ਦਰੁ ਰਹਿਰਾਸ-ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ :- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋ ਦਰੁ' ਤੋਂ ਲੈਕੇ 'ਸਰਨਿ ਪਰੇ ਕੀ ਰਾਖਹੁ ਸਰਮਾ' ਤੱਕ), ਬੇਨਤੀ ਚੌਪਈ ਪਾਤਸ਼ਾਹੀ 10 ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤੱਕ, ਸ੍ਵੈਯਾ ('ਪਾਇ ਗਹੇ ਜਬ ਤੇ ਤੁਮਰੇ') ਅਤੇ ਦੋਹਰਾ ('ਸਗਲ ਦੁਆਰ ਕਉ ਛਾਡਿ ਕੈ'), ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ, ਮੁੰਦਾਵਣੀ ਤੇਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ।' ਸੋਹਿਲਾ -ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ।

ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫)


ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ :

2. ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ :-

ਜਪੁ, ਜਾਪੁ ਅਤੇ 10 ਸਵੱਯੇ (ਸ੍ਰਾਵਗ ਸੁਧ' ਵਾਲੇ)- ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।

ਸੋਦਰੁ ਰਹਿਰਾਸ-ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ :-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤੱਕ), ਬੇਨਤੀ ਚੌਪਈ ਪਾਤਸ਼ਾਹੀ 10 ('ਹਮਰੀ ਕਰਉ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤੱਕ), ਸ੍ਵੈਸਾ ('ਪਾਇ ਗਹੇ ਜਬ ਤੇ ਤੁਮਰੇ') ਅਤੇ ਦੋਹਰਾ ('ਸਗਲ ਦੁਆਰ ਕਉ ਛਾਡਿ ਕੈ'), ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ।




ਸੋਹਿਲਾ-ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ।

ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੨)

**ਤਬਦੀਲੀ :**

1936 ਵਿਚ ਪ੍ਰਵਾਨ ਕੀਤੀ ਗਈ ਸੋ ਦਰੁ ਰਹਿਰਾਸ ਦੀ ਮੱਦ ਵਿਚ ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ' ਵਾਧਾ ਕੀਤਾ ਗਿਆ।

**ਵਿਆਖਿਆ**

ਸ਼ਖਸੀ ਰਹਿਣੀ ਦੇ ਨਾਮ ਬਾਣੀ ਦਾ ਅਭਿਆਸ ਕਾਂਡ ਦੀ ਦੂਸਰੀ ਮੱਦ ਹੈ ਨਿਤਨੇਮ ਦਾ ਪਾਠ ਕਰੇ। ਨਿਤਨੇਮ ਜਿਵੇਂ ਨਾਮ ਤੋਂ ਹੀ ਸਪਸ਼ਟ ਹੈ, ਨਿਤ ਦਾ ਨੇਮ ਜਾਂ ਨਿਯਮ। ਹਰ ਸਿੱਖ ਨੇ ਇਸ ਵਿਚ ਅੰਕਤ ਪੰਜ ਬਾਣੀਆਂ ਦਾ ਪਾਠ ਹਰ ਰੋਜ਼ ਬਿਨਾਂ ਨਾਗਾ ਕਰਨਾ ਹੈ। ਇਨ੍ਹਾਂ ਵਿਚ ਤਿੰਨ ਬਾਣੀਆਂ ਜਪੁ, ਜਾਪੁ ਅਤੇ ਸਵੱਯੇ ਅੰਮ੍ਰਿਤ ਵੇਲੇ, ਇਕ ਬਾਣੀ ਸੋ ਦਰੁ ਰਹਰਾਸਿ ਸੰਧਿਆ ਵੇਲੇ ਅਤੇ ਇਕ ਬਾਣੀ ਸੋਹਿਲਾ ਦਾ ਪਾਠ ਰਾਤ ਨੂੰ ਬਿਸ੍ਰਾਮ ਕਰਨ ਲੱਗਿਆਂ ਕਰਨਾ ਹੈ। ਸਿੱਖ ਰਹਿਤ ਮਰਯਾਦਾ ਵਿਚ ਇਹ ਸਪਸ਼ਟ ਅੰਕਤ ਕੀਤਾ ਗਿਆ ਹੈ ਕਿ ਹਰ ਰੋਜ਼ ਘੱਟ ਤੋਂ ਘੱਟ ਇਨ੍ਹਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਜਾਂ ਸੁਣਨਾ। ਇਸ ਤਰ੍ਹਾਂ ਨਿਤਨੇਮ ਦੇ ਪਾਠ ਨੂੰ ਕੇਵਲ ਪੰਜ ਬਾਣੀਆਂ ਤੱਕ ਹੀ ਸੀਮਤ ਨਹੀਂ ਕੀਤਾ ਗਿਆ ਬਲਕਿ ਜਿਤਨੀ ਵੱਧ ਤੋਂ ਵੱਧ ਬਾਣੀ ਦਾ ਪਾਠ ਕੀਤਾ ਜਾ ਸਕੇ ਮੁਬਾਰਕ ਹੈ ਪਰ ਇਨ੍ਹਾਂ ਪੰਜ ਬਾਣੀਆਂ ਦਾ ਨਿਤਨੇਮ ਲਾਜ਼ਮੀ ਹੈ।

ਅੰਕ ਪੰਜ ਦਾ ਗੁਰਮਤਿ ਨਾਲ ਬੜਾ ਗੂੜ੍ਹਾ ਸਬੰਧ ਹੈ। "ਪੰਚ ਮਨਾਏ ਪੰਚ ਰੁਸਾਏ॥ ਪੰਚ ਵਸਾਏ ਪੰਚ ਗਵਾਏ॥੧॥" (ਮ. ੫, 430) ਨਿਤਨੇਮ ਅਤੇ ਅੰਮ੍ਰਿਤ ਸੰਚਾਰ ਦੀਆਂ ਪੰਜ ਪੰਜ ਬਾਣੀਆਂ, ਪੰਜ ਪਿਆਰੇ, ਪੰਜ ਕਕਾਰ, ਪੰਜ ਚੂਲੇ, ਪੰਜ ਤੱਤ, ਪੰਜ ਤੀਰ, ਪੰਜ ਗ੍ਰੰਥੀ, ਪੰਜ ਸਰੋਵਰ, ਪੰਜ ਕਿਲ੍ਹੇ, ਪੰਜ ਵਿਕਾਰ ਆਦਿ ਆਦਿ।

(ਚਲਦਾ)

# ਪੰਜਾਬੀ ਰੇਡੀਓ ਯੂ.ਐਸ.ਏ. ਵੱਲੋਂ ਵਿਰਾਸਤੀ ਪ੍ਰੋਗਰਾਮ 'ਸੰਦਲੀ ਪੈੜਾਂ' ਦੌਰਾਨ ਲੱਗੀਆਂ ਰੌਣਕਾਂ

## ਪੁਰਾਤਨ ਵਸਤਾਂ ਦਾ ਕੀਤਾ ਪ੍ਰਦਰਸ਼ਨ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ): ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਵੱਲੋਂ ਆਪਣੇ ਅਮੀਰ ਵਿਰਸੇ ਨੂੰ ਅੱਗੇ ਤੋਰਨ ਅਤੇ ਨਵੀਂ ਪੀੜ੍ਹੀ ਨੂੰ ਨਾਲ ਜੋੜਨ ਲਈ ਉਪਰਾਲੇ ਹੁੰਦੇ ਹਨ। ਇਸੇ ਲੜੀ ਤਹਿਤ 'ਪੰਜਾਬੀ ਰੇਡੀਓ ਯੂ.ਐਸ.ਏ.' ਅਤੇ 'ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ.' ਵੱਲੋਂ ਆਪਣੇ ਰੇਡੀਓ ਸਟੇਸ਼ਨ ਦੇ ਬਾਹਰ ਬਣੀ ਸਟੇਜ਼ ਅਤੇ ਖੁੱਲੇ ਵਿਹੜੇ ਵਿੱਚ ਇਸੇ ਵਿਰਾਸਤ ਨੂੰ ਅੱਗੇ ਤੋਰਦਾ ਪ੍ਰੋਗਰਾਮ "ਸੰਦਲੀ ਪੈੜਾਂ" ਕਰਵਾਇਆ ਗਿਆਂ। ਜਿਸ ਵਿੱਚ ਪੰਜਾਬੀ ਵਿਰਸੇ ਨਾਲ ਸੰਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਉਣ ਤੋਂ ਇਲਾਵਾ ਵਿਰਾਸਤੀ ਖੇਡਾਂ ਅਤੇ ਵਿਰਾਸਤੀ ਗੀਤ-ਸੰਗੀਤ ਨੂੰ ਪੇਸ਼ ਕੀਤਾ ਗਿਆ।

ਇਸ ਪ੍ਰੋਗਰਾਮ ਦੀ ਖਾਸ ਗੱਲ ਇਹ ਵੀ ਸੀ ਕਿ ਵਿਆਹ ਵਰਗੇ ਸਿਰਜੇ ਮਹੌਲ ਵਿੱਚ ਬਜ਼ੁਰਗਾਂ, ਨੌਜਵਾਨਾਂ, ਬੱਚਿਆਂ ਵਿੱਚ ਮਰਦਾਂ ਅਤੇ ਔਰਤਾਂ ਸਭ ਨੇ ਰਲ ਕੇ ਆਪਣੀ-ਆਪਣੀ ਪੇਸ਼ਕਾਰੀ ਰਾਹੀ ਆਪਣੇ ਪੰਜਾਬੀ ਸੱਭਿਆਚਾਰ ਵਿਰਸੇ ਦੇ ਰੰਗ ਬੰਨੇ। ਜਿਸ ਤਰ੍ਹਾਂ ਵਿਰਾਸਤੀ ਗੀਤ, ਬੋਲੀਆਂ, ਘੋੜੀਆਂ ਅਤੇ ਲੰਮੀਆਂ ਹੇਕਾਂ ਵਾਲੇ ਗੀਤ ਆਦਿਕ ਰਾਹੀਂ ਖੂਬ ਰੰਗ ਬੰਨੇ। ਜਦ ਕਿ ਮਿਊਜ਼ੀਕਲ ਚੇਅਰ,ਕੋਟਲਾ-ਛਪਾਕੀ, ਕਿੱਕਲੀ, ਪੀਂਘਾਂ ਆਦਿਕ ਵੀ ਇਸ ਪ੍ਰੋਗਰਾਮ ਦਾ ਹਿੱਸਾ ਬਣੇ।

ਇਸ ਸਮੇਂ ਖਾਣੇ ਅਤੇ ਹੋਰ ਵੱਖਰੇ-ਵੱਖਰੇ ਸਟਾਲ ਵੀ ਸਭ ਲਈ ਖਿੱਚ ਦਾ ਕੇਂਦਰ ਰਹੇ। ਇਸ ਸਮੇਂ ਬੀਬੀਆਂ ਦੁਆਰਾ ਵਿਰਾਸਤੀ ਗੀਤ ਗਾਏ ਗਏ। ਇਸ ਤੋਂ ਇਲਾਵਾ ਸਥਾਨਿਕ ਗਾਇਕਾ ਨੇ ਵੀ ਗੀਤਾਂ ਰਾਹੀਂ ਹਾਜ਼ਰੀਨ ਦਾ ਮੰਨੋਰੰਜਨ ਕੀਤਾ। ਬੱਚਿਆਂ ਅਤੇ ਵੱਡਿਆਂ ਦੁਆਰਾਂ ਮਿਊਜੀਕਲ ਚੇਅਰ ਦੇ ਮੁਕਾਬਲੇ ਵੀ ਹੋਏ। ਇਸੇ ਤਰ੍ਹਾਂ ਲੱਗੀਆਂ ਪੀਂਘਾਂ ਦਾ ਵੀ ਸਭ ਨੇ ਅਨੰਦ ਮਾਣਿਆ। ਸਟੇਜ਼ ਸੰਚਾਲਨ ਬੜੇ ਜੋਸ਼ ਨਾਲ ਰੇਡੀਓ ਹੋਸਟ ਰਾਜ ਕਰਨਵੀਰ ਸਿੰਘ, ਰੇਡੀਓ ਹੋਸਟ ਰਾਣੀ ਕਾਹਲੋਂ ਅਤੇ ਰੇਡੀਓ ਹੋਸਟ ਮਕਸੂਦ ਮੱਲ੍ਹੀ ਨੇ ਵਿਰਾਸਤੀ ਧੂਮਾਂ ਪਾਉਦੇ ਹੋਏ ਕੀਤਾ।

ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਟੀ-ਸਰਟਾਂ ਅਤੇ ਕੱਪ ਦੇ ਕੇ ਸਨਮਾਨਿਆ ਗਿਆ। ਪੰਜਾਬੀ ਰੇਡੀਓ ਯੂ.ਐਸ.ਏ. ਅਤੇ ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਵੱਲੋਂ ਇਸ ਤੋਂ ਪਹਿਲਾਂ ਵੀ ਕਈ ਵਾਰ ਪੰਜਾਬੀ ਸੱਭਿਆਚਾਰਿਕ ਵਿਰਸੇ ਨੂੰ ਸਮਰਪਿਤ ਬਹੁਤ ਪ੍ਰੋਗਰਾਮ ਸਫਲਤਾ ਪੂਰਵਕ ਕਰਵਾਏ ਜਾ ਚੁੱਕੇ ਹਨ।

ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਸ. ਹਰਜੋਤ ਸਿੰਘ ਖਾਲਸਾ, ਬੀਬੀ ਬਲਵਿੰਦਰ ਕੌਰ ਖਾਲਸਾ ਅਤੇ ਪੰਜਾਬੀ ਰੇਡੀਓ ਯੂ.ਐਸ.ਏ. ਦੀ ਟੀਮ ਵਧਾਈ ਦੀ ਪਾਤਰ ਹੈ। ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆਂ।






# Balsani Welders & Builders

## We Design, Manufacture & Ship Nationwide

**All Kind of Welding & Fabrication Services Available**

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।






## ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ


ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION





**ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।**

## S. Iqbal Singh

844-573-3824 | 510 862 2332

433 W Scotts Ave Stockton, CA 95203

PH: (925) 487-7117

# ਭਾਰਤੀ ਹਾਈ ਕਮਿਸ਼ਨਰ ਨੂੰ ਗੁਰਦੁਆਰੇ ਜਾਣ ਤੋਂ ਰੋਕਿਆ

## ਸਕਾਟਲੈਂਡ ਦੇ ਅਧਿਕਾਰਤ ਦੌਰੇ 'ਤੇ ਸਨ ਬਰਤਾਨੀਆ 'ਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਰਾਈਸਵਾਮੀ





ਲੰਡਨ : ਯੂਕੇ ਵਿਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਰਾਈਸਵਾਮੀ, ਜੋ ਕਿ ਇਸ ਹਫ਼ਤੇ ਸਕਾਟਲੈਂਡ ਦੇ ਦੌਰੇ ਉਤੇ ਸਨ, ਨੂੰ ਇਕ ਗੁਰਦੁਆਰੇ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ। ਭਾਰਤੀ ਹਾਈ ਕਮਿਸ਼ਨਰ ਮਿੱਥੇ ਪ੍ਰੋਗਰਾਮ ਮੁਤਾਬਕ ਗਲਾਸਗੋ ਦੇ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਗਏ ਸਨ ਜੋ ਕਿ ਅਲਬਰਟ ਡਰਾਈਵ ਉਤੇ ਪੈਂਦਾ ਹੈ। 'ਸਿੱਖ ਯੂਥ ਯੂਕੇ' ਦੇ ਮੈਂਬਰਾਂ ਵੱਲੋਂ ਪੋਸਟ ਵੀਡੀਓ ਵਿਚ ਉਨ੍ਹਾਂ ਦਾ ਗੁਰਦੁਆਰੇ ਦੇ ਪ੍ਰਬੰਧਕਾਂ ਨਾਲ ਟਕਰਾਅ ਹੁੰਦਾ ਨਜ਼ਰ ਆ ਰਿਹਾ ਹੈ ਤੇ ਇਨ੍ਹਾਂ ਵਿਚੋਂ ਕਈ ਹਾਈ ਕਮਿਸ਼ਨਰ ਦੀ ਕਾਰ ਵੱਲ ਜਾਂਦੇ ਹਨ ਤੇ ਉਨ੍ਹਾਂ ਨੂੰ ਉੱਥੋਂ ਜਾਣ ਲਈ ਕਹਿੰਦੇ ਹਨ। ਸਥਾਨਕ ਪੁਲਿਸ ਮੁਤਾਬਕ ਉਨ੍ਹਾਂ ਨੂੰ ਕਿਸੇ 'ਗੜਬੜੀ' ਦੀ ਸੂਚਨਾ ਦੇ ਕੇ ਫੋਨ ਕਰ ਕੇ ਮੌਕੇ ਉਤੇ ਸੱਦਿਆ ਗਿਆ ਸੀ ਤੇ ਜਾਂਚ ਜਾਰੀ ਹੈ। ਸਕਾਟਲੈਂਡ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ੁੱਕਰਵਾਰ (29 ਸਤੰਬਰ) ਦੁਪਹਿਰ ਬਾਅਦ 1.05 'ਤੇ ਫੋਨ ਆਇਆ ਤੇ ਅਲਬਰਟ ਡਰਾਈਵ ਇਲਾਕੇ ਵਿਚ 'ਗੜਬੜੀ' ਵਾਲੀ ਥਾਂ ਸੱਦਿਆ ਗਿਆ। ਪੁਲਿਸ ਨੇ ਕਿਹਾ ਕਿ ਕਿਸੇ ਦੇ ਫੱਟੜ ਹੋਣ ਦੀ ਸੂਚਨਾ ਨਹੀਂ ਹੈ ਤੇ 'ਸਾਰੀ ਸਥਿਤੀ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।' ਜ਼ਿਕਰਯੋਗ ਹੈ ਕਿ ਹਰਦੀਪ ਸਿੰਘ ਨਿੱਝਰ ਦੀ ਸਰੀ ਵਿਚ ਹੋਈ ਹੱਤਿਆ ਦੇ ਮਾਮਲੇ 'ਚ ਭਾਰਤ ਤੇ ਕੈਨੇਡਾ ਵਿਚਾਲੇ ਤਣਾਅ ਬਣਿਆ ਹੋਇਆ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਨਿ ਟਰੂਡੋ ਨੇ ਇਸ ਹੱਤਿਆ ਵਿਚ 'ਭਾਰਤੀ ਏਜੰਟਾਂ' ਦੀ ਸ਼ਮੂਲੀਅਤ ਦੇ ਦੋਸ਼ ਲਾਏ ਸਨ। ਜਦਕਿ ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਸੀ। ਇਸ ਦੌਰਾਨ ਉਨ੍ਹਾਂ ਸਥਾਨਕ ਸਿਆਸੀ ਆਗੂਆਂ, ਭਾਰਤੀ ਭਾਈਚਾਰੇ ਦੇ ਮੈਂਬਰਾਂ, ਕਾਰੋਬਾਰੀ ਆਗੂਆਂ ਤੇ ਯੂਨੀਵਰਸਿਟੀ ਗਰੁੱਪਾਂ ਨਾਲ ਮੁਲਾਕਾਤਾਂ ਕੀਤੀਆਂ ਹਨ। ਦੌਰੇ ਦੇ ਆਖ਼ਰੀ ਪੜਾਅ ਵਿਚ ਉਹ ਗੁਰਦੁਆਰੇ ਗਏ ਸਨ ਜਿੱਥੇ ਇਹ ਘਟਨਾ ਵਾਪਰੀ। ਮਾਮਲੇ ਦੇ ਜਾਣਕਾਰ ਅਧਿਕਾਰੀਆਂ ਮੁਤਾਬਕ, ਗੁਰਦੁਆਰੇ ਵਿਚ ਇਹ ਮੀਟਿੰਗ ਗੁਰਦੁਆਰਾ ਕਮੇਟੀ ਦੀ ਬੇਨਤੀ ਉਤੇ ਬਾਕੀ ਪ੍ਰੋਗਰਾਮਾਂ ਦੇ ਨਾਲ ਹੀ ਰੱਖੀ ਗਈ ਸੀ। ਇਸ ਤਹਿਤ ਉਨ੍ਹਾਂ ਸਿੱਖ ਗਰੁੱਪਾਂ ਨਾਲ ਮੁਲਾਕਾਤ ਕਰਨੀ ਸੀ ਤੇ ਕੌਂਸਲਰ ਅਤੇ ਹੋਰਨਾਂ ਮਾਮਲਿਆਂ 'ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣਨੀਆਂ ਸਨ। ਸੂਤਰਾਂ ਮੁਤਾਬਕ ਕੁਝ ਬਾਹਰਲੇ ਵਿਅਕਤੀਆਂ ਤੇ ਕੱਟੜਵਾਦੀ ਤੱਤਾਂ ਵੱਲੋਂ ਦਿੱਤੇ ਬੇਲੋੜੇ ਦਖ਼ਲ ਕਾਰਨ ਹਾਈ ਕਮਿਸ਼ਨਰ ਤੇ ਸ਼ਹਿਰ ਦੇ ਬਹੁਗਿਣਤੀ ਸ਼ਾਂਤੀ-ਪਸੰਦ ਸਿੱਖਾਂ ਵਿਚਾਲੇ ਇਹ ਮੁਲਾਕਾਤ ਨਹੀਂ ਹੋ ਸਕੀ। ਦੱਸਣਯੋਗ ਹੈ ਕਿ ਸਕਾਟਲੈਂਡ ਦੇ ਫਸਟ ਮਨਿਸਟਰ ਹਮਜ਼ਾ ਯੂਸਫ਼ ਨਾਲ ਭਾਰਤੀ ਹਾਈ ਕਮਿਸ਼ਨਰ ਦੀ ਹੋਈ ਮੁਲਾਕਾਤ ਵਿਚ ਬਰਤਾਨਵੀ ਸਿੱਖ ਜਗਤਾਰ ਸਿੰਘ ਜੌਹਲ ਦਾ ਮੁੱਦਾ ਵੀ ਉੱਭਰਿਆ ਸੀ, ਜੋ ਭਾਰਤੀ ਜੇਲ੍ਹ ਵਿਚ ਹੈ। ਭਾਰਤੀ ਹਾਈ ਕਮਿਸ਼ਨਰ ਨੇ ਟਵੀਟ ਕੀਤਾ ਕਿ ਜੌਹਲ ਦੇ ਕੇਸ ਵਿਚ ਕਾਨੂੰਨੀ ਪ੍ਰਕਿਰਿਆ ਦਾ ਪੂਰਾ ਪਾਲਣ ਕੀਤਾ ਜਾ ਰਿਹਾ ਹੈ।

### ਮਨਜਿੰਦਰ ਸਿਰਸਾ ਵੱਲੋਂ ਹਾਈ ਕਮਿਸ਼ਨਰ ਨੂੰ ਰੋਕਣ ਦੀ ਨਿਖੇਧੀ

ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਸਕਾਟਲੈਂਡ ਵਿਚ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਈਸਵਾਮੀ ਨੂੰ ਸਕਾਟਲੈਂਡ ਦੇ ਗੁਰਦੁਆਰਾ ਸਾਹਿਬ ਵਿਚ ਜਾਣ ਤੋਂ ਰੋਕਣ ਦੀ ਨਿਖੇਧੀ ਕੀਤੀ ਹੈ। ਇੱਥੇ ਜਾਰੀ ਬਿਆਨ ਵਿਚ ਸਿਰਸਾ ਨੇ ਕਿਹਾ ਕਿ ਗੁਰੂ ਸਾਹਿਬ ਨੇ ਗੁਰਦੁਆਰਾ ਸਾਹਿਬਾਨ ਦੇ ਚਾਰ ਦਰਵਾਜ਼ੇ ਇਸ ਕਰ ਕੇ ਰੱਖੇ ਸਨ ਕਿ ਕਿਸੇ ਵੀ ਧਰਮ ਜਾਂ ਜਾਤੀ ਦਾ ਵਿਅਕਤੀ ਬਿਨਾ ਕਿਸੇ ਰੁਕਾਵਟ ਦੇ ਗੁਰਦੁਆਰਾ ਸਾਹਿਬ ਵਿਚ ਆ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਸਕੇ। ਸਿਰਸਾ ਨੇ ਕਿਹਾ ਕਿ ਸਿਰਫ ਕੁਝ ਗਿਣਤੀ ਦੇ ਲੋਕ ਹਨ ਜੋ ਕਿਸੇ ਨੂੰ ਗੁਰਦੁਆਰਾ ਸਾਹਿਬ ਵਿਚ ਆਉਣ ਤੋਂ ਰੋਕਣ ਵਰਗੀਆਂ ਹਰਕਤਾਂ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਦੇਖਣਾ ਬਹੁਤ ਹੀ ਦੁਖਦਾਈ ਹੈ ਕਿ ਕੌਮ ਦੇ ਕੁਝ ਸੀਮਤ ਗਿਣਤੀ ਦੇ ਲੋਕ ਅਜਿਹੀਆਂ ਗਤੀਵਿਧੀਆਂ ਵਿਚ ਸ਼ਾਮਲ ਹੁੰਦੇ ਹਨ, ਪਰ ਸਮੁੱਚੀ ਕੌਮ ਦੀ ਬਦਨਾਮੀ ਹੁੰਦੀ ਹੈ।

# ਅਮਰੀਕਾ-ਭਾਰਤ ਦੇ ਰਿਸ਼ਤੇ ਚੰਦਰਯਾਨ ਵਾਂਗ ਚੰਨ ਤੱਕ ਪਹੁੰਚਣਗੇ : ਜੈਸ਼ੰਕਰ

ਵਾਸ਼ਿੰਗਟਨ : ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਹੈ ਕਿ ਭਾਰਤ ਅਤੇ ਅਮਰੀਕਾ ਦੇ ਰਿਸ਼ਤੇ ਹੁਣ ਤੱਕ ਦੇ ਉੱਚੇ ਪੱਧਰ 'ਤੇ ਹਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਇਨ੍ਹਾਂ ਨੂੰ ਇਕ ਵੱਖਰੇ ਪੱਧਰ 'ਤੇ ਲੈ ਕੇ ਜਾਵੇਗੀ। ਜੈਸ਼ੰਕਰ ਨੇ ਕਿਹਾ ਕਿ ਇਹ ਦੁਵੱਲੇ ਸਬੰਧ ਚੰਦਰਯਾਨ ਵਾਂਗ ਚੰਦਰਮਾ ਤੱਕ ਅਤੇ ਉਸ ਤੋਂ ਵੀ ਪਰੇ ਪਹੁੰਚਣਗੇ। ਇੱਥੇ ਭਾਰਤੀ ਦੂਤਘਰ ਵੱਲੋਂ ਸ਼ਨੀਵਾਰ ਨੂੰ ਆਯੋਜਿਤ 'ਸੇਲੀਬ੍ਰੇਟਿੰਗ ਕਲਰਸ ਆਫ ਫਰੈਂਡਸ਼ਿਪ' ਪ੍ਰੋਗਰਾਮ 'ਚ ਹਿੱਸਾ ਲੈਣ ਲਈ ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਤੋਂ 'ਇੰਡੀਆ ਹਾਊਸ' 'ਚ ਇਕੱਠੇ ਹੋਏ ਸੈਂਕੜੇ ਭਾਰਤੀ-ਅਮਰੀਕੀਆਂ ਨੂੰ ਸੰਬੋਧਿਤ ਕਰਦੇ ਹੋਏ ਜੈਸ਼ੰਕਰ ਨੇ ਕਿਹਾ ਕਿ "ਅੱਜ ਇਕ ਸਪੱਸ਼ਟ ਸੰਦੇਸ਼ ਹੈ ਕਿ ਸਾਡਾ ਰਿਸ਼ਤਾ ਸਭ ਤੋਂ ਉੱਚੇ ਪੱਧਰ 'ਤੇ ਹੈ, ਪਰ ਜਿਵੇਂ ਕਿ ਅਮਰੀਕਾ ਵਿੱਚ ਕਿਹਾ ਜਾਂਦਾ ਹੈ, ਤੁਸੀਂ ਅਜੇ ਤੱਕ ਕੁਝ ਨਹੀਂ ਦੇਖਿਆ ਹੈ, ਅਸੀਂ ਇਨ੍ਹਾਂ ਸਬੰਧਾਂ ਨੂੰ ਇੱਕ ਵੱਖਰੇ ਪੱਧਰ 'ਤੇ ਇੱਕ ਵੱਖਰੇ ਸਥਾਨ 'ਤੇ ਲੈ ਕੇ ਜਾ ਰਹੇ ਹਾਂ।"

ਜੈਸ਼ੰਕਰ ਨੇ ਕਿਹਾ ਕਿ ਜੀ-20 ਦੀ ਸਫਲਤਾ ਅਮਰੀਕਾ ਦੇ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ ਸੀ। ਉਸ ਨੇ ਕਿਹਾ ਕਿ "ਜਦੋਂ ਚੀਜ਼ਾਂ ਚੰਗੀਆਂ ਹੁੰਦੀਆਂ ਹਨ, ਤਾਂ ਮੇਜ਼ਬਾਨ ਨੂੰ ਹਮੇਸ਼ਾ ਕ੍ਰੈਡਿਟ ਮਿਲਦਾ ਹੈ। ਇਹ ਢੁਕਵਾਂ ਵੀ ਹੈ, ਪਰ ਜੇ ਸਾਰੇ ਜੀ-20 ਮੈਂਬਰ ਦੇਸ਼ ਇਸ ਸਮਾਗਮ ਦੀ ਸਫਲਤਾ ਲਈ ਕੰਮ ਨਾ ਕਰਦੇ, ਤਾਂ ਇਹ ਸੰਭਵ ਨਹੀਂ ਸੀ।" ਜੈਸ਼ੰਕਰ ਨੇ ਭਾਰਤੀ-ਅਮਰੀਕੀਆਂ ਦੀਆਂ ਤਾੜੀਆਂ ਦੀ ਗੂੰਜ ਵਿਚ ਕਿਹਾ ਕਿ "ਮੈਂ ਅੱਜ ਇਸ ਦੇਸ਼ ਵਿਚ ਹਾਂ। ਇਸ ਲਈ ਮੈਂ ਜੀ-20 ਨੂੰ ਸਫਲ ਬਣਾਉਣ ਲਈ ਅਮਰੀਕਾ ਤੋਂ ਮਿਲੇ ਯੋਗਦਾਨ, ਸਹਿਯੋਗ ਅਤੇ ਸਮਝ ਦੀ ਜਨਤਕ ਤੌਰ 'ਤੇ ਸ਼ਲਾਘਾ ਕਰਨਾ ਚਾਹਾਂਗਾ।" ਉਸ ਨੇ ਕਿਹਾ ਕਿ "ਸ਼ਾਬਦਿਕ ਤੌਰ 'ਤੇ ਇਹ ਸਾਡੀ ਸਫਲਤਾ ਹੋ ਸਕਦੀ ਹੈ ਪਰ ਮੈਨੂੰ ਲਗਦਾ ਹੈ ਕਿ ਇਹ ਜੀ-20 (ਰਾਸ਼ਟਰਾਂ) ਦੀ ਸਫਲਤਾ ਸੀ। ਮੇਰੇ ਲਈ ਇਹ ਭਾਰਤ-ਅਮਰੀਕਾ ਭਾਈਵਾਲੀ ਦੀ ਸਫਲਤਾ ਵੀ ਸੀ। ਕਿਰਪਾ ਕਰਕੇ ਇਸ ਸਾਂਝੇਦਾਰੀ ਨੂੰ ਉਹ ਸਮਰਥਨ ਦੇਣਾ ਜਾਰੀ ਰੱਖੋ, ਜਿਸਦੀ ਇਸਦੀ ਲੋੜ ਹੈ, ਜਿਸ ਦੀ ਇਹ ਹੱਕਦਾਰ ਹੈ। ਮੈਂ ਤੁਹਾਡੇ ਨਾਲ ਵਾਅਦਾ ਕਰ ਸਕਦਾ ਹਾਂ ਕਿ ਇਹ ਰਿਸ਼ਤੇ ਚੰਦਰਯਾਨ ਦੀ ਤਰ੍ਹਾਂ ਚੰਦਰਮਾ ਤੱਕ ਸ਼ਾਇਦ ਇਸ ਤੋਂ ਵੀ ਅੱਗੇ ਜਾਣਗੇ,।"



ਜੈਸ਼ੰਕਰ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੇ ਮਨੁੱਖੀ ਰਿਸ਼ਤੇ ਇਸ ਦੁਵੱਲੇ ਰਿਸ਼ਤੇ ਨੂੰ ਹੋਰ ਵਿਲੱਖਣ ਬਣਾਉਂਦੇ ਹਨ। ਉਨ੍ਹਾਂ ਕਿਹਾ "ਦੇਸ਼ ਇੱਕ ਦੂਜੇ ਨਾਲ ਵਪਾਰ ਕਰਦੇ ਹਨ। ਦੇਸ਼ ਇੱਕ ਦੂਜੇ ਨਾਲ ਸਿਆਸਤ ਕਰਦੇ ਹਨ। ਉਨ੍ਹਾਂ ਦੇ ਫੌਜੀ ਸਬੰਧ ਹਨ, ਉਹ ਅਭਿਆਸ ਕਰਦੇ ਹਨ ਅਤੇ ਉਨ੍ਹਾਂ ਵਿਚਕਾਰ ਸੱਭਿਆਚਾਰਕ ਅਦਾਨ-ਪ੍ਰਦਾਨ ਹੁੰਦਾ ਹੈ, ਪਰ ਜਦੋਂ ਦੋ ਦੇਸ਼ਾਂ ਵਿਚਕਾਰ ਡੂੰਘੇ ਮਨੁੱਖੀ ਸਬੰਧ ਹੁੰਦੇ ਹਨ, ਤਾਂ ਇਹ ਬਿਲਕੁਲ ਵੱਖਰੀ ਸਥਿਤੀ ਹੈ। ਇਹ ਅੱਜ ਸਾਡੇ ਸਬੰਧਾਂ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ।" ਜੈਸ਼ੰਕਰ ਨੇ ਕਿਹਾ ਕਿ ਪ੍ਰਵਾਸੀ ਭਾਰਤੀਆਂ ਨੇ ਦੁਵੱਲੇ ਸਬੰਧਾਂ ਨੂੰ ਬਣਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ, "ਇਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਉਸ ਬੁਨਿਆਦ 'ਤੇ ਹੈ ਜਿਸਦੀ ਅਸੀਂ ਉਡੀਕ ਕਰ ਰਹੇ ਹਾਂ ਅਤੇ ਇਹ ਉਹੀ ਭਾਈਚਾਰਾ ਹੈ ਜੋ ਇਸ ਨੂੰ ਸੰਭਵ ਬਣਾਏਗਾ।" ਮੰਤਰੀ ਨੇ ਕਿਹਾ ਕਿ ਅੱਜ ਦਾ ਭਾਰਤ ਪਹਿਲਾਂ ਦੇ ਭਾਰਤ ਨਾਲੋਂ ਵੱਖਰਾ ਹੈ। ਉਸਨੇ ਕਿਹਾ,"ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਜਿਸ ਬਾਰੇ ਗੱਲ ਕਰ ਰਿਹਾ ਹਾਂ ਉਹ ਅਸਲ ਵਿੱਚ ਇੱਕ ਵੱਖਰਾ ਭਾਰਤ ਹੈ। ਜਿਵੇਂ ਕਿ ਤੁਸੀਂ ਦੂਜਿਆਂ ਤੋਂ ਸੁਣਿਆ ਹੈ, ਇਹ ਭਾਰਤ ਹੀ ਹੈ ਜੋ ਚੰਦਰਯਾਨ-3 ਮਿਸ਼ਨ ਨੂੰ ਪੂਰਾ ਕਰਨ ਦੇ ਸਮਰੱਥ ਹੈ। ਜੈਸ਼ੰਕਰ ਨੇ ਕਿਹਾ, "ਇਹ ਉਹ ਭਾਰਤ ਹੈ ਜੋ ਸਭ ਤੋਂ ਸ਼ਾਨਦਾਰ ਜੀ-20 ਸਿਖਰ ਸੰਮੇਲਨ ਦਾ ਆਯੋਜਨ ਕਰਨ ਦੇ ਯੋਗ ਸੀ ਅਤੇ ਉਨ੍ਹਾਂ ਲੋਕਾਂ ਨੂੰ ਗ਼ਲਤ ਸਾਬਤ ਕੀਤਾ ਜਿਨ੍ਹਾਂ ਨੇ ਕਿਹਾ ਸੀ ਕਿ ਅਸੀਂ 20 ਦੇਸ਼ਾਂ ਨੂੰ ਇਕੱਠੇ ਨਹੀਂ ਕਰ ਸਕਾਂਗੇ।"

# ਅਮਰੀਕਾ 'ਚ ਸ਼ਟਡਾਊਨ ਦਾ ਖ਼ਤਰਾ ਟਲਿਆ, ਰਾਸ਼ਟਰਪਤੀ ਬਾਈਡੇਨ ਨੇ ਬਿੱਲ ਤੇ ਕੀਤੇ ਦਸਤਖ਼ਤ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ 17 ਨਵੰਬਰ ਤੱਕ ਏਜੰਸੀਆਂ ਨੂੰ ਫੰਡ ਦੇਣ ਲਈ ਸੰਸਦ ਦੁਆਰਾ ਪਾਸ ਕੀਤੇ ਬਿੱਲ 'ਤੇ ਦਸਤਖ਼ਤ ਕੀਤੇ, ਜਿਸ ਨਾਲ ਸਰਕਾਰੀ ਬੰਦ ਹੋਣ ਦਾ ਸੰਕਟ ਟਲ ਗਿਆ। ਇਸ ਤੋਂ ਪਹਿਲਾਂ ਸ਼ਨੀਵਾਰ ਦੇਰ ਰਾਤ ਕਾਂਗਰਸ (ਸੰਸਦ) ਨੇ ਸਰਕਾਰੀ ਏਜੰਸੀਆਂ ਦੇ ਕੰਮਕਾਜ ਨੂੰ ਬਰਕਰਾਰ ਰੱਖਣ ਲਈ ਇੱਕ ਅਸਥਾਈ ਗ੍ਰਾਂਟ ਯੋਜਨਾ ਨਾਲ ਸਬੰਧਤ ਬਿੱਲ ਪਾਸ ਕਰ ਦਿੱਤਾ ਸੀ। ਟੈਕਸ ਨੂੰ ਮਨਜ਼ੂਰੀ ਲਈ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਭੇਜਿਆ ਗਿਆ ਸੀ। ਇਹ ਜਲਦਬਾਜ਼ੀ ਵਿੱਚ ਪਾਸ ਕੀਤੇ ਗਏ ਬਿੱਲ ਵਿੱਚ ਯੂਕ੍ਰੇਨ ਨੂੰ ਮਿਲਟਰੀ ਸਹਾਇਤਾ ਵਿੱਚ ਕਟੌਤੀ ਕਰਨ ਅਤੇ ਬਾਈਡੇਨ ਦੀ ਬੇਨਤੀ 'ਤੇ ਸੰਘੀ ਆਫ਼ਤ ਸਹਾਇਤਾ ਬਜਟ ਵਿੱਚ 16 ਬਿਲੀਅਨ ਡਾਲਰ ਦਾ ਵਾਧਾ ਕਰਨ ਦੀ ਵਿਵਸਥਾ ਹੈ।

ਇਹ ਬਿੱਲ 17 ਨਵੰਬਰ ਤੱਕ ਸਰਕਾਰੀ ਕੰਮਾਂ ਲਈ ਵਿੱਤ ਪ੍ਰਦਾਨ ਕਰੇਗਾ। ਰੂਸ ਨਾਲ ਚੱਲ ਰਹੇ ਯੁੱਧ ਵਿੱਚ ਯੂਕ੍ਰੇਨ ਨੂੰ ਫੌਜੀ ਸਹਾਇਤਾ ਪ੍ਰਦਾਨ ਕਰਨਾ ਵ ?ਹਾਈਟ ਹਾਊਸ ਦੀ ਤਰਜੀਹ ਰਹੀ ਹੈ, ਜਿਸਦਾ ਵੱਡੀ ਗਿਣਤੀ ਵਿੱਚ ਸੰਸਦ ਮੈਂਬਰ ਵਿਰੋਧ ਕਰ ਰਹੇ ਹਨ। ਪ੍ਰਤੀਨਿਧ ਸਦਨ ਵਿੱਚ ਕਈ ਦਿਨਾਂ ਦੇ ਡੈੱਡਲਾਕ ਵਿਚਕਾਰ ਸਦਨ ਦੇ ਸਪੀਕਰ ਕੇਵਿਨ ਮੈਕਕਾਰਥੀ ਨੇ ਸ਼ਨੀਵਾਰ ਰਾਤ ਨੂੰ ਖਰਚਿਆਂ ਵਿੱਚ ਸਖ਼ਤ ਕਟੌਤੀ ਦੀ ਆਪਣੀ ਮੰਗ ਨੂੰ ਛੱਡ ਦਿੱਤਾ ਅਤੇ ਡੈਮੋਕਰੇਟ ਸੰਸਦ ਮੈਂਬਰਾਂ ਦੇ ਸਹਿਯੋਗ ਨਾਲ ਪਾਸ ਕੀਤੇ ਬਿੱਲ ਨੂੰ ਪ੍ਰਵਾਨਗੀ ਲਈ ਸੈਨੇਟ ਨੂੰ ਭੇਜ ਦਿੱਤਾ। ਬਾਅਦ ਵਿੱਚ ਸੈਨੇਟ ਨੇ ਵੀ ਬਿੱਲ ਨੂੰ ਹਰੀ ਝੰਡੀ ਦੇ ਦਿੱਤੀ ਅਤੇ ਇਸਨੂੰ ਕਾਨੂੰਨ ਬਣਾਉਣ ਲਈ ਰਾਸ਼ਟਰਪਤੀ ਬਾਈਡੇਨ ਦੇ ਦਸਤਖ਼ਤ ਲਈ ਭੇਜ ਦਿੱਤਾ।



ਬਾਈਡੇਨ ਨੇ ਇੱਕ ਬਿਆਨ ਵਿੱਚ ਕਿਹਾ ਕਿ "ਇਹ ਅਮਰੀਕੀ ਲੋਕਾਂ ਲਈ ਚੰਗੀ ਖ਼ਬਰ ਹੈ। ਉਸਨੇ ਇਹ ਵੀ ਕਿਹਾ ਕਿ ਸੰਯੁਕਤ ਰਾਜ ਕਿਸੇ ਵੀ ਸਥਿਤੀ ਵਿੱਚ ਯੂਕ੍ਰੇਨ ਲਈ ਅਮਰੀਕੀ ਸਮਰਥਨ ਵਿੱਚ ਵਿਘਨ ਪਾਉਣ ਦੀ ਇਜਾਜ਼ਤ ਨਹੀਂ ਦੇ ਸਕਦਾ ਹੈ ਅਤੇ ਉਮੀਦ ਹੈ ਕਿ ਮੈਕਕਾਰਥੀ ÷ਯੂਕ੍ਰੇਨ ਦੇ ਲੋਕਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਬਰਕਰਾਰ ਰੱਖੇਗਾ ਅਤੇ ਇਸ ਨਾਜ਼ੁਕ ਸਮੇਂ ਵਿੱਚ ਯੂਕ੍ਰੇਨ ਦੀ ਮਦਦ ਲਈ ਜ਼ਰੂਰੀ ਸਹਾਇਤਾ ਦਾ ਸਮਰਥਨ ਕਰੇਗਾ।" ਅਮਰੀਕਾ ਵਿਚ ਸਰਕਾਰ ਨੂੰ ਗ੍ਰਾਂਟ ਦੇਣ ਦੀ ਸਮਾਂ ਸੀਮਾ ਸ਼ਨੀਵਾਰ ਅੱਧੀ ਰਾਤ ਨੂੰ ਖ਼ਤਮ ਹੋਣੀ ਸੀ। ਪ੍ਰਤੀਨਿਧੀ ਸਭਾ ਵਿਚ ਵੋਟਿਗੰ ਤੋਂ ਪਹਿਲਾਂ ਮੈਕਕਾਰਥੀ ਨੇ ਕਿਹਾ ਕਿ ÷ਅਸੀਂ ਆਪਣਾ ਕੰਮ ਕਰਨ ਜਾ ਰਹੇ ਹਾਂ, ਅਸੀਂ ਆਪਣੀ ਜ਼ਿੰਮੇਵਾਰੀ ਨਿਭਾਉਣ ਜਾ ਰਹੇ ਹਾਂ। ਅਸੀਂ ਸਰਕਾਰ ਦਾ ਕੰਮਕਾਜ ਜਾਰੀ ਰੱਖਾਂਗੇ।"ਬਿੱਲ ਦੇ ਪਾਸ ਹੋਣ ਨਾਲ ਅਮਰੀਕੀ ਸਰਕਾਰ ਦੇ ਕੰਮਕਾਜ 'ਚ 'ਸ਼ਟਡਾਊਨ' ਦਾ ਖ਼ਤਰਾ ਫਿਲਹਾਲ ਟਲ ਗਿਆ ਹੈ ਪਰ ਇਸ ਰਾਹਤ ਨੂੰ ਆਰਜ਼ੀ ਮੰਨਿਆ ਜਾ ਰਿਹਾ ਹੈ। ਕਾਂਗਰਸ ਨੂੰ ਸੰਸਦ ਮੈਂਬਰਾਂ ਵਿਚਕਾਰ ਡੂੰਘੇ ਡੈੱਡਲਾਕ ਦੇ ਵਿਚਕਾਰ ਆਉਣ ਵਾਲੇ ਮਹੀਨਿਆਂ ਵਿੱਚ ਸਰਕਾਰ ਨੂੰ ਦੁਬਾਰਾ ਫੰਡ ਪ੍ਰਦਾਨ ਕਰਨ ਦੀ ਜ਼ਰੂਰਤ ਹੋਏਗੀ।


# ਪਰਿਵਾਰ ਨੇ ਭਾਈ ਖੰਡਾ ਦੀ ਮੌਤ ਦੀ ਉਚ ਪੱਧਰੀ ਜਾਂਚ ਦੀ ਕੀਤੀ ਮੰਗ

ਲੰਡਨ : ਭਾਈ ਅਵਤਾਰ ਸਿੰਘ ਖੰਡਾ, ਜਿਸ ਦੀ ਇਸ ਸਾਲ ਮੌਤ ਹੋ ਗਈ ਸੀ, ਦੇ ਪਰਿਵਾਰ ਨੇ ਮੌਤ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਪਰਿਵਾਰ ਦੇ ਨਾਲ-ਨਾਲ ਸਿੱਖ ਫੈਡਰੇਸ਼ਨ ਯੂਕੇ ਵੱਲੋਂ ਇਹ ਅਪੀਲ ਉਸ ਸਮੇਂ ਆਈ ਜਦੋਂ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਭਾਰਤ ਵਿਰੋਧੀ ਪ੍ਰਦਰਸ਼ਨ ਕੀਤਾ। ਮੀਡੀਆ ਮੁਤਾਬਕ ਜਾਂਚ ਦੀ ਮੰਗ ਬੈਰਿਸਟਰ ਮਾਈਕਲ ਪੋਲਕ ਕਰ ਰਹੇ ਹਨ, ਜਿਨ੍ਹਾਂ ਨੇ ਦੋਸ਼ ਲਾਇਆ ਕਿ ਬਰਤਾਨਵੀ ਪੁਲਿਸ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਖੰਡਾ ਖ਼ਤਰੇ ਵਿੱਚ ਸੀ। ਪੋਲਕ ਨੇ ਕਿਹਾ ਕਿ ਉਹ ਨਿਸ਼ਚਿਤ ਤੌਰ 'ਤੇ ਇਹ ਨਹੀਂ ਕਹਿ ਸਕਦੇ ਕਿ ਖੰਡਾ ਦੀ ਮੌਤ ਪਿੱਛੇ ਭਾਰਤ ਦਾ ਹੱਥ ਸੀ ਪਰ ਹਾਲਾਤ ਜਾਂਚ ਦੀ ਮੰਗ ਕਰ ਰਹੇ ਹਨ।



ਖੰਡਾ ਦੀ ਇਸ ਸਾਲ 15 ਜੂਨ ਨੂੰ ਅਚਾਨਕ ਤਬੀਅਤ ਖਰਾਬ ਹੋਣ ਕਾਰਨ ਬਰਮਿੰਘਮ ਦੇ ਹਸਪਤਾਲ ਵਿੱਚ ਦਾਖਲ ਹੋਣ ਤੋਂ ਬਾਅਦ ਮੌਤ ਹੋ ਗਈ ਸੀ। ਮੌਤ ਦਾ ਅਧਿਕਾਰਤ ਕਾਰਨ ਖ਼ੂਨ ਦਾ ਕੈਂਸਰ ਦੱਸਿਆ ਗਿਆ ਸੀ। ਖੰਡਾ ਦੇ ਪਰਿਵਾਰ ਨੇ ਕਿਹ ਕਿ ਉਨ੍ਹਾਂ ਅਜਿਹਾ ਕੋਈ ਮੈਡੀਕਲ ਰਿਕਾਰਡ ਜਾਂ ਰਿਪੋਰਟ ਨਹੀਂ ਦਿੱਤੀ ਗਈ, ਜਿਸ ਤੋਂ ਪਤਾ ਲੱਗੇ ਕਿ ਉਸ ਦੀ ਮੌਤ ਕੈਂਸਰ ਨਾਲ ਹੋਈ ਹੈ। ਉਸ ਦੀ ਮਾਂ, ਜੋ ਕਥਿਤ ਤੌਰ 'ਤੇ ਗ੍ਰਹਿ ਦਫਤਰ ਦੁਆਰਾ ਵੀਜ਼ਾ ਦੇਣ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਅੰਤਿਮ-ਸੰਸਕਾਰ ਵਿੱਚ ਸ਼ਾਮਲ ਨਹੀਂ ਹੋ ਸਕੀ, ਨੇ ਕਿਹਾ ਕਿ ਉਸ ਨੂੰ ਵਿਸ਼ਵਾਸ ਹੈ ਕਿ ਉਸ ਨੂੰ ਜ਼ਹਿਰ ਦਿੱਤਾ ਗਿਆ ਸੀ।

# ਭਾਰਤ ਨੇ ਦਰਜਨਾਂ ਕੈਨੇਡੀਅਨ ਡਿਪਲੋਮੈਟਾਂ ਨੂੰ ਤੁਰੰਤ ਦੇਸ਼ ਛੱਡਣ ਦੇ ਦਿੱਤੇ ਹੁਕਮ



ਨਵੀਂ ਦਿੱਲੀ : ਭਾਰਤ ਅਤੇ ਕੈਨੇਡਾ ਵਿਚਾਲੇ ਵਿਵਾਦ ਤੇਜ਼ ਹੋ ਗਿਆ ਹੈ। ਭਾਰਤ ਸਰਕਾਰ ਨੇ ਦਰਜਨਾਂ ਕੈਨੇਡੀਅਨ ਡਿਪਲੋਮੈਟਾਂ ਨੂੰ ਦੇਸ਼ ਛੱਡਣ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਹੈ। ਫਾਈਨੈਂਸ਼ੀਅਲ ਟਾਈਮਜ਼ ਦੀ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਅਖਬਾਰ ਮੁਤਾਬਕ ਭਾਰਤ ਸਰਕਾਰ ਨੇ ਕੈਨੇਡਾ ਨੂੰ ਕਿਹਾ ਕਿ ਉਸ ਦੇ ਡਿਪਲੋਮੈਟਾਂ ਨੂੰ ਭਾਰਤ ਛੱਡ ਦੇਣਾ ਚਾਹੀਦਾ ਹੈ। ਸਮੁੱਚੇ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਲੋਕਾਂ ਨੇ ਕਿਹਾ ਕਿ ਮੋਦੀ ਸਰਕਾਰ ਨੇ 10 ਅਕਤੂਬਰ ਤੱਕ 40 ਕੈਨੇਡੀਅਨ ਡਿਪਲੋਮੈਟਾਂ ਨੂੰ ਭਾਰਤ ਛੱਡਣ ਦੀ ਗੱਲ ਕਹੀ ਹੈ।

ਭਾਰਤ ਸਰਕਾਰ ਨੇ ਇਸ ਬਾਰੇ ਪਹਿਲਾਂ ਹੀ ਸੰਕੇਤ ਦਿੱਤਾ ਸੀ ਜਦੋਂ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਇੱਥੇ ਹੋਰ ਕੈਨੇਡੀਅਨ ਡਿਪਲੋਮੈਟ ਤਾਇਨਾਤ ਹਨ। ਅਜਿਹੇ 'ਚ ਇਨ੍ਹਾਂ ਦੀ ਗਿਣਤੀ ਘੱਟ ਕਰਨ ਦੀ ਲੋੜ ਹੈ। ਕੈਨੇਡਾ ਵੱਲੋਂ ਅਜੇ ਤੱਕ ਇਸ 'ਤੇ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਕੈਨੇਡਾ ਤੋਂ ਭਾਰਤੀ ਡਿਪਲੋਮੈਟਾਂ ਦੀ ਗਿਣਤੀ ਵੀ ਘੱਟ ਸਕਦੀ ਹੈ। ਭਾਰਤ ਵੱਲੋਂ ਕੈਨੇਡਾ ਖਿਲਾਫ ਕੀਤੀ ਗਈ ਇਹ ਚੌਥੀ ਕਾਰਵਾਈ ਹੈ। ਭਾਰਤ ਨੇ ਸਭ ਤੋਂ ਪਹਿਲਾਂ ਕੈਨੇਡੀਅਨ ਖੁਫੀਆ ਅਧਿਕਾਰੀ ਨੂੰ ਦੇਸ਼ ਛੱਡਣ ਦਾ ਹੁਕਮ ਦਿੱਤਾ ਸੀ। ਫਿਰ ਵੀਜ਼ਾ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ ਅਤੇ ਕੈਨੇਡੀਅਨ ਨਾਗਰਿਕਾਂ ਦੇ ਭਾਰਤ ਵਿਚ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇੰਨਾ ਹੀ ਨਹੀਂ ਭਾਰਤ ਸਰਕਾਰ ਨੇ ਕੈਨੇਡਾ ਜਾਣ ਵਾਲੇ ਭਾਰਤੀਆਂ ਲਈ ਐਡਵਾਈਜ਼ਰੀ ਵੀ ਜਾਰੀ ਕੀਤੀ ਸੀ।

ਇਸ ਤਰ੍ਹਾਂ ਮੋਦੀ ਸਰਕਾਰ ਨੇ ਕੈਨੇਡਾ ਖਿਲਾਫ ਇਹ ਚੌਥਾ ਕਦਮ ਚੁੱਕਿਆ ਹੈ। ਦੱਸ ਦਈਏ ਕਿ ਜੂਨ ਮਹੀਨੇ ਕੈਨੇਡਾ 'ਚ ਭਾਈ ਹਰਦੀਪ ਸਿੰਘ ਨਿੱਝਰ ਦਾ ਕਤਲ ਕਰ ਦਿੱਤਾ ਗਿਆ ਸੀ। ਹਾਲ ਹੀ ਵਿੱਚ ਕੈਨੇਡਾ ਨੇ ਇਸ ਕਤਲੇਆਮ ਵਿੱਚ ਭਾਰਤੀ ਏਜੰਸੀਆਂ ਦੀ ਸ਼ਮੂਲੀਅਤ ਦਾ ਖੁਲਾਸਾ ਕੀਤਾ ਸੀ ਅਤੇ ਫਿਰ ਇਹ ਮਾਮਲਾ ਸੰਯੁਕਤ ਰਾਸ਼ਟਰ ਤੱਕ ਵੀ ਪਹੁੰਚ ਗਿਆ ਸੀ। ਇਸ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਬਣਿਆ ਹੋਇਆ ਹੈ ਅਤੇ ਭਾਰਤ ਇਨ੍ਹਾਂ ਦੋਸ਼ਾਂ ਨੂੰ ਲਗਾਤਾਰ ਰੱਦ ਕਰਦਾ ਆ ਰਿਹਾ ਹੈ।

# ਮਹਿਲਾ ਰਿਜ਼ਰਵੇਸ਼ਨ ਭਾਵ ਨਾਰੀ ਸ਼ਕਤੀ ਵੰਦਨ ਬਿੱਲ ਦੇ ਰਾਹ 'ਚ ਆਉਣ ਵਾਲੀਆਂ ਰੁਕਾਵਟਾਂ ਦੂਰ ਕਰਨੀਆਂ ਹੋਣਗੀਆਂ

ਹੁਣ ਜਦੋਂ ਕਿ 34 ਸਾਲ ਤੋਂ ਲਟਕਦੇ ਆ ਰਹੇ ਮਹਿਲਾ ਰਿਜ਼ਰਵੇਸ਼ਨ ਭਾਵ 'ਨਾਰੀ ਸ਼ਕਤੀ ਵੰਦਨ ਬਿੱਲ' ਨੂੰ ਸੰਸਦ ਦੇ ਦੋਵਾਂ ਹਾਊਸਾਂ ਵੱਲੋਂ ਪਾਸ ਕੀਤਾ ਜਾ ਚੁੱਕਾ ਹੈ, ਤੈਅ ਗੱਲ ਹੈ ਕਿ ਇਕ ਪਾਸੇ ਜਿੱਥੇ ਇਸ ਦਾ ਸਿਹਰਾ ਸੱਤਾ ਧਿਰ ਲੈ ਰਹੀ ਹੈ ਤਾਂ ਦੂਜੇ ਪਾਸੇ ਵਿਰੋਧੀ ਧਿਰ ਵੀ ਇਸ 'ਚ ਅੱਗੇ ਹੈ ਪਰ ਇਸ ਨੂੰ ਲਾਗੂ ਕਰਨ ਨੂੰ ਲੈ ਕੇ ਅਜੇ ਸ਼ੱਕ ਮੌਜੂਦ ਹਨ।

ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੇ 20 ਸਤੰਬਰ ਨੂੰ ਕਿਹਾ ਕਿ ਇਹ ਉਨ੍ਹਾਂ ਦੇ ਪਤੀ ਰਾਜੀਵ ਗਾਂਧੀ ਦਾ ਸੁਪਨਾ ਸੀ ਜਿਨ੍ਹਾਂ 1989 'ਚ ਪੰਚਾਇਤੀ ਰਾਜ ਅਤੇ ਨਗਰ ਪਾਲਿਕਾਵਾਂ 'ਚ ਔਰਤਾਂ ਲਈ ਇਕ ਤਿਹਾਈ ਰਿਜ਼ਰਵੇਸ਼ਨ ਬਾਰੇ ਬਿੱਲ ਪੇਸ਼ ਕੀਤਾ ਸੀ, ਜੋ ਰਾਜ ਸਭਾ 'ਚ ਪਾਸ ਨਹੀਂ ਹੋ ਸਕਿਆ।

ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਇਸ ਦਾ ਸਿਹਰਾ ਸਾਬਕਾ ਪ੍ਰਧਾਨ ਮੰਤਰੀ ਨਰਸਿਮ ?ਹਾ ਰਾਓ ਨੂੰ ਦਿੱਤਾ। ਉਨ੍ਹਾਂ 1993 'ਚ ਇਹ ਬਿੱਲ ਪੇਸ਼ ਕੀਤਾ ਸੀ ਜੋ ਦੋਹਾਂ ਹਾਊਸਾਂ 'ਚ ਪਾਸ ਹੋ ਗਿਆ ਅਤੇ ਪੰਚਾਇਤੀ ਰਾਜ ਅਤੇ ਨਗਰ ਪਾਲਿਕਾਵਾਂ ਦੀਆਂ ਚੋਣਾਂ 'ਚ ਔਰਤਾਂ ਦੀ ਰਿਜ਼ਰਵੇਸ਼ਨ ਲਈ ਕਾਨੂੰਨ ਬਣ ਗਿਆ।

ਸਥਾਨਕ ਸਰਕਾਰ ਅਦਾਰਿਆਂ ਦੀਆਂ ਚੋਣਾਂ ਪਿੱਛੋਂ ਜਦੋਂ ਲੋਕ ਸਭਾ ਅਤੇ ਵਿਧਾਨ ਸਭਾਵਾਂ 'ਚ ਔਰਤਾਂ ਲਈ ਇਕ ਤਿਹਾਈ ਰਿਜ਼ਰਵੇਸ਼ਨ ਦੀ ਮੰਗ ਉੱਠੀ ਤਾਂ ਸਾਬਕਾ ਪ੍ਰਧਾਨ ਮੰਤਰੀ ਐੱਚ. ਡੀ. ਦੇਵੇਗੌੜਾ ਦੀ ਸਰਕਾਰ ਨੇ ਪਹਿਲੀ ਵਾਰ 12 ਸਤੰਬਰ 1996 ਨੂੰ ਸੋਧ ਬਿੱਲ ਪੇਸ਼ ਕੀਤਾ।

ਇਸ ਨੂੰ ਸੰਸਦ 'ਚ ਖੁੱਲ੍ਹ ਕੇ ਹਮਾਇਤ ਮਿਲੀ ਅਤੇ ਕਈ ਸੰਸਦ ਮੈਂਬਰਾਂ ਨੇ ਉਸੇ ਦਿਨ ਇਸ 'ਤੇ ਆਪਣੀ ਸਹਿਮਤੀ ਦੇ ਦਿੱਤੀ ਪਰ ਪੱਛੜੇ



ਵਰਗ ਨੂੰ ਰਿਜ਼ਰਵੇਸ਼ਨ ਦੇਣ ਦੀ ਮੰਗ ਉਠਾ ਕੇ ਇਹ ਮਾਮਲਾ ਲਟਕਾ ਦਿੱਤਾ ਗਿਆ।

ਖੈਰ, ਇਸ ਪਿੱਛੋਂ ਸਾਬਕਾ ਪ੍ਰਧਾਨ ਮੰਤਰੀਆਂ ਸਰਵਸ਼੍ਰੀ ਅਟਲ ਬਿਹਾਰੀ ਵਾਜਪਾਈ, ਮਨਮੋਹਨ ਸਿੰਘ, ਇੰਦਰ ਕੁਮਾਰ ਗੁਜਰਾਲ ਦੀਆਂ ਸਰਕਾਰਾਂ 'ਚ ਮਹਿਲਾ ਬਿੱਲ ਨੂੰ ਅੱਗੇ ਵਧਾਉਣ ਦੀ ਕਵਾਇਦ ਵੀ ਕੀਤੀ ਗਈ ਜੋ ਨਾਕਾਮ ਰਹੀ।

ਖੈਰ, ਹੁਣ ਜਦੋਂ ਕਿ ਸੰਸਦ ਦੇ ਦੋਵਾਂ ਹਾਊਸਾਂ 'ਚ ਇਹ ਬਿੱਲ ਪਾਸ ਕੀਤਾ ਜਾ ਚੁੱਕਾ ਹੈ, ਵਿਧਾਨ ਸਭਾਵਾਂ ਦੀ ਪੁਸ਼ਟੀ ਅਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਪਿੱਛੋਂ ਹੀ ਇਹ ਕਾਨੂੰਨ ਬਣ ਸਕੇਗਾ ਅਤੇ ਉਸ ਤੋਂ ਬਾਅਦ ਹੀ ਲਾਗੂ ਹੋਣ ਤੋਂ ਪਹਿਲਾਂ ਇਸ ਨੂੰ ਲੰਬਾ ਸਫਰ ਤੈਅ ਕਰਨਾ ਪਵੇਗਾ। ਸਰਕਾਰ ਦਾ ਕਹਿਣਾ ਹੈ ਕਿ ਪਹਿਲਾਂ ਮਰਦਮਸ਼ੁਮਾਰੀ ਅਤੇ ਸੀਟਾਂ ਦੀ ਹੱਦਬੰਦੀ ਦਾ ਕੰਮ ਹੋਵੇਗਾ, ਜਦੋਂ ਕਿ ਮਰਦਮਸ਼ੁਮਾਰੀ 'ਤੇ ਤਾਂ ਪਹਿਲਾਂ ਹੀ 2026 ਤਕ ਰੋਕ ਲੱਗੀ ਹੋਈ ਹੈ। ਸਰਕਾਰ ਨੇ ਇਹ ਪ੍ਰਕਿਰਿਆ ਅਗਲੇ ਸਾਲ ਸ਼ੁਰੂ ਕਰਨ ਦੀ ਗੱਲ ਕਹੀ ਹੈ। ਉਸ ਮੁਤਾਬਕ ਸੂਬਾਈ ਵਿਧਾਨ ਸਭਾਵਾਂ 'ਚ ਮਰਦਮਸ਼ੁਮਾਰੀ ਅਤੇ ਹੱਦਬੰਦੀ ਤੋਂ ਬਾਅਦ ਮਹਿਲਾ ਰਿਜ਼ਰਵੇਸ਼ਨ ਬਿੱਲ 2029 ਦੀਆਂ ਲੋਕ ਸਭਾ ਚੋਣਾਂ ਤੱਕ ਹੀ ਲਾਗੂ ਹੋ ਸਕੇਗਾ।

ਦੂਜੇ ਪਾਸੇ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਇਸ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕਰ ਰਹੀਆਂ ਹਨ। ਕਰਨਾਟਕ ਦੇ ਮੁੱਖ ਮੰਤਰੀ ਸਿਧਰਮੱਈਆ ਨੇ ਭਾਜਪਾ 'ਤੇ ਮਹਿਲਾ ਰਿਜ਼ਰਵੇਸ਼ਨ ਬਿੱਲ ਨੂੰ ਲਾਗੂ ਕਰਨ 'ਚ ਹੱਦਬੰਦੀ ਵਰਗੀਆਂ ਰੁਕਾਵਟਾਂ ਪਾਉਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਇਹ ਬਿੱਲ ਔਰਤਾਂ ਨਾਲ ਕੀਤਾ ਗਿਆ ਧੋਖਾ ਹੈ।

ਸਿਧਰਮੱਈਆ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਇਸ 'ਚ 2 ਰੁਕਾਵਟਾਂ ਮਰਦਮਸ਼ੁਮਾਰੀ ਅਤੇ ਹੱਦਬੰਦੀ ਦੀਆਂ ਪਾਈਆਂ ਹਨ ਜਿਨ੍ਹਾਂ ਨੂੰ ਦੂਰ ਕਰਨ 'ਚ 15 ਸਾਲ ਲੱਗਣਗੇ। ਇਹ ਰਿਜ਼ਰਵੇਸ਼ਨ 2024 'ਚ ਤਾਂ ਕੀ 2029 ਤੇ 2034 'ਚ ਵੀ ਲਾਗੂ ਨਹੀਂ ਹੋਵੇਗੀ ਅਤੇ ਉਦੋਂ ਤੱਕ ਇਸ ਬਿੱਲ ਦਾ ਮੰਤਵ ਅਤੇ ਮਿਆਦ ਹੀ ਖਤਮ ਹੋ ਜਾਵੇਗੀ।

ਇਸੇ ਤਰ੍ਹਾਂ ਰਾਜ ਸਭਾ ਦੇ ਮੈਂਬਰ ਅਤੇ ਸਾਬਕਾ ਕੇਂਦਰੀ ਕਾਨੂੰਨ ਮੰਤਰੀ ਕਪਿਲ ਸਿੱਬਲ ਨੇ 24 ਸਤੰਬਰ ਨੂੰ ਕਿਹਾ ਕਿ ਔਰਤਾਂ ਲਈ ਰਿਜ਼ਰਵੇਸ਼ਨ ਦਾ ਲਾਭ ਸਿਰਫ 2034 ਤੋਂ ਹੀ ਮਿਲਣਾ ਸੰਭਵ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਬੰਧਤ ਬਿੱਲ ਸੂਬਾਈ ਵਿਧਾਨ ਸਭਾਵਾਂ ਅਤੇ ਆਉਂਦੀਆਂ ਲੋਕ ਸਭਾ ਦੀਆਂ ਚੋਣਾਂ ਨੂੰ ਧਿਆਨ 'ਚ ਰੱਖ ਕੇ ਲਿਆਂਦਾ ਗਿਆ ਹੈ।

ਕੁਲ ਮਿਲਾ ਕੇ ਸੰਸਦ ਦੇ ਦੋਹਾਂ ਹਾਊਸਾਂ 'ਚ ਪਾਸ ਕੀਤੇ ਜਾਣ ਦੇ ਬਾਵਜੂਦ ਮਹਿਲਾ ਰਿਜ਼ਰਵੇਸ਼ਨ ਭਾਵ 'ਨਾਰੀ ਸ਼ਕਤੀ ਵੰਦਨ ਬਿੱਲ' ਨੂੰ ਅਸਲ ਅਰਥਾਂ 'ਚ ਲਾਗੂ ਕੀਤੇ ਜਾਣ ਦੇ ਰਾਹ 'ਚ ਫਿਲਹਾਲ ਕਈ ਰੁਕਾਵਟਾਂ ਦਿਖਾਈ ਦੇ ਰਹੀਆਂ ਹਨ ਜਿਨ੍ਹਾਂ ਨੂੰ ਸਰਕਾਰ ਨੂੰ ਜਲਦੀ ਦੂਰ ਕਰਨਾ ਹੋਵੇਗਾ।



# ਅਰਬਪਤੀ ਕਾਰੋਬਾਰੀ ਹਰਪਾਲ ਰੰਧਾਵਾ ਦੀ ਜਹਾਜ਼ ਹਾਦਸੇ 'ਚ ਮੌਤ

## ਜ਼ਿੰਬਾਬਵੇ 'ਚ ਹੀਰੇ ਦੀ ਖਾਣ ਵੱਲ ਜਾਂਦਿਆਂ ਪ੍ਰਾਈਵੇਟ ਜੈਟ ਹੋਇਆ ਹਾਦਸੇ ਦਾ ਸ਼ਿਕਾਰ



ਜੋਹੈਨਸਬਰਗ : ਜ਼ਿੰਬਾਬਵੇ 'ਚ ਇਕ ਹੀਰੇ ਦੀ ਖਾਣ ਕੋਲ ਹਵਾਈ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ ਅਰਬਪਤੀ ਭਾਰਤੀ ਕਾਰੋਬਾਰੀ ਹਰਪਾਲ ਰੰਧਾਵਾ ਤੇ ਉਨ੍ਹਾਂ ਦੇ ਪੁੱਤਰ ਸਣੇ ਛੇ ਜਣਿਆਂ ਦੀ ਮੌਤ ਹੋ ਗਈ ਹੈ। ਮੀਡੀਆ ਰਿਪੋਰਟਾਂ ਮੁਤਾਬਕ ਹਾਦਸਾ ਉਨ੍ਹਾਂ ਦੇ ਪ੍ਰਾਈਵੇਟ ਜਹਾਜ਼ ਸੈਸਨਾ 206 ਵਿਚ ਤਕਨੀਕੀ ਖਰਾਬੀ ਆਉਣ ਕਾਰਨ ਵਾਪਰਿਆ ਹੈ। ਦੱਸਣਯੋਗ ਹੈ ਕਿ ਹਰਪਾਲ ਰੰਧਾਵਾ ਮਾਈਨਿੰਗ ਕੰਪਨੀ 'ਰੀਓਜ਼ਿਮ' ਦੇ ਮਾਲਕ ਸਨ। ਕੰਪਨੀ ਖਾਣਾਂ 'ਚੋਂ ਸੋਨਾ, ਕੋਲਾ, ਨਿੱਕਲ ਤੇ ਤਾਂਬਾ ਕੱਢਣ ਦਾ ਕੰਮ ਕਰਦੀ ਹੈ। ਰੰਧਾਵਾ 4 ਅਰਬ ਅਮਰੀਕੀ ਡਾਲਰ ਦੇ ਮੁੱਲ ਵਾਲੀ ਪ੍ਰਾਈਵੇਟ ਇਕੁਇਟੀ ਫਰਮ 'ਜੀਈਐਮ ਹੋਲਡਿੰਗਜ਼' ਦੇ ਵੀ ਬਾਨੀ ਸਨ। ਵੇਰਵਿਆਂ ਮੁਤਾਬਕ ਸ਼ੁੱਕਰਵਾਰ ਨੂੰ ਹਾਦਸੇ ਦਾ ਸ਼ਿਕਾਰ ਹੋਇਆ ਪ੍ਰਾਈਵੇਟ ਜੈੱਟ ਕੰਪਨੀ ਦਾ ਹੀ ਸੀ। ਇਸ ਨੇ ਹਰਾਰੇ ਤੋਂ ਮੁਰੋਵਾ ਹੀਰਾ ਖਾਣ ਲਈ ਉਡਾਣ ਭਰੀ ਸੀ। ਇਕ ਇੰਜਣ ਵਾਲਾ ਜਹਾਜ਼ ਖਾਣ ਦੇ ਨੇੜੇ ਹੀ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਖਾਣ ਵਿਚ ਰੀਓਜ਼ਿਮ ਕੰਪਨੀ ਦੀ ਹਿੱਸੇਦਾਰੀ ਸੀ। ਰਿਪੋਰਟਾਂ ਮੁਤਾਬਕ ਜਹਾਜ਼ ਵਿਚ ਤਕਨੀਕੀ ਖਰਾਬੀ ਆਉਣ ਤੋਂ ਬਾਅਦ ਇਹ ਹਵਾ ਵਿਚ ਹੀ ਫਟ ਗਿਆ ਤੇ ਖੇਤਾਂ ਵਿਚ ਡਿੱਗ ਗਿਆ। 'ਦਿ ਹੇਰਾਲਡ' ਨੇ ਆਪਣੀ ਰਿਪੋਰਟ 'ਚ ਦੱਸਿਆ ਸੀ ਕਿ ਮ੍ਰਿਤਕਾਂ 'ਚ ਚਾਰ ਵਿਦੇਸ਼ੀ ਤੇ ਦੋ ਜ਼ਿੰਬਾਬਵੇ ਦੇ ਨਾਗਰਿਕ ਹਨ। ਪੁਲੀਸ ਨੇ ਕਿਹਾ ਕਿ ਹਾਦਸਾ 29 ਸਤੰਬਰ ਨੂੰ ਸਵੇਰੇ 7.30-8 ਵਜੇ ਦੇ ਦਰਮਿਆਨ ਵਾਪਰਿਆ। ਪੁਲੀਸ ਵੱਲੋਂ ਹਾਲੇ ਮ੍ਰਿਤਕਾਂ ਦੇ ਨਾਂ ਰਿਲੀਜ਼ ਕੀਤੇ ਜਾਣੇ ਹਨ, ਪਰ ਰੰਧਾਵਾ ਦੇ ਦੋਸਤ ਤੇ ਪੱਤਰਕਾਰ-ਫ ?ਲਮਸਾਜ਼ ਹੋਪਵੈੱਲ ਚਨਿੰਨੋ ਨੇ ਉਨ੍ਹਾਂ ਦੀ ਮੌਤ ਦੀ ਪੁਸ਼ਟੀ ਕਰ ਦਿੱਤੀ ਹੈ। ਰੀਓਜ਼ਿਮ ਕੰਪਨੀ ਦੇ ਸਕੱਤਰ ਨੇ ਕਿਹਾ ਕਿ ਪੂਰਾ ਬਿਆਨ ਜਲਦੀ ਜਾਰੀ ਕੀਤਾ ਜਾਵੇਗਾ।

### ਭਾਰਤ-ਨੇਪਾਲ ਸਰਹੱਦ 'ਤੇ ਤਣਾਅ

# ਨੇਪਾਲਗੰਜ 'ਚ ਦੋ ਭਾਈਚਾਰਿਆਂ ਵਿਚਾਲੇ ਹੋਈ ਹਿੰਸਾ; ਅਣਮਿੱਥੇ ਸਮੇਂ ਲਈ ਲਾਇਆ ਕਰਫਿਊ

ਬਹਿਰਾਇਚ : ਨੇਪਾਲਗੰਜ 'ਚ ਮੰਗਲਵਾਰ ਨੂੰ ਹਿੰਸਾ ਭੜਕ ਗਈ। ਲੋਕਾਂ ਨੇ ਸੜਕਾਂ 'ਤੇ ਆ ਕੇ ਪ੍ਰਦਰਸ਼ਨ ਕੀਤਾ। ਆਗਜ਼ਨੀ ਤੇ ਭੰਨਤੋੜ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਪੈਟਰੋਲ ਬੰਬ ਸੁੱਟਦੇ ਹੋਏ ਹਵਾ ਵਿੱਚ ਕਈ ਰਾਊਂਡ ਫਾਇਰ ਕੀਤੇ। ਬਦਮਾਸ਼ਾਂ ਨੂੰ ਕਾਬੂ ਕਰਨ ਲਈ ਪੁਲਿਸ ਨੇ ਭਾਰੀ ਲਾਠੀਚਾਰਜ ਕੀਤਾ। ਅੱਥਰੂ ਗੈਸ ਦੇ ਗੋਲੇ ਛੱਡੇ। ਫਾਇਰਿੰਗ ਕਰ ਕੇ ਲੋਕਾਂ ਨੂੰ ਖਿੰਡਾਉਣ ਦੀ ਕੋਸ਼ਿਸ਼ ਕੀਤੀ ਗਈ। ਸੱਤ ਲੋਕ ਜ਼ਖਮੀ ਹੋ ਗਏ। ਬਹਿਰਾਇਚ ਦੇ ਨਾਲ ਲੱਗਦੇ ਬਾਂਕੇ ਜ਼ਿਲ੍ਹਾ ਪ੍ਰਸ਼ਾਸਨ ਨੇ ਨੇਪਾਲਗੰਜ 'ਚ ਅਣਮਿੱਥੇ ਸਮੇਂ ਲਈ ਕਰਫਿਊ ਜਾਰੀ ਕਰ ਦਿੱਤਾ ਹੈ।

ਨੇਪਾਲਗੰਜ 'ਚ ਪਿਛਲੇ ਦੋ ਦਿਨਾਂ ਤੋਂ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ। ਇੰਟਰਨੈੱਟ ਮੀਡੀਆ 'ਤੇ ਇਕ ਵਿਅਕਤੀ ਨੇ ਇਸਲਾਮ ਵਿਰੁੱਧ ਟਿੱਪਣੀਆਂ ਕੀਤੀਆਂ ਸਨ। ਇਸ ਤੋਂ ਨਾਰਾਜ਼ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਦੋ ਦਿਨ ਪਹਿਲਾਂ ਨੇਪਾਲਗੰਜ 'ਚ ਪ੍ਰਦਰਸ਼ਨ ਕਰਦੇ ਹੋਏ ਆਗਜ਼ਨੀ ਦੀ ਘਟਨਾ ਨੂੰ ਅੰਜਾਮ ਦਿੱਤਾ ਸੀ। ਇਸ ਤੋਂ ਨਾਰਾਜ਼ ਹਿੰਦੂ ਭਾਈਚਾਰੇ ਦੇ ਹਜ਼ਾਰਾਂ ਲੋਕ ਮੰਗਲਵਾਰ ਨੂੰ ਓਮਕਾਰ ਪਰਿਵਾਰ ਦੀ ਅਗਵਾਈ 'ਚ ਸ਼ਾਂਤੀ ਜਲੂਸ ਕੱਢ ਰਹੇ ਸਨ।




ਦੱਸਿਆ ਜਾ ਰਿਹਾ ਹੈ ਕਿ ਜਲੂਸ ਬੀਪੀ ਚੌਕ ਤੋਂ ਤ੍ਰਿਭੁਵਨ ਚੌਕ ਵੱਲ ਵਧ ਰਿਹਾ ਸੀ। ਰਸਤੇ 'ਚ ਮਸਜਿਦ ਤੋਂ ਨਿਕਲਣ ਵਾਲੇ ਜਲੂਸ 'ਤੇ ਪਥਰਾਅ ਕੀਤਾ ਗਿਆ। ਇਸ ਨਾਲ ਹਿੰਸਾ ਭੜਕ ਗਈ। ਪ੍ਰਦਰਸ਼ਨ ਦੇ ਨਾਲ-ਨਾਲ ਭੰਨਤੋੜ ਅਤੇ ਆਗਜ਼ਨੀ ਦੀਆਂ ਘਟਨਾਵਾਂ ਵੀ ਹੋਈਆਂ। ਇਸ ਦੌਰਾਨ ਪੈਟਰੋਲ ਬੰਬ ਵੀ ਸੁੱਟੇ ਗਏ। ਸ਼ਰਾਰਤੀ ਅਨਸਰਾਂ ਨੂੰ ਕਾਬੂ ਕਰਨ ਲਈ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਛੱਡੇ। ਭੀੜ ਨੂੰ ਖਿੰਡਾਉਣ ਲਈ ਗੋਲੀਆਂ ਚਲਾਈਆਂ ਗਈਆਂ।

ਘਟਨਾ ਤੋਂ ਬਾਅਦ ਨੇਪਾਲਗੰਜ ਦੇ ਸਾਰੇ ਸਕੂਲ, ਕਾਲਜ ਅਤੇ ਦੁਕਾਨਾਂ ਬੰਦ ਕਰ ਦਿੱਤੀਆਂ ਗਈਆਂ ਹਨ। ਲੋਕਾਂ ਨੂੰ ਸਦਭਾਵਨਾ ਬਣਾਈ ਰੱਖਣ ਦੀ ਅਪੀਲ ਕੀਤੀ ਜਾ ਰਹੀ ਹੈ। ਬਾਂਕੇ ਦੇ ਮੁੱਖ ਜ਼ਿਲ੍ਹਾ ਮੈਜਿਸਟਰੇਟ ਵਿਪਿਨ ਆਚਾਰੀਆ ਨੇ ਅਣਮਿੱਥੇ ਸਮੇਂ ਲਈ ਕਰਫਿਊ ਲਗਾਉਣ ਦੇ ਹੁਕਮ ਦਿੱਤੇ ਹਨ। ਬਹਿਰਾਇਚ ਦੇ ਪੁਲਿਸ ਸੁਪਰਡੈਂਟ ਪ੍ਰਸ਼ਾਂਤ ਵਰਮਾ ਨੇ ਕਿਹਾ ਕਿ ਅਸੀਂ ਸਥਿਤੀ 'ਤੇ ਨਜ਼ਰ ਰੱਖ ਰਹੇ ਹਾਂ।

# ਅਮਰੀਕਾ ਦੇ ਫਿਲਾਡੈਲਫੀਆ ਸ਼ਹਿਰ ਵਿਚ ਲੁਟੇਰਿਆਂ ਨੇ ਮਚਾਈ ਦਹਿਸ਼ਤ, ਰਾਤ ਭਰ ਠੇਕਿਆਂ ਦੀ ਕੀਤੀ ਲੁੱਟਮਾਰ


ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਪੈਨਸਿਲਵਾਨੀਆ ਰਾਜ ਦੇ ਵੱਡੇ ਸ਼ਹਿਰ ਫਿਲਾਡੈਲਫੀਆ ਵਿਚ ਰਾਤ ਭਰ ਲੁਟੇਰਿਆਂ ਵੱਲੋਂ ਸ਼ਰਾਬ ਦੇ ਸਟੋਰਾਂ ਵਿਚ ਕੀਤੀ ਲੁੱਟਮਾਰ ਉਪਰੰਤ ਸਾਰੇ ਠੇਕੇ ਬੰਦ ਕਰ ਦੇਣ ਦੀ ਰਿਪੋਰਟ ਹੈ। ਪੁਲਿਸ ਦਾ ਕਹਿਣਾ ਹੈ ਕਿ ਉਸ ਨੇ ਲੁੱਟਮਾਰ ਦੇ ਮਾਮਲਿਆਂ ਵਿਚ ਕਈ ਸ਼ੱਕੀ ਦੋਸ਼ੀਆਂ ਨੂੰ ਹਿਰਾਸਤ ਵਿਚ ਲਿਆ ਹੈ ਤੇ ਜੇਕਰ ਹਾਲਾਤ ਹੱਦੋਂ ਬਾਹਰ ਹੋ ਜਾਂਦੇ ਹਨ ਤਾਂ ਉਹ ਕੁਝ ਹੋਰ ਕਦਮ ਚੁੱਕਣ ਲਈ ਵੀ ਤਿਆਰ ਹੈ। ਇਸ ਦੇ ਨਾਲ ਹੀ ਪੁਲਿਸ ਨੇ ਹਿੰਸਕ ਗਤੀਵਿਧੀ ਵਿਰੁੱਧ ਤੁਰੰਤ ਸੂਚਨਾ ਦੇਣ ਦੀ ਵੀ ਅਪੀਲ ਕੀਤੀ ਹੈ। ਸ਼ਾਅਨ ਕੈਲੀ ਪ੍ਰੈਸ ਸਕੱਤਰ ਪੈਨਸਿਲਵਾਨੀਆ ਲਿਕੁਰ ਕੰਟਰੋਲ ਬੋਰਡ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 18 ਸਟੋਰਾਂ ਨੂੰ ਲੁੱਟਣ ਉਪਰੰਤ ਫਿਲਾਡੈਲਫੀਆ ਵਿਚ 49 ਰਿਟੇਲ ਵਾਈਨ ਤੇ 48 ਲਿਕੁਰ ਸਟੋਰ ਬੰਦ ਕਰ ਦਿੱਤੇ ਗਏ ਹਨ। ਉਨਾਂ ਕਿਹਾ ਕਿ ਜਿਨਾਂ ਸ਼ਰਾਬ ਦੇ ਸਟੋਰਾਂ ਵਿਚ ਲੁੱਟਮਾਰ ਕੀਤੀ ਗਈ ਹੈ ਉਥੇ ਹਾਲਾਂ ਕਿ ਕੋਈ ਮੁਲਾਜ਼ਮ ਜ਼ਖਮੀ ਨਹੀਂ ਹੋਇਆ ਹੈ ਪਰੰਤੂ ਉਥੇ ਦਹਿਸ਼ਤ ਦਾ ਵਾਤਾਵਰਣ ਪੈਦਾ ਹੋ ਗਿਆ ਹੈ। ਕੈਲੀ ਨੇ ਕਿਹਾ ਹੈ ਕਿ ਮੁਲਾਜ਼ਮਾਂ ਦੀ ਸੁਰੱਖਿਆ ਨੂੰ ਲੈ ਕੇ ਸ਼ਰਾਬ ਦੇ ਸਟੋਰ ਬੰਦ ਰਖਣ ਦਾ ਫੈਸਲਾ ਲਿਆ ਗਿਆ ਹੈ। ਉਨਾਂ ਕਿਹਾ ਕਿ ਲੁੱਟੇਰਿਆਂ ਵੱਲੋਂ ਕੀਤੇ ਨੁਕਸਾਨ ਬਾਰੇ ਅਜੇ ਕੁਝ ਕਹਿਣਾ ਕਾਹਲੀ ਹੋਵੇਗੀ। ਸਮੁੱਚੇ ਨੁਕਸਾਨ ਦਾ ਜਾਇਜ਼ਾ



ਲੈਣ ਉਪਰੰਤ ਹੀ ਇਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਕੈਲੀ ਨੇ ਕਿਹਾ ਹੈ ਕਿ ਜਦੋਂ ਸਾਨੂੰ ਸੁਰੱਖਿਆ ਦਾ ਅਹਿਸਾਸ ਹੋ ਜਾਵੇਗਾ ਓਦੋਂ ਹੀ ਸਟੋਰ ਮੁੜ ਖੋਲੇ ਜਾਣਗੇ। ਇਸ ਤੋਂ ਪਹਿਲਾਂ ਨੁਕਸਾਨ ਦੀ ਭਰਪਾਈ ਕਰਨੀ ਹੋਵੇਗੀ। ਇਸੇ ਦੌਰਾਨ ਸ਼ਹਿਰ ਦੇ ਅਧਿਕਾਰੀਆਂ ਤੇ ਮੇਅਰ ਜਿਮ ਕੈਨੀ ਨੇ ਜਨਤਿਕ ਸੁਰੱਖਿਆ ਤੇ ਕਾਰੋਬਾਰਾਂ ਦੀ ਰਾਖੀ ਨੂੰ ਯਕੀਨੀ ਬਣਾਉਣ ਦਾ ਐਲਾਨ ਕੀਤਾ ਹੈ। ਕੈਨੀ ਨੇ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੋ ਵੀ ਕੋਈ ਅਪਰਾਧਕ ਗਤੀਵਿਧੀ ਵਿਚ ਸ਼ਾਮਿਲ ਹੋਵੇਗਾ ਉਹ ਨਤੀਜੇ ਭੁੱਗਤਣ ਲਈ ਤਿਆਰ ਰਹੇ। ਫਿਲਾਡੈਲਫੀਆ ਡਿਸਟ੍ਰਿਕਟ ਅਟਾਰਨੀ ਦਫਤਰ ਦੇ ਬੁਲਾਰੇ ਜਾਨੇ ਰੋਹ ਨੇ ਕਿਹਾ ਹੈ ਕਿ ਸ਼ਰਾਬ ਦੇ ਸਟੋਰਾਂ ਦੀ ਲੁੱਟਮਾਰ ਉਪਰੰਤ 3 ਨਬਾਲਗਾਂ ਸਮੇਤ 52 ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵੱਡੀ ਪੱਧਰ ਉਪਰ ਲੁੱਟਮਾਰ ਦੀਆਂ ਘਟਨਾਵਾਂ ਸ਼ਹਿਰ ਵਿਚ ਇਕ ਜੱਜ ਦੇ ਫੈਸਲੇ ਜਿਸ ਵਿਚ ਉਸ ਨੇ ਪਿਛਲੇ ਮਹੀਨੇ 14 ਅਗਸਤ ਨੂੰ ਇਕ 27 ਸਾਲਾ ਵਿਅਕਤੀ ਨੂੰ ਗੋਲੀ ਮਾਰ ਕੇ ਮਾਰ ਦੇਣ ਵਾਲੇ ਸਾਬਕਾ ਪੁਲਿਸ ਅਫਸਰ ਮਾਰਕ ਡਿਆਲ ਵਿਰੁੱਧ ਲੱਗੇ ਸ਼ਾਰੇ ਦੋਸ਼ ਰੱਦ ਕਰ ਦਿੱਤੇ ਸਨ, ਵਿਰੁੱਧ ਕੀਤੇ ਸ਼ਾਤਮਈ ਵਿਖਾਵੇ ਉਪਰੰਤ ਵਾਪਰੀਆਂ ਹਨ। ਸ਼ਹਿਰ ਦੇ ਅੰਤ੍ਰਿਮ ਪੁਲਿਸ ਕਮਿਸ਼ਨਰ ਨੇ ਕਿਹਾ ਹੈ ਕਿ ਉਸ ਦਾ ਵਿਸ਼ਵਾਸ਼ ਹੈ ਕਿ ਲੁਟੇਰੇ ਮੌਕਾਪ੍ਰਸਤ ਸਨ ਤੇ ਉਹ ਵਿਖਾਵੇ ਨਾਲ ਸਿੱਧੇ ਤੌਰ 'ਤੇ ਸਬੰਧਤ ਨਹੀਂ ਸਨ।

# ਅਮਰੀਕਾ-ਸੀਨੀਅਰ ਗੇਮਾਂ 'ਚ ਡਾ. ਦਰਸ਼ਨ ਸਿੰਘ ਭੁੱਲਰ ਨੇ ਜਿੱਤਿਆ ਗੋਲਡ ਮੈਡਲ

ਅਮਰੀਕਾ/ਜਾਰਜੀਆ (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਵਾਰਨਰ ਰੌਬਿਨਸ ਜਾਰਜੀਆ (ਸਤੰਬਰ 19-23-2023) ਵਿਖੇ ਆਯੋਜਿਤ ਜਾਰਜੀਆ ਗੋਲਡਨ ਓਲੰਪਿਕ ਸੀਨੀਅਰ ਖੇਡਾਂ ਹੋਈਆਂ। ਇਹਨਾਂ ਖੇਡਾਂ ਵਿੱਚ ਹਿੱਸਾ ਲੈਣ ਲਈ ਅਮਰੀਕਾ ਦੇ ਸੈਂਕੜੇ ਸੀਨੀਅਰ ਖਿਡਾਰੀ ਪਹੁੰਚੇ ਹੋਏ ਸਨ। ਇਹਨਾਂ ਖੇਡਾਂ ਵਿੱਚ ਜਾਰਜੀਆ ਨਿਵਾਸੀ ਪੰਜਾਬੀ ਸੀਨੀਅਰ ਖਿਡਾਰੀ ਦਰਸ਼ਨ ਸਿੰਘ ਭੁੱਲਰ ਨੇ ਵੀ ਕਿਸਮਤ ਅਜ਼ਮਾਈ ਅਤੇ 65-69 ਸਾਲ ਉਮਰ ਵਰਗ ਵਿੱਚ 50 ਮੀਟਰ ਦੌੜ ਵਿੱਚ ਗੋਲਡ ਮੈਡਲ, 200 ਮੀਟਰ ਦੌੜ ਵਿੱਚ ਚਾਂਦੀ ਦਾ ਤਗ਼ਮਾ ਅਤੇ 400 ਮੀਟਰ ਦੌੜ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ।ਇੱਥੇ ਇਹ ਵੀ ਜਿਕਰਯੋਗ ਹੈ ਕਿ ਦਰਸ਼ਨ ਸਿੰਘ ਭੁੱਲਰ ਪੰਜਾਬ ਤੋਂ ਸੰਗਰੂਰ ਏਰੀਏ ਨੂੰ ਬਲੌਂਗ ਕਰਦੇ ਹਨ ਅਤੇ ਸੇਵਾ ਮੁੱਕਤ ਪ੍ਰੈਸੀਪਲ ਪੀ. ਐਚ.



ਡੀ. ਹਨ। ਡਾ. ਭੁੱਲਰ ਨੇ 2018 ਵਿੱਚ ਵੀ ਸੀਨੀਅਰ ਗੇਮਾ ਵਿੱਚ ਮੈਡਲ ਹਿੱਸਾ ਲਿਆ ਸੀ।

# ਭੌਤਿਕ ਵਿਗਿਆਨ ਦਾ ਨੋਬੇਲ ਪੁਰਸਕਾਰ ਤਿੰਨ ਵਿਗਿਆਨੀਆਂ ਨੂੰ

ਸਟਾਕਹੋਮ: ਭੌਤਿਕ ਵਿਗਿਆਨ (ਫਿਜ਼ਿਕਸ) ਦਾ ਨੋਬੇਲ ਪੁਰਸਕਾਰ ਇਸ ਵਾਰ ਉਨ੍ਹਾਂ ਤਿੰਨ ਵਿਗਿਆਨੀਆਂ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ ਜਿਨ੍ਹਾਂ ਸਕਿੰਟ ਦੇ ਸਭ ਤੋਂ ਛੋਟੇ ਹਿੱਸੇ ਦੌਰਾਨ ਪਰਮਾਣੂਆਂ 'ਚ ਇਲੈਕਟਰੋਨਾਂ ਦਾ ਅਧਿਐਨ ਕੀਤਾ ਹੈ। ਅਮਰੀਕਾ 'ਚ ਓਹਾਈਓ ਸਟੇਟ ਯੂਨੀਵਰਸਿਟੀ ਦੇ ਪੀਅਰੇ ਅਗਸਟੀਨੀ, ਜਰਮਨੀ ਵਿਚ 'ਮੈਕਸ ਪਲਾਂਕ ਇੰਸਟੀਚਿਊਟ ਆਫ ਕੁਆਂਟਮ ਫਿਜ਼ਿਕਸ' ਤੇ ਲੁਡਵਿਗ ਮੈਕਸੀਮਿਲੀਅਨ ਯੂਨੀਵਰਸਿਟੀ ਆਫ ਮਿਊਨਿਖ ਦੇ ਫੇਰੇਂਸ ਕਰੌਸ ਤੇ ਸਵੀਡਨ ਸਥਿਤ ਲੁੰਡ ਯੂਨੀਵਰਸਿਟੀ ਦੀ ਏਨੇ ਲੁਇਲਿਏ ਨੂੰ ਭੌਤਿਕ ਵਿਗਿਆਨ ਦੇ ਖੇਤਰ ਵਿਚ ਯੋਗਦਾਨ ਲਈ ਇਸ ਵੱਕਾਰੀ ਪੁਰਸਕਾਰ ਨਾਲ ਨਵਿਾਜਿਆ ਜਾਵੇਗਾ। 'ਰਾਇਲ ਸਵੀਡਿਸ਼ ਅਕੈਡਮੀ ਆਫ ਸਾਇੰਸਿਜ਼' ਮੁਤਾਬਕ, 'ਇਨ੍ਹਾਂ ਦੇ ਤਜਰਬਿਆਂ ਨੇ ਮਨੁੱਖਤਾ ਨੂੰ ਪਰਮਾਣੂਆਂ ਤੇ ਕਣਾਂ ਵਿਚ ਮੌਜੂਦ ਇਲੈਕਟਰੋਨਾਂ ਦੀ ਦੁਨੀਆ 'ਚ ਖੋਜ ਦੇ ਨਵੇਂ ਰਾਹ ਉਪਲਬਧ ਕਰਵਾਏ ਹਨ।' ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ 'ਪ੍ਰਕਾਸ਼ ਦੀਆਂ ਬੇਹੱਦ ਛੋਟੀਆਂ ਤਰੰਗਾਂ ਬਣਾਉਣ ਦਾ ਤਰੀਕਾ ਪ੍ਰਦਰਸ਼ਿਤ ਕੀਤਾ ਹੈ ਜਿਸ ਦੀ ਵਰਤੋਂ ਉਨ੍ਹਾਂ ਤੇਜ਼ ਪ੍ਰਕਿਰਿਆਵਾਂ ਨੂੰ ਮਾਪਣ ਲਈ ਕੀਤੀ ਜਾ ਸਕਦੀ ਹੈ ਜਿਨ੍ਹਾਂ ਵਿਚ ਇਲੈਕਟਰੋਨ ਚੱਲਦੇ ਹਨ ਜਾਂ ਊਰਜਾ ਬਦਲਦੇ ਹਨ।' ਲੁਇਲਿਏ ਫਿਜ਼ਿਕਸ ਵਿਚ ਨੋਬੇਲ ਪੁਰਸਕਾਰ ਜਿੱਤਣ ਵਾਲੀ ਪੰਜਵੀਂ ਮਹਿਲਾ ਹੈ। ਉਨ੍ਹਾਂ ਇਹ ਸਨਮਾਨ ਮਿਲਣ 'ਤੇ ਖ਼ੁਸ਼ੀ ਜ਼ਾਹਿਰ ਕੀਤੀ। ਜ਼ਿਕਰਯੋਗ ਹੈ ਕਿ ਨੋਬੇਲ ਪੁਰਸਕਾਰ ਵਿਚ 10 ਲੱਖ ਅਮਰੀਕੀ ਡਾਲਰ ਦੀ ਨਗਦ ਰਾਸ਼ੀ ਦਿੱਤੀ ਜਾਂਦੀ ਹੈ। ਗੌਰਤਲਬ ਹੈ ਕਿ ਪਿਛਲੇ ਸਾਲ ਇਹ ਪੁਰਸਕਾਰ ਤਿੰਨ ਵਿਗਿਆਨੀਆਂ ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ ਸੀ ਜਿਨ੍ਹਾਂ ਸਾਬਿਤ ਕੀਤਾ ਸੀ ਕਿ ਲਘੂ ਕਣ ਵੱਖ ਕੀਤੇ ਜਾਣ ਤੋਂ ਬਾਅਦ ਵੀ ਇਕ-ਦੂਜੇ ਨਾਲ ਸੰਪਰਕ ਬਣਾ ਕੇ ਰੱਖਦੇ ਹਨ। ਪਹਿਲਾਂ ਇਸ ਖੋਜ ਉਤੇ ਸ਼ੱਕ ਜ਼ਾਹਿਰ ਕੀਤਾ ਜਾ ਰਿਹਾ ਸੀ ਪਰ ਹੁਣ ਇਸ ਉਤੇ ਕੰਮ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸੋਮਵਾਰ ਮੈਡੀਸਨ ਦਾ ਨੋਬੇਲ ਪੁਰਸਕਾਰ ਕੈਟਾਲਨਿ ਕਾਰਿਕੋ ਤੇ ਡਰਿਊ ਵੀਜ਼ਮੈਨ ਨੂੰ ਦਿੱਤਾ ਗਿਆ ਸੀ। ਉਨ੍ਹਾਂ ਕੋਵਿਡ ਨਾਲ ਲੜਨ ਲਈ ਐਮਆਰਐੱਨਏ ਟੀਕਿਆਂ ਦੇ ਵਿਕਾਸ ਨਾਲ ਸਬੰਧਤ ਖੋਜ ਕੀਤੀ ਸੀ। ਵੀਰਵਾਰ ਨੂੰ ਸਾਹਿਤ ਦੇ ਖੇਤਰ ਵਿਚ ਨੋਬੇਲ ਪੁਰਸਕਾਰ ਜੇਤੂ ਦਾ ਐਲਾਨ ਕੀਤਾ ਜਾਵੇਗਾ। ਨੋਬੇਲ ਸ਼ਾਂਤੀ ਪੁਰਸਕਾਰ ਦਾ ਐਲਾਨ ਸ਼ੁੱਕਰਵਾਰ ਨੂੰ ਹੋਵੇਗਾ।



# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



## ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.


## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਸਰਕਾਰਾਂ ਦੀਆਂ ਨੀਤੀਆਂ ਨੇ ਸਿੱਖਿਆ ਦਾ ਵੱਡਾ ਨੁਕਸਾਨ ਕੀਤਾ: ਧਾਮੀ



ਫ਼ਤਹਿਗੜ੍ਹ ਸਾਹਿਬ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਉਚੇਰੀ ਸਿੱਖਿਆ ਦੀ ਅਜੋਕੀ ਸਥਿਤੀ, ਮੌਜੂਦਾ ਸਮੱਸਿਆਵਾਂ ਅਤੇ ਸੰਭਾਵੀ ਹੱਲ' ਵਿਸ਼ੇ 'ਤੇ ਦੋ ਰੋਜ਼ਾ ਵਿਦਿਅਕ ਕਾਨਫਰੰਸ ਦਾ ਆਗਾਜ਼ ਇੱਥੋਂ ਦੇ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਦੇ ਗਿਆਨੀ ਦਿੱਤ ਸਿੰਘ ਆਡੀਟੋਰੀਅਮ ਵਿੱਚ ਹੋਇਆ। ਇਸ ਮੌਕੇ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੌਜੂਦਾ ਸਮੇਂ 'ਚ ਸਰਕਾਰਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚੋਂ ਹੱਥ ਪਿੱਛੇ ਖਿੱਚਣ ਨੂੰ ਘਾਤਕ ਕਰਾਰ ਦਿੰਦਿਆਂ ਕਿਹਾ ਕਿ ਸਰਕਾਰਾਂ ਵੱਲੋਂ ਬਣਾਈਆਂ ਨੀਤੀਆਂ ਨੇ ਸਿੱਖਿਆ ਦਾ ਵੱਡਾ ਨੁਕਸਾਨ ਕੀਤਾ ਹੈ। ਸਰਕਾਰਾਂ ਵੱਲੋਂ ਵਿਦਿਅਕ ਅਦਾਰਿਆਂ ਦੀਆਂ ਗ੍ਰਾਂਟਾਂ ਘਟਾਉਣੀਆਂ ਅਤੇ ਘੱਟ ਗਿਣਤੀਆਂ ਦੇ ਵਜ਼ੀਫੇ ਬੰਦ ਕਰਨਾ ਵੱਡੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਸਿੱਖਿਆ ਪ੍ਰਤੀ ਗੈਰ-ਸੰਜੀਦਗੀ ਅਜੋਕੀ ਪੀੜ੍ਹੀ ਦੇ ਭਵਿੱਖ ਨਾਲ ਖਿਲਵਾੜ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਕਾਨਫਰੰਸਾਂ ਵਿੱਚ ਸੰਵਾਦ ਰਾਹੀਂ ਸਰਕਾਰਾਂ ਦੇ ਮਨਸੂਬਿਆਂ ਨੂੰ ਜੱਗ-ਜ਼ਾਹਿਰ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ, "ਸਿੱਖਿਆ ਨੀਤੀ ਨੂੰ ਬਦਲ ਕੇ ਸਰਕਾਰਾਂ ਵੱਲੋਂ ਸਾਡੇ ਖਿੱਤੇ ਅਤੇ ਭਾਸ਼ਾ 'ਤੇ ਹਮਲੇ ਕਰਕੇ ਸਾਨੂੰ ਵਿਰਸੇ ਤੋਂ ਨਿਖੇੜਨ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਇਨ੍ਹਾਂ ਹਮਲਿਆਂ ਨੂੰ ਰੋਕਣ ਲਈ ਸਾਨੂੰ ਧਾਰਮਿਕ ਫਲਸਫੇ 'ਤੇ ਰਹਿੰਦਿਆਂ ਆਪਣੀ ਅਜੋਕੀ ਪੀੜ੍ਹੀ ਨੂੰ ਅਜਿਹਾ ਮਾਰਗ ਦਿਖਾਉਣਾ ਹੋਵੇਗਾ ਜਿਸ ਨਾਲ ਸਾਡੀ ਭਾਸ਼ਾ, ਸਿਧਾਂਤ ਅਤੇ ਫ਼ਲਸਫ਼ਾ ਬਚਿਆ ਰਹਿ ਸਕੇ।"

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਨੇ ਜਿੱਥੇ ਸਿੱਖ ਫਲਸਫੇ ਦੀ ਰੋਸ਼ਨੀ ਵਿੱਚ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਕਾਰਜ ਕੀਤੇ ਹਨ, ਉੱਥੇ ਹੀ ਸਿੱਖਿਆ ਦੇ ਖੇਤਰ ਵਿੱਚ ਵੀ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਹਨ। ਪ੍ਰੋਫੇਸਰ ਡਾ. ਰਾਜੇਸ਼ ਗਿੱਲ ਨੇ ਆਪਣੇ ਕੂੰਜੀਵਤ ਭਾਸ਼ਣ ਵਿੱਚ ਪੰਜਾਬ ਦੇ ਕਾਲਜਾਂ ਅੰਦਰ ਸਿੱਖਿਆ ਨੂੰ ਹੋਰ ਤਰਾਸ਼ਣ 'ਤੇ ਜ਼ੋਰ ਦਿੱਤਾ। ਪੈਨਲ ਚਰਚਾ ਵਿੱਚ ਡਾ. ਜੈਰੂਪ ਸਿੰਘ, ਡਾ. ਗੁਰਮੋਹਨ ਸਿੰਘ ਵਾਲੀਆ, ਡਾ. ਪਰਵਿੰਦਰ ਸਿੰਘ, ਕਾਹਨ ਸਿੰਘ ਪੰਨੂ, ਸਤਨਾਮ ਸਿੰਘ ਮਾਣਕ, ਡਾ. ਵਰਿੰਦਰਪਾਲ ਸਿੰਘ, ਐੱਸ.ਐੱਚ. ਚੀਮਾ, ਡਾ. ਪ੍ਰਿਤਪਾਲ ਸਿੰਘ ਤੇ ਤੇਜਦੀਪ ਸਿੰਘ ਸੈਣੀ ਨੇ ਵਿਚਾਰ ਰੱਖੇ। ਇਸ ਮੌਕੇ ਸਟੇਜ ਸੰਚਾਲਨ ਡਾ. ਰਾਜਿੰਦਰ ਕੌਰ ਅਤੇ ਡਾ. ਜਤਿੰਦਰ ਕੌਰ ਨੇ ਕੀਤਾ।

# ਸ਼੍ਰੋਮਣੀ ਕਮੇਟੀ ਨੇ ਸਿੰਘ ਸਭਾ ਲਹਿਰ ਦਾ 150ਵਾਂ ਸਥਾਪਨਾ ਦਿਵਸ ਮਨਾਇਆ

## ਚੁਣੌਤੀਆਂ ਦਾ ਮੁਕਾਬਲਾ ਇਤਿਹਾਸ ਤੋਂ ਸੇਧ ਲੈ ਕੇ ਕਰਨ ਦੀ ਲੋੜ : ਜਥੇਦਾਰ ਗਿਆਨੀ ਰਘਬੀਰ ਸਿੰਘ




ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ 150 ਸਾਲਾ ਸਥਾਪਨਾ ਦਿਹਾੜਾ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਵਿਸ਼ਾਲ ਗੁਰਮਤਿ ਸਮਾਗਮ ਕਰਕੇ ਮਨਾਇਆ ਗਿਆ। ਇਸ ਸ਼ਤਾਬਦੀ ਸਮਾਗਮ ਮੌਕੇ ਸਿੱਖ ਬੁਲਾਰਿਆ ਨੇ ਸਿੰਘ ਸਭਾ ਲਹਿਰ ਦੇ ਇਤਿਹਾਸ ਅਤੇ ਯੋਗਦਾਨ ਦੀ ਰੌਸ਼ਨੀ 'ਚ ਸਿੱਖ ਕੌਮ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਦਾ ਇਕਜੁੱਟਤਾ ਨਾਲ ਮੁਕਾਬਲਾ ਕਰਨ ਲਈ ਕਿਹਾ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ 150 ਸਾਲ ਪਹਿਲਾਂ ਸ਼ੁਰੂ ਹੋਈ ਸਿੰਘ ਸਭਾ ਲਹਿਰ ਨੇ ਤਤਕਾਲੀ ਚੁਣੌਤੀਆਂ ਵਿਰੁੱਧ ਸਿੱਖ ਕੌਮ ਅੰਦਰ ਚੇਤੰਨ ਦਸਤਕ ਦਿੱਤੀ ਸੀ ਅਤੇ ਅੱਜ ਵੀ ਅਜਿਹੀਆਂ ਕਈ ਚੁਣੌਤੀਆਂ ਸਿੱਖ ਕੌਮ ਦੇ ਸਾਹਮਣੇ ਹਨ, ਜਿਨ੍ਹਾਂ ਦਾ ਮੁਕਾਬਲਾ ਇਤਿਹਾਸ ਤੋਂ ਸੇਧ ਲੈ ਕੇ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਤਤਕਾਲੀ ਹਾਲਾਤ ਵਾਂਗ ਮੌਜੂਦਾ ਸਮੇਂ ਵੀ ਇਸਾਈਅਤ ਦਾ ਭਰਮਜਾਲ ਧਰਮ ਪ੍ਰਚਾਰ ਦੇ ਨਾਂ 'ਤੇ ਫੈਲਾਇਆ ਜਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਸਾਈ ਧਰਮ ਦੇ ਪ੍ਰਚਾਰ ਕੇਂਦਰ ਖੋਲ੍ਹਣ ਲਈ ਵੱਧ ਪੈਸੇ ਦਾ ਲਾਲਚ ਦੇ ਕੇ ਜ਼ਮੀਨਾਂ ਲੈਣ ਦੀਆਂ ਕਈ ਸ਼ਿਕਾਇਤਾਂ ਪੁੱਜ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿਮੀਦਾਰਾਂ ਨੂੰ ਸੁਚੇਤ ਹੋ ਕੇ ਇਸ ਵਰਤਾਰੇ 'ਤੇ ਰੋਕ ਲਗਾਉਣੀ ਪਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖੀ ਨੂੰ ਚੁਣੌਤੀਆਂ ਹਰ ਸਮੇਂ ਰਹੀਆਂ ਹਨ। ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸਿੱਖੀ ਦੇ ਮਨੁੱਖਤਾਵਾਦੀ ਸਿਧਾਂਤ ਹਾਕਮ ਸਰਕਾਰਾਂ ਨੂੰ ਰੜਕਦੇ ਰਹੇ ਹਨ। ਇਸੇ ਕਰ ਕੇ ਹੀ ਸਮੇਂ-ਸਮੇਂ ਕੌਮ ਨੂੰ ਕਮਜ਼ੋਰ ਕਰਨ ਦੀਆਂ ਚਾਲਾਂ ਚੱਲੀਆਂ ਜਾਂਦੀਆਂ ਰਹੀਆਂ। ਇਤਿਹਾਸ ਸਿੱਖਾਂ ਨੂੰ ਇਹ ਪ੍ਰੇਰਣਾ ਦਿੰਦਾ ਹੈ ਕਿ ਚੁਣੌਤੀਆਂ ਦੇ ਹੱਲ ਇਕਜੁਟਤਾ ਨਾਲ ਹੀ ਹੋ ਸਕਦੇ ਹਨ। ਮੌਜੂਦਾ ਸਮੇਂ ਵੀ ਪੰਥ ਵਿਰੋਧੀ ਸ਼ਕਤੀਆਂ ਸਿੱਖੀ ਦੀ ਗੱਲ ਕਰਨ ਵਾਲੀਆਂ ਸੰਸਥਾਵਾਂ ਨੂੰ ਕਮਜ਼ੋਰ ਕਰਨ 'ਤੇ ਲੱਗੀਆਂ ਹੋਈਆਂ ਹਨ, ਜਿਨ੍ਹਾਂ ਦੇ ਮੁਕਾਬਲੇ ਲਈ ਚੇਤੰਨ ਅਤੇ ਬੌਧਿਕ ਤੌਰ 'ਤੇ ਤਿਆਰ ਹੋਣਾ ਪਵੇਗਾ। ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ। ਸਮਾਗਮ ਮੌਕੇ ਧਾਰਮਿਕ ਪ੍ਰੀਖਿਆ ਵਿੱਚੋਂ ਅੱਵਲ ਰਹਿਣ ਵਾਲੇ 1552 ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 32 ਲੱਖ ਰੁਪਏ ਦੀ ਰਾਸ਼ੀ ਵੰਡੀ। ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਮੰਤਰੀ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ, ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਆਗੂ ਪ੍ਰੋ. ਸ਼ਾਮ ਸਿੰਘ ਚੰਡੀਗੜ੍ਹ ਨੇ ਸੰਬੋਧਨ ਕੀਤਾ।

# ਹਰਿਆਣਾ ਦੇ ਸਿੱਖਾਂ ਵੱਲੋਂ ਚੁਣੇ ਨੁਮਾਇੰਦੇ ਐੱਚਐੱਸਜੀਪੀਸੀ ਨੂੰ ਵਧੀਆ ਢੰਗ ਨਾਲ ਚਲਾ ਸਕਦੇ ਨੇ : ਦਾਦੂਵਾਲ



ਕਾਲਾਂਵਾਲੀ : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਾਲਾਂਵਾਲੀ ਹਲਕੇ ਦੇ ਪਿੰਡਾਂ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਮੱਠੀ ਰਫ਼ਤਾਰ ਨਾਲ ਬਣ ਰਹੀਆਂ ਵੋਟਾਂ ਵਿੱਚ ਤੇਜ਼ੀ ਲਿਆਉਣ ਦੀ ਸਿੱਖ ਸੰਗਤ ਨੂੰ ਅਪੀਲ ਕੀਤੀ। ਇਸ ਦੌਰਾਨ ਉਨ੍ਹਾਂ ਸੰਗਤ ਨੂੰ ਵੋਟਾਂ ਬਣਵਾਉਣ ਲਈ ਪ੍ਰੇਰਿਤ ਵੀ ਕੀਤਾ। ਉਨ੍ਹਾਂ ਕਿਹਾ ਕਿ ਇਸ ਕਮੇਟੀ ਨੂੰ ਹਰਿਆਣਾ ਦੇ ਸਿੱਖਾਂ ਵੱਲੋਂ ਚੁਣੇ ਗਏ ਨੁਮਾਇੰਦੇ ਵਧੀਆ ਢੰਗ ਨਾਲ ਚਲਾ ਸਕਦੇ ਹਨ। ਜਥੇਦਾਰ ਦਾਦੂਵਾਲ ਵੱਲੋਂ ਵੋਟਾਂ ਬਣਵਾਉਣ ਵਿੱਚ ਤੇਜ਼ੀ ਲਿਆਉਣ ਲਈ ਅੱਜ ਪਿੰਡ ਕਾਲਾਂਵਾਲੀ, ਚਕੇਰੀਆਂ, ਜਲਾਲਆਣਾ, ਦੇਸੂ ਅਤੇ ਤਾਰੂਆਣਾ ਦਾ ਸਾਥੀਆਂ ਸਣੇ ਦੌਰਾ ਕੀਤਾ ਗਿਆ। ਮੰਡੀ ਕਾਲਾਂਵਾਲੀ ਵਿੱਚ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਿਰਸਾ ਜ਼ਿਲ੍ਹੇ ਦੇ ਪਿੰਡਾਂ ਵਿੱਚ ਜਾ ਕੇ ਵੋਟਾਂ ਬਣਵਾਉਣ ਲਈ ਪ੍ਰੇਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨਾਲੋਂ ਹਰਿਆਣਾ ਵੱਖ ਹੋਣ ਤੋਂ ਬਾਅਦ ਬਹੁਤ ਸਾਰੇ ਮੁੱਦਿਆਂ 'ਤੇ ਹਰਿਆਣਾ ਦੇ ਸਿੱਖਾਂ ਦੀ ਕੋਈ ਸੁਣਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਸੂਬੇ ਦੀ ਸਿੱਖ ਸੰਗਤ ਨੇ ਲੰਬੀ ਜੱਦੋਜਹਿਦ ਤੋਂ ਬਾਅਦ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਂਦ ਵਿੱਚ ਲਿਆਂਦਾ ਹੈ। ਇਸ ਕਮੇਟੀ ਨੂੰ ਹਰਿਆਣਾ ਦੇ ਸਿੱਖਾਂ ਵੱਲੋਂ ਚੁਣੇ ਗਏ ਨੁਮਾਇੰਦੇ ਵਧੀਆ ਢੰਗ ਨਾਲ ਚਲਾ ਸਕਦੇ ਹਨ। ਜਥੇਦਾਰ ਦਾਦੂਵਾਲ ਨੇ ਵੋਟਾਂ ਬਣਾਉਣ ਦੀ ਤਰੀਕ 16 ਅਕਤੂਬਰ ਤੱਕ ਵਧਾਉਣ 'ਤੇ ਹਰਿਆਣਾ ਗੁਰਦੁਆਰਾ ਚੋਣ ਕਮਿਸ਼ਨ ਅਤੇ ਹਰਿਆਣਾ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਸਿੱਖ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸਮੂਹ ਵੇਰਵੇ ਪੰਜਾਬੀ ਭਾਸ਼ਾ ਵਿੱਚ ਅਧਿਕਾਰੀਆਂ ਅੱਗੇ ਪੇਸ਼ ਕਰਨ। ਸੰਗਤ ਵੱਲੋਂ ਜਥੇਦਾਰ ਦਾਦੂਵਾਲ ਦਾ ਸਿਰੋਪਾ ਪਾ ਕੇ ਸਨਮਾਨ ਕੀਤਾ ਗਿਆ।

# ਜੇ ਖਹਿਰਾ ਨਸ਼ਾ ਵਪਾਰੀ ਸੀ ਤਾਂ ਕੇਜਰੀਵਾਲ ਨੇ 2017 'ਚ ਉਨ੍ਹਾਂ ਨੂੰ ਵਿਧਾਇਕ ਦੀ ਟਿਕਟ ਕਿਉਂ ਦਿੱਤੀ: ਬਾਜਵਾ



ਚੰਡੀਗੜ੍ਹ : ਭੁਲੱਥ ਤੋਂ ਕਾਂਗਰਸੀ ਵਿਧਾਇਕ ਦੀ ਗ੍ਰਿਫਤਾਰੀ ਨੂੰ ਬਦਲਾਖੋਰੀ ਦੀ ਸਿਆਸਤ ਦੀ ਵਧੀਆ ਉਦਾਹਰਨ ਕਰਾਰ ਦਿੰਦਿਆਂ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੰਗਲਵਾਰ ਨੂੰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੁੱਛਿਆ ਕਿ ਉਨ੍ਹਾਂ ਨੇ 2017 ਵਿੱਚ ਸੁਖਪਾਲ ਸਿੰਘ ਖਹਿਰਾ ਨੂੰ ਵਿਧਾਇਕ ਦੀ ਟਿਕਟ ਕਿਉਂ ਦਿੱਤੀ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਵਿਰੋਧੀ ਧਿਰ ਦਾ ਆਗੂ ਕਿਉਂ ਬਣਾਇਆ ਜੇ ਖਹਿਰਾ ਨਸ਼ਾ ਵਪਾਰੀ ਸੀ?

ਪੰਜਾਬ ਕਾਂਗਰਸ ਨੇ ਕਾਂਗਰਸੀ ਆਗੂ ਖਹਿਰਾ ਨੂੰ ਝੂਠੇ ਕੇਸ 'ਚ ਫਸਾਉਣ ਲਈ 'ਆਪ' ਸਰਕਾਰ ਵਿਰੁੱਧ ਚੰਡੀਗੜ੍ਹ 'ਚ ਰੋਸ ਪ੍ਰਦਰਸ਼ਨ ਕੀਤਾ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਬਾਜਵਾ ਨੇ ਪੁੱਛਿਆ ਕਿ ਭਗਵੰਤ ਮਾਨ ਨੇ ਉਸ ਸਮੇਂ ਖਹਿਰਾ ਖ਼ਿਲਾਫ਼ ਕੇਸ ਨੂੰ ਰਾਜਨੀਤੀ ਤੋਂ ਪ੍ਰੇਰਿਤ ਕੇਸ ਕਿਉਂ ਕਿਹਾ ਸੀ।

ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਏਆਈਜੀ ਰਾਜ ਜੀਤ ਸਿੰਘ ਹੁੰਦਲ ਨੂੰ ਫੜਨ ਵਿੱਚ ਅਸਫਲ ਕਿਉਂ ਰਹੀ ਹੈ, ਜੋ ਹੁਣ ਤੱਕ ਪੰਜਾਬ ਵਿੱਚ ਨਸ਼ਿਆਂ ਦੇ ਕਾਰੋਬਾਰ ਵਿੱਚ ਕਥਿਤ ਤੌਰ 'ਤੇ ਸ਼ਾਮਲ ਸਨ? ਕੀ ਕਾਰਜਕਾਰੀ ਡੀਜੀਪੀ ਪੰਜਾਬ ਗੌਰਵ ਯਾਦਵ ਦੱਸ ਸਕਦੇ ਹਨ ਕਿ ਰਾਜ ਜੀਤ ਸਿੰਘ ਹੁੰਦਲ ਨੂੰ ਕੌਣ ਬਚਾ ਰਿਹਾ ਹੈ? ਬਰਖ਼ਾਸਤ ਏਆਈਜੀ ਹੁੰਦਲ ਨੂੰ ਗ੍ਰਿਫਤਾਰ ਕਰਨ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕਿਉਂ ਨਹੀਂ ਕੀਤਾ ਗਿਆ? ਬਾਜਵਾ ਨੇ ਪੁੱਛਿਆ।

ਪੰਜਾਬ ਪੁਲਿਸ 'ਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਮਿਲੀਸ਼ੀਆ ਵਜੋਂ ਕੰਮ ਕਰਨ ਦਾ ਦੋਸ਼ ਲਾਉਂਦਿਆਂ ਵਿਰੋਧੀ ਧਿਰ ਦੇ ਆਗੂ ਨੇ ਜ਼ੋਰ ਦੇ ਕੇ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਨੂੰ ਨਾਜਾਇਜ਼ ਤੌਰ 'ਤੇ ਗ੍ਰਿਫਤਾਰ ਕਰਦੇ ਸਮੇਂ ਕੋਈ ਪ੍ਰਕਿਰਿਆ ਨਹੀਂ ਅਪਣਾਈ ਗਈ।

ਬਾਜਵਾ ਨੇ ਕਿਹਾ ਕਿ ਡੀਆਈਜੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਨੇ ਖਹਿਰਾ ਨੂੰ ਗ੍ਰਿਫਤਾਰ ਕਰਦੇ ਸਮੇਂ ਨਿਰਧਾਰਿਤ ਪ੍ਰਕਿਰਿਆ ਦੀ ਪਾਲਨਾ ਨਹੀਂ ਕੀਤੀ।

ਉਨ੍ਹਾਂ ਕਿਹਾ ਕਿ ਐਸਆਈਟੀ ਨੂੰ ਮੁਲਜ਼ਮਾਂ ਨੂੰ ਤਲਬ ਕਰਨ ਤੋਂ ਪਹਿਲਾਂ ਰਿਪੋਰਟ ਤਿਆਰ ਕਰਨੀ ਸੀ। ਦੋਸ਼ੀ ਨੂੰ ਗ੍ਰਿਫਤਾਰ ਕਰਨ ਦਾ ਫ਼ੈਸਲਾ ਦੋਸ਼ੀ ਦਾ ਬਿਆਨ ਲੈਣ ਤੋਂ ਬਾਅਦ ਹੀ ਲਿਆ ਜਾਂਦਾ ਹੈ। ਹਾਲਾਂਕਿ, ਸੀਨੀਅਰ ਕਾਂਗਰਸੀ ਨੇਤਾ ਖਹਿਰਾ ਦੇ ਮਾਮਲੇ ਵਿੱਚ ਵੀ ਇਸੇ ਪ੍ਰਕਿਰਿਆ ਦੀ ਪਾਲਨਾ ਨਹੀਂ ਕੀਤੀ ਗਈ।

# ਸਭ ਰੰਗ ਸਾਹਿਤ ਸਭਾ ਵਲੋਂ ਕਵੀ ਦਰਬਾਰ ਦਾ ਆਯੋਜਨ



ਗੁਰਦਾਸਪੁਰ : ਸਭ ਰੰਗ ਸਾਹਿਤ ਸਭਾ ਗੁਰਦਾਸਪੁਰ ਵਲੋਂ ਪਿੰਡ ਅਲੂਣੇਂ ਵਿਖੇ ਮਹਾਨ ਦੇਸ਼ ਭਗਤ ਅਤੇ ਕ੍ਰਾਂਤੀਕਾਰੀ ਯੋਧੇ ਤੇਜਾ ਸਿੰਘ ਸੁਤੰਤਰ ਅਤੇ ਮੇਦਨ ਸਿੰਘ ਮੇਦਨ ਦੀ ਯਾਦ ਨੂੰ ਸਮਰਪਿਤ ਇਕ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਸ ਦੀ ਪ੍ਰਧਾਨਗੀ ਸਹਿਦੇਵ ਕਲੇਰ, ਸਲਵਿੰਦਰ ਸਿੰਘ ਕਾਹਲੋਂ ਨਿਹੰਗ ਸਿੰਘ, ਲਖਵੀਰ ਸਿੰਘ, ਪਰਮਜੀਤ ਜਿਮੀਦਾਰ ਅਤੇ ਜਗਜੀਤ ਸਿੰਘ ਕਾਹਲੋਂ ਨੇ ਕੀਤੀ ਜਦ ਕਿ ਮੁੱਖ ਮਹਿਮਾਨ ਵਜੋਂ ਬਲਵਿੰਦਰ ਬਾਲਮ, ਬਿਸ਼ਨਦਾਸ ਅਤੇ ਮੰਗਲਦੀਪ ਨੇ ਸ਼ਿਰਕਤ ਕੀਤੀ। ਮੁੱਖ ਬੁਲਾਰਿਆਂ ਨੇ ਮਹਾਨ ਦੇਸ਼ ਭਗਤ ਅਤੇ ਕ੍ਰਾਂਤੀਕਾਰੀ ਯੋਧੇ ਤੇਜਾ ਸਿੰਘ ਸੁਤੰਤਰ ਅਤੇ ਮੇਦਨ ਸਿੰਘ ਮੇਦਨ ਦੀ ਜੀਵਨ ਸ਼ੈਲੀ ਅਤੇ ਕ੍ਰਿਤੀਤਵ ਸ਼ੈਲੀ ਉਪਰ ਵਿਚਾਰ ਰੱਖੇ ਅਤੇ ਉਨ੍ਹਾਂ ਦੀਆਂ ਲਿਖਤਾਂ ਰਚਨਾਵਾਂ ਸਾਂਝੀਆਂ ਕੀਤੀਆਂ। ਕਵੀ ਦਰਬਾਰ ਵਿਚ ਬਲਵਿੰਦਰ ਬਾਲਮ, ਬਿਸ਼ਨ ਦਾਸ, ਮੰਗਲਦੀਪ, ਸਹਿਦੇਵ ਕਾਲੇਰ, ਰਾਜ ਸਿਘ, ਜਗਜੀਤ ਸਿੰਘ ਕਾਹਲੋਂ ਅਤੇ ਬੁਲਾਰਿਆਂ ਵਿਚ ਜਗੀਰ ਸਿੰਘ, ਸਲਵਿੰਦਰ ਸਿੰਘ, ਨਿਰੰਜਨ ਸਿੰਘ, ਜਗਤਾਰ ਸਿੰਘ, ਨਿਹੰਗ ਸਿੰਘ, ਗੁਰਮੀਤ ਸਿਘ, ਪਰਮਜੀਤ ਸਿੰਘ, ਲਖਵੀਰ ਸਿੰਘ, ਤਰਸੇਮ ਕਾਹਲੋਂ ਆਦਿ ਨੇ ਭਾਗ ਲਿਆ। ਇਸ ਸਮਾਗਮ ਦੇ ਸੰਯੋਗ ਜਗਜੀਤ ਸਿੰਘ ਕਾਹਲੋਂ ਸਨ।



ਮਾਤਾ ਕੌਸ਼ਲਿਆ ਹਸਪਤਾਲ ਦੇ ਦੌਰੇ ਮੌਕੇ ਇੱਕ ਨਵਜੰਮੇ ਬੱਚੇ ਨਾਲ਼ ਲਾਡ ਲਡਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ

# ਨਸ਼ਾ ਤਸਕਰੀ ਤੇ ਭ੍ਰਿਸ਼ਟਾਚਾਰ ਖ਼ਿਲਾਫ਼ ਸਾਰੀਆਂ ਸਿਆਸੀ ਪਾਰਟੀਆਂ ਇਕਜੁੱਟ ਹੋਣ: ਕੇਜਰੀਵਾਲ

ਪਟਿਆਲਾ : 'ਮਿਸ਼ਨ ਸਿਹਤਮੰਦ ਪੰਜਾਬ' ਉੱਤੇ ਆਧਾਰਤ ਸਰਕਾਰੀ ਸਮਾਗਮ ਨੂੰ ਸਮਰਪਿਤ ਅੱਜ ਇੱਥੇ ਹੋਈ ਸੂਬਾਈ ਰੈਲੀ ਵਿੱਚ ਜੁੜੇ ਠਾਠਾਂ ਮਾਰਦੇ ਇਕੱਠ ਨੂੰ ਦੇਖ ਕੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਬਾਗੋ ਬਾਗ਼ ਹੋ ਗਏ। ਉਨ੍ਹਾਂ ਦਾ ਤਰਕ ਸੀ ਕਿ ਲੋਕਾਂ ਦਾ ਇਸ ਕਦਰ ਸਰਕਾਰੀ ਸਮਾਗਮਾਂ ਵਿੱਚ ਵੀ ਹੁੰਮ-ਹੁਮਾ ਕੇ ਪੁੱਜਣਾ ਪੰਜਾਬ ਸਰਕਾਰ ਦੀਆਂ ਨੀਤੀਆਂ ਪ੍ਰਤੀ ਲੋਕ ਮਨਾਂ 'ਚ ਖ਼ੁਸ਼ੀ ਦੀ ਲਹਿਰ ਦਾ ਪ੍ਰਗਟਾਵਾ ਹੈ।



ਇਕੱਠ ਨੂੰ ਸੰਬੋਧਨ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਭ੍ਰਿਸ਼ਟਾਚਾਰ ਅਤੇ ਨਸ਼ਾ ਕਿਸੇ ਵੀ ਵਰਗ, ਜਮਾਤ, ਸੰਗਠਨ ਅਤੇ ਸਮਾਜ ਲਈ ਬੇਹੱਦ ਘਾਤਕ ਹੁੰਦਾ ਹੈ, ਇਸ ਕਰ ਕੇ ਇਨ੍ਹਾਂ ਦੋਹਾਂ ਹੀ ਅਲਾਮਤਾਂ ਖ਼ ?ਲਾਫ਼ ਸਾਰੀਆਂ ਸਿਆਸੀ ਧਿਰਾਂ ਨੂੰ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਅੱਗੇ ਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿਆਸੀ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਭ੍ਰਿਸ਼ਟਾਚਾਰੀਆਂ ਅਤੇ ਨਸ਼ਾ ਤਸਕਰਾਂ ਜਾਂ ਉਨ੍ਹਾਂ ਦੇ ਹਮਾਇਤੀਆਂ ਨੂੰ ਆਪੋ-ਆਪਣੀਆਂ ਪਾਰਟੀਆਂ ਵਿਚੋਂ ਬਾਹਰ ਦਾ ਰਸਤਾ ਦਿਖਾਉਣ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਭ੍ਰਿਸ਼ਟਾਚਾਰੀਆਂ ਦੇ ਸੰਘ ਵਿੱਚ ਹੱਥ ਪਾ ਕੇ ਵੀ ਲੁੱਟ ਦਾ ਪੈਸਾ ਕੱਢ ਲਿਆਵੇਗੀ। ਉਨ੍ਹਾਂ ਜਿੱਥੇ ਬਿਨਾ ਨਾਮ ਲਿਆਂ ਸੁਖਪਾਲ ਖਹਿਰਾ 'ਤੇ ਤਨਜ਼ ਕੱਸਿਆ, ਉੱਥੇ ਹੀ ਭ੍ਰਿਸ਼ਟ ਕਾਰਵਾਈਆਂ ਲਈ ਪ੍ਰਮੁੱਖ ਅਕਾਲੀ ਆਗੂਆਂ ਨੂੰ ਵੀ ਲੰਬੇ ਹੱਥੀਂ ਲਿਆ।

ਮਾਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਤਸੱਲੀ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਦੋਹਾਂ ਹੀ ਭ੍ਰਿਸ਼ਟਾਚਰਾਂ ਅਤੇ ਨਸ਼ਾ ਤਸਕਰੀ ਖ਼ਿਲਾਫ਼ ਮੁਹਿੰਮ ਛੇੜ ਕੇ ਪੰਜਾਬ ਸਰਕਾਰ ਨੇ ਕਾਫ਼ੀ ਸੁਧਾਰ ਕੀਤਾ ਹੈ। ਉਨ੍ਹਾਂ ਲੋਕਾਂ ਨੂੰ ਵੀ ਸਰਕਾਰ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ। ਅਮਨ ਅਤੇ ਕਾਨੂੰਨ ਦੀ ਸਥਿਤੀ 'ਚ ਵਧੇਰੇ ਸੁਧਾਰ ਲਿਆਉਣ ਦੇ ਹਵਾਲੇ ਨਾਲ ਉਨ੍ਹਾਂ ਪੰਜਾਬ ਪੁਲੀਸ ਦੀ ਪਿੱਠ ਥਾਪੜੀ ਤੇ ਕਿਹਾ ਕਿ ਦੇਸ਼ ਪੱਧਰ 'ਤੇ ਇਸ ਪੱਖੋਂ ਪੰਜਾਬ ਦੇ ਵਧੇਰੇ ਹੇਠਾਂ ਡਿੱਗੇ ਗਰਾਫ ਵਿੱਚ ਪੰਜਾਬ ਸਰਕਾਰ ਅਤੇ ਸੂਬੇ ਦੀ ਪੁਲੀਸ ਨੇ ਕਾਫ਼ੀ ਸੁਧਾਰ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਪੰਜਾਬ ਵਾਸੀਆਂ ਨੂੰ ਅਸੀਂ ਸਾਫ਼ ਸੁਥਰਾ ਤੇ ਬਿਹਤਰ ਸਾਸ਼ਨ ਅਤੇ ਹਰ ਪੱਖੋਂ ਢੁਕਵੀਂਆਂ ਸਹੂਲਤਾਂ ਦੇਣ ਦਾ ਵਾਅਦਾ ਕੀਤਾ ਹੈ। ਇਸ ਕਰ ਕੇ ਇਨ੍ਹਾਂ ਸਾਰਿਆਂ ਵਾਅਦਿਆਂ ਦੀ ਪੂਰਤੀ ਲਈ ਸਰਕਾਰ ਵਚਨਬੱਧ ਹੈ। - ਉਨ੍ਹਾਂ ਕਿਹਾ ਕਿ 18 ਮਹੀਨਿਆਂ 'ਚ ਭਗਵੰਤ ਮਾਨ ਦੀ ਸਰਕਾਰ ਨੇ ਸੂਬੇ ਦੇ ਹਰ ਖੇਤਰ ਵਿੱਚ ਵੱਡੀ ਕ੍ਰਾਂਤੀ ਲਿਆਂਦੀ ਹੈ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਸਰਕਾਰ ਜਲਦੀ ਹੀ ਨਾਗਰਿਕ ਕੇਂਦਰਿਤ ਸੇਵਾਵਾਂ ਲੋਕਾਂ ਨੂੰ ਉਨ੍ਹਾਂ ਦੇ ਦਰਾਂ 'ਤੇ ਪਹੁੰਚਾਉਣ ਦੀ ਸ਼ੁਰੂਆਤ ਕਰੇਗੀ। ਉਨ੍ਹਾਂ ਅੱਜ ਦੇ ਸਮਾਗਮ ਸਮੇਤ ਕਈ ਹੋਰ ਪੱਖਾਂ ਦੇ ਹਵਾਲੇ ਨਾਲ ਵੀ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਿੱਥੇ 'ਮਿਸ਼ਨ ਸਿਹਤ ਪੰਜਾਬ' ਸਬੰਧੀ ਵਿਸਥਾਰ 'ਚ ਗੱਲ ਕੀਤੀ, ਉੱਥੇ ਹੀ ਆਪਣੀ ਸਰਕਾਰ ਦੀਆਂ ਕਈ ਹੋਰ ਪ੍ਰਾਪਤੀਆਂ ਅਤੇ ਨੀਤੀਆਂ ਸਮੇਤ ਅਗਲੇ ਪ੍ਰੋਗਰਾਮਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।



# ਨੀਦਰਲੈਂਡਜ਼ ਦੀ ਸ਼ਫੀਰ ਵੱਲੋਂ ਭਗਵੰਤ ਮਾਨ ਨਾਲ ਮੁਲਾਕਾਤ



ਚੰਡੀਗੜ੍ਹ : ਨੀਦਰਲੈਂਡਜ਼ ਦੀ ਸ਼ਫੀਰ ਮੈਰੀਸਾ ਗੇਰਾਡਜ਼ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਨਾਲ ਉਨ੍ਹਾਂ ਦੀ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਇਸ ਦੌਰਾਨ ਸ਼ਫੀਰ ਨੇ ਸ੍ਰੀ ਮਾਨ ਨੂੰ ਪਹਿਲੀ ਅਕਤੂਬਰ ਨੂੰ ਰਾਜਪੁਰਾ 'ਚ 138 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਕੈਟਲ ਫੀਡ ਪਲਾਂਟ ਦਾ ਨੀਂਹ ਪੱਥਰ ਰੱਖਣ ਦਾ ਸੱਦਾ ਦਿੱਤਾ, ਜਿਸ ਨੂੰ ਮੁੱਖ ਮੰਤਰੀ ਨੇ ਪ੍ਰਵਾਨ ਕਰ ਲਿਆ। ਹਾਲੈਂਡ ਦੀ ਕੰਪਨੀ ਇਹ ਕੈਟਲ ਫੀਡ ਪਲਾਂਟ ਲਾ ਰਹੀ ਹੈ। ਮੁੱਖ ਮੰਤਰੀ ਨੇ ਇਸ ਸੱਦੇ ਨੂੰ ਪ੍ਰਵਾਨ ਕਰ ਲਿਆ। ਮੁੱਖ ਮੰਤਰੀ ਨੇ ਪੰਜਾਬ ਨੂੰ ਨਿਵੇਸ਼ ਲਈ ਸਭ ਤੋਂ ਪਸੰਦੀਦਾ ਸਥਾਨ ਦੱਸਦਿਆਂ ਸ਼ਫੀਰ ਨੂੰ ਜਾਣੂ ਕਰਵਾਇਆ ਕਿ ਸੂਬੇ 'ਚ ਸਨਅਤਕਾਰਾਂ ਦੀ ਭਲਾਈ ਲਈ ਸਮਰਪਿਤ ਸਿੰਗਲ ਵਿੰਡੋ ਪ੍ਰਣਾਲੀ ਲਾਗੂ ਕਰਨ ਵਾਲੀ ਉਦਯੋਗਿਕ ਪੱਖੀ ਸਰਕਾਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਸ਼ਵ ਭਰ ਦੀਆਂ ਪ੍ਰਮੁੱਖ ਕੰਪਨੀਆਂ ਸੂਬੇ 'ਚ ਨਵਿੇਸ਼ ਕਰਨ ਲਈ ਤਿਆਰ ਹਨ। ਨੀਦਰਲੈਂਡਜ਼ ਦੇ ਉੱਦਮੀਆਂ ਨੂੰ ਵੀ ਪੰਜਾਬ 'ਚ ਨਵਿਸ਼ ਕਰਕੇ ਬਹੁਤ ਫਾਇਦਾ ਹੋਵੇਗਾ, ਜੋ ਦੇਸ਼ ਦੇ ਉਦਯੋਗਿਕ ਧੁਰੇ ਵਜੋਂ ਤੇਜ਼ੀ ਨਾਲ ਉੱਭਰ ਰਿਹਾ ਹੈ। ਨੀਦਰਲੈਂਡਜ਼ ਦੀ ਸ਼ਫੀਰ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਹਾਲੈਂਡ ਦੇ ਮੋਹਰੀ ਸਨਅਤਕਾਰ ਪਹਿਲਾਂ ਹੀ ਸੂਬੇ 'ਚ ਵੱਡੇ ਪੱਧਰ 'ਤੇ ਨਵਿਸ਼ ਕਰ ਰਹੇ ਹਨ। ਉਨ੍ਹਾਂ ਉਮੀਦ ਜਤਾਈ ਕਿ ਰਾਜਪੁਰਾ 'ਚ ਬਣਨ ਵਾਲਾ ਕੈਟਲ ਫੀਡ ਪਲਾਂਟ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਮੀਲ ਪੱਥਰ ਸਾਬਤ ਹੋਵੇਗਾ।

# ਪੰਜਾਬ ਤੇ ਦਿੱਲੀ ਦੇ ਮੁੱਖ ਮੰਤਰੀਆਂ ਨੇ ਮਹਾਤਮਾ ਗਾਂਧੀ ਅਤੇ ਲਾਲ ਬਹਾਦਰ ਸ਼ਾਸਤਰੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ

ਪਟਿਆਲਾ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਅਤੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਜੀ ਨੂੰ ਉਨ੍ਹਾਂ ਦੇ ਜਨਮ ਦਿਵਸ ਮੌਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਮਹਾਤਮਾ ਗਾਂਧੀ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਰਾਸ਼ਟਰ ਪਿਤਾ ਦਾ ਜੀਵਨ, ਫ਼ਲਸਫ਼ਾ ਅਤੇ ਕੁਰਬਾਨੀ ਹਮੇਸ਼ਾ ਚਾਨਣ ਮੁਨਾਰੇ ਵਾਂਗ ਰੁਸ਼ਨਾਉਂਦੇ ਰਹਿਣਗੇ ਅਤੇ ਸਾਨੂੰ ਸਾਰਿਆਂ ਨੂੰ ਸਮਾਜ, ਰਾਜ ਅਤੇ ਦੇਸ਼ ਦੀ ਨਿਸ਼ਕਾਮ ਸੇਵਾ ਕਰਨ ਲਈ ਪ੍ਰੇਰਿਤ ਕਰਦੇ ਰਹਿਣਗੇ। ਉਨ੍ਹਾਂ ਲੋਕਾਂ ਨੂੰ ਬਰਾਬਰੀ ਦੇ ਸਮਾਜ ਦੀ ਸਿਰਜਣਾ ਲਈ ਮਹਾਤਮਾ ਗਾਂਧੀ ਵੱਲੋਂ ਦਰਸਾਏ ਸ਼ਾਂਤੀ ਅਤੇ ਅਹਿੰਸਾ ਦੇ ਫ਼ਲਸਫ਼ੇ 'ਤੇ ਚੱਲਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਨੇ ਭਾਰਤੀ ਆਜ਼ਾਦੀ ਸੰਗਰਾਮ ਨੂੰ ਇੱਕ ਜਨ ਅੰਦੋਲਨ ਵਿੱਚ ਤਬਦੀਲ ਕੀਤਾ ਜਿਸ ਨਾਲ ਦੇਸ਼ ਨੂੰ ਬਰਤਾਨਵੀ ਸਾਮਰਾਜਵਾਦ ਦੀ ਜਕੜ ਤੋਂ ਮੁਕਤ ਕਰਵਾਇਆ ਗਿਆ।



ਪੰਜਾਬ ਦੇ ਮੁੱਖ ਮੰਤਰੀ ਅਤੇ ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਮਹਾਤਮਾ ਗਾਂਧੀ ਵਾਹਿਦ ਵਿਸ਼ਵ ਆਗੂ ਸਨ ਜਿਨ੍ਹਾਂ ਨੇ ਅਹਿੰਸਾ ਦੀ ਆਪਣੀ ਵਿਚਾਰਧਾਰਾ ਰਾਹੀਂ ਆਜ਼ਾਦੀ ਦੀ ਲੜਾਈ ਜਿੱਤੀ। ਉਨ੍ਹਾਂ ਕਿਹਾ ਕਿ ਗਾਂਧੀ ਜੀ ਇੱਕ ਮਹਾਨ ਰਾਜਨੇਤਾ ਅਤੇ ਮਹਾਨ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਪਿਆਰ, ਸ਼ਾਂਤੀ ਅਤੇ ਅਹਿੰਸਾ ਦੇ ਆਪਣੇ ਫ਼ਲਸਫ਼ੇ ਦਾ ਪ੍ਰਚਾਰ ਕਰਨ ਲਈ ਦੁਨੀਆ ਭਰ ਦੀ ਯਾਤਰਾ ਕੀਤੀ। ਉਨ੍ਹਾਂ ਕਿਹਾ ਕਿ ਦੁਨੀਆ ਭਰ ਦੇ ਲੋਕ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਦੇ ਪ੍ਰਸ਼ੰਸਕ ਅਤੇ ਪੈਰੋਕਾਰ ਹਨ।

ਲਾਲ ਬਹਾਦਰ ਸ਼ਾਸਤਰੀ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਅਤੇ ਦਿੱਲੀ ਦੇ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਭਾਰਤੀ ਰਾਜਨੀਤੀ ਦਾ ਇੱਕ ਅਜਿਹਾ ਚਾਨਣ ਮੁਨਾਰਾ ਦੱਸਿਆ ਜਿਸ ਨੇ ਭਾਰਤ ਨੂੰ ਅਨਾਜ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣ ਲਈ ਮੁੱਖ ਧੁਰੇ ਵਜੋਂ ਕੰਮ ਕੀਤਾ। ਉਨ੍ਹਾਂ ਕਿਹਾ ਕਿ ਲਾਲ ਬਹਾਦਰ ਸ਼ਾਸਤਰੀ ਵੱਲੋਂ ਦਿੱਤਾ ਗਿਆ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਹਮੇਸ਼ਾ ਸਾਡਾ ਮਾਰਗਦਰਸ਼ਨ ਕਰਨ ਸਣੇ ਭਾਰਤ ਨੂੰ ਇੱਕ ਆਤਮ-ਨਿਰਭਰ ਅਤੇ ਸੁਰੱਖਿਅਤ ਰਾਸ਼ਟਰ ਵਜੋਂ ਅੱਗੇ ਵਧਾਉਣ ਵਿੱਚ ਮਦਦ ਕਰਦਾ ਰਹੇਗਾ।

ਲੋਕਾਂ ਨੂੰ ਸਾਬਕਾ ਪ੍ਰਧਾਨ ਮੰਤਰੀ ਵੱਲੋਂ ਪ੍ਰਚਾਰੀਆਂ ਗਈਆਂ ਸਵੈ-ਅਨੁਸ਼ਾਸਨ, ਸਮਰਪਣ ਅਤੇ ਸਖ਼ਤ ਮਿਹਨਤ ਦੀਆਂ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਦਾ ਸੱਦਾ ਦਿੰਦਿਆਂ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਲਾਲ ਬਹਾਦਰ ਸ਼ਾਸਤਰੀ ਜੀ ਇਮਾਨਦਾਰੀ, ਨੈਤਿਕਤਾ ਅਤੇ ਸਾਦਗੀ ਦੇ ਪ੍ਰਤੀਕ ਸਨ ਅਤੇ ਆਪਣੇ ਦੇਸ਼ ਦੇ ਸਰਬਪੱਖੀ ਵਿਕਾਸ ਅਤੇ ਖ਼ੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਜੋਸ਼ ਨਾਲ ਕੰਮ ਕਰਨਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਮਨੀਪੁਰ: ਮੈਤੇਈ ਵੀ ਹੁਣ ਮੁੱਖ ਮੰਤਰੀ ਦੇ ਖ਼ਿਲਾਫ਼ ਹੋਣ ਲੱਗੇ









ਨਵੀਂ ਦਿੱਲੀ : ਮਨੀਪੁਰ ਦੇ ਕਮਿਊਨਿਸਟ ਆਗੂ ਤੇ ਇਨਕਲਾਬੀ ਆਜ਼ਾਦੀ ਘੁਲਾਟੀਏ ਇਰਾਬੋਟ ਸਿੰਘ (1896-1951) ਦੇ ਜਨਮ ਦਿਹਾੜੇ ਉਤੇ ਵੀ ਅੱਜ ਸੂਬੇ 'ਚ ਜਾਰੀ ਨਸਲੀ ਟਕਰਾਅ ਦਾ ਪਰਛਾਵਾਂ ਨਜ਼ਰ ਆਇਆ। ਮਨੀਪੁਰ ਰਾਜ 'ਚ ਕਾਫ਼ੀ ਅਹਿਮੀਅਤ ਰੱਖਦੇ ਇਰਾਬੋਟ ਦੇ ਜਨਮ ਦਿਨ ਮੌਕੇ ਸੂਬੇ ਵਿਚ ਛੁੱਟੀ ਹੁੰਦੀ ਹੈ ਤੇ ਇਹ ਕਾਫ਼ੀ ਵੱਡਾ ਮੌਕਾ ਹੁੰਦਾ ਹੈ, ਪਰ ਅੱਜ ਇਸ ਉਤੇ ਵੀ ਵਿਰੋਧ ਪ੍ਰਦਰਸ਼ਨ ਭਾਰੂ ਰਹੇ। ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨਾਂ ਨੇ ਕਾਲੇ ਕੱਪੜੇ ਪਾ ਕੇ 'ਖ਼ੂਨ ਬਦਲੇ ਖ਼ੂਨ' ਤੇ 'ਮਾਤਭੂਮੀ ਦੀ ਜੈ ਹੋਵੇ' ਅਤੇ ਹੋਰ ਕਈ ਭਾਵੁਕ ਨਾਅਰੇ ਮਾਰੇ। ਇਸ ਮੌਕੇ ਇੰਫਾਲ ਦੀਆਂ ਸੜਕਾਂ ਉਤੇ ਇਕ ਵੱਡਾ ਰੋਸ ਮਾਰਚ ਕੱਢਿਆ ਗਿਆ। ਇਹ ਰੋਸ ਮੁਜ਼ਾਹਰਾ ਅੱਜ ਮੈਤੇਈ ਸੰਗਠਨ 'ਅਰਾਮਬਾਈ ਤੇਂਗਗੋਲ' ਦੇ ਝੰਡੇ ਹੇਠ ਕੱਢਿਆ ਗਿਆ, ਜੋ ਕਿ ਹਾਲ ਦੇ ਮਹੀਨਿਆਂ ਵਿਚ ਮੈਤੇਈ ਤੇ ਕੁਕੀਆਂ ਵਿਚਾਲੇ ਹੋਈ ਹਿੰਸਾ 'ਚ ਕਾਫ਼ੀ ਉੱਭਰਿਆ ਹੈ। ਮੁਜ਼ਾਹਰਾਕਾਰੀਆਂ ਨੇ ਇਸ ਮੌਕੇ ਮੈਤੇਈ ਭਾਈਚਾਰੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਦਿੱਤੀ। ਟਕਰਾਅ ਦਾ ਅਸਰ ਅੱਜ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਦੀ ਅਗਵਾਈ ਵਿਚ ਹੋਏ ਸਰਕਾਰੀ ਸਮਾਗਮ ਉਤੇ ਵੀ ਦੇਖਣ ਨੂੰ ਮਿਲਿਆ ਜਿਨ੍ਹਾਂ ਇਰਾਬੋਟ ਸਿੰਘ ਦੇ ਬੁੱਤ ਉਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਮੁੱਖ ਮੰਤਰੀ ਨੇ ਮੰਗਲਵਾਰ ਤੇ ਬੁੱਧਵਾਰ ਨੂੰ ਇੰਫਾਲ ਇਲਾਕੇ ਵਿਚ ਹੋਈਆਂ ਹਿੰਸਕ ਘਟਨਾਵਾਂ 'ਤੇ ਅਫ਼ਸੋਸ ਜ਼ਾਹਿਰ ਕੀਤਾ। ਸੁਰੱਖਿਆ ਬਲਾਂ ਨਾਲ ਟਕਰਾਅ ਮਗਰੋਂ ਇਨ੍ਹਾਂ ਘਟਨਾਵਾਂ ਵਿਚ ਕਈ ਵਿਦਿਆਰਥੀ ਫੱਟੜ ਹੋ ਗਏ ਸਨ। ਮੁੱਖ ਮੰਤਰੀ ਨੇ ਕਿਹਾ, 'ਮੈਂ ਬੱਚਿਆਂ 'ਤੇ ਐਨੀ ਤਾਕਤ ਵਰਤੇ ਜਾਣ ਤੋਂ ਹੈਰਾਨ ਹਾਂ, ਉਨ੍ਹਾਂ ਇਨ੍ਹਾਂ ਨਾਲ ਕੀ ਕੀਤਾ ਹੈ। ਰਾਜ ਦੇ ਮੰਤਰੀਆਂ ਨੇ ਕਈ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਹੈ।'

# ਸਿੱਧੂ ਮੂਸੇਵਾਲਾ 'ਤੇ ਕੀਤਾ ਜਾਣਾ ਸੀ ਆਰਪੀਜੀ ਹਮਲਾ

## ਦਿੱਲੀ ਪੁਲਿਸ ਕੋਲ ਪੁੱਛ-ਪੜਤਾਲ ਦੌਰਾਨ ਲਾਰੈਂਸ ਬਿਸ਼ਨੋਈ ਦਾ ਖੁਲਾਸਾ



ਨਵੀਂ ਦਿੱਲੀ : ਦਿੱਲੀ ਪੁਲਿਸ ਨੇ ਖੁਲਾਸਾ ਕੀਤਾ ਹੈ ਕਿ ਮੁਹਾਲੀ ਵਿਚ ਪਿਛਲੇ ਸਾਲ ਜਿਸ ਆਰਪੀਜੀ (ਰਾਕੇਟ ਪ੍ਰੋਪੈਲਡ ਗ੍ਰਨੇਡ) ਨਾਲ ਪੰਜਾਬ ਪੁਲੀਸ ਦੇ ਇੰਟੈਲੀਜੈਂਸ ਹੈੱਡਕੁਆਰਟਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਉਹ ਅਸਲ ਵਿਚ ਗਾਇਕ-ਰੈਪਰ ਸਿੱਧੂ ਮੂਸੇਵਾਲਾ ਨੂੰ ਮਾਰਨ ਲਈ ਲਿਆਂਦਾ ਗਿਆ ਸੀ। ਦਿੱਲੀ ਪੁਲੀਸ ਦੇ ਚੋਟੀ ਦੇ ਸੂਤਰਾਂ ਨੇ ਕਿਹਾ ਕਿ ਮਗਰੋਂ ਵਾਰਦਾਤ ਕਰਨ ਵਾਲਿਆਂ ਨੇ ਯੋਜਨਾ ਬਦਲ ਦਿੱਤੀ। ਉਨ੍ਹਾਂ ਨੂੰ ਡਰ ਸੀ ਕਿ ਜੇ ਹਮਲਾ ਕਿਸੇ ਇਕੱਠ ਜਾਂ ਮੀਟਿੰਗ ਦੌਰਾਨ ਕੀਤਾ ਗਿਆ ਤਾਂ ਜ਼ਿਆਦਾ ਲੋਕ ਮਰ ਸਕਦੇ ਹਨ। ਸੂਤਰਾਂ ਨੇ ਦੱਸਿਆ ਕਿ ਆਰਪੀਜੀ ਹਰਵਿੰਦਰ ਸਿੰਘ ਸੰਧੂ ਉਰਫ਼ ਰਿੰਦਾ ਨੇ ਸਪਲਾਈ ਕੀਤਾ ਸੀ ਜਿਸ ਨਾਲ ਪਹਿਲਾਂ ਮੂਸੇਵਾਲਾ ਨੂੰ ਮਾਰਨ ਦੀ ਸਾਜ਼ਿਸ਼ ਘੜੀ ਗਈ ਸੀ। ਇਹ ਹਮਲਾ ਕਿਸੇ ਰੈਲੀ ਜਾਂ ਸਮਾਗਮ ਵਿਚ ਕੀਤਾ ਜਾਣਾ ਸੀ। ਹਾਲਾਂਕਿ ਮਗਰੋਂ ਗੈਂਗਸਟਰਾਂ ਦੀ ਯੋਜਨਾ ਬਦਲ ਗਈ ਤੇ ਉਨ੍ਹਾਂ ਇਸ ਦੀ ਵਰਤੋਂ ਅਕਤੂਬਰ 2022 ਵਿਚ ਮੁਹਾਲੀ ਸਥਿਤ ਦਫ਼ਤਰ ਉਤੇ ਹਮਲਾ ਕਰਨ ਲਈ ਕੀਤੀ। ਇਹ ਖੁਲਾਸਾ ਗੈਂਗਸਟਰ ਲਾਰੈਂਸ ਬਿਸ਼ਨੋਈ ਕੋਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਹੋਇਆ ਹੈ। ਪੁਲਿਸ ਸੂਤਰਾਂ ਮੁਤਾਬਕ ਆਰਪੀਜੀ ਗੈਰਕਾਨੂੰਨੀ ਢੰਗ ਨਾਲ ਤਸਕਰੀ ਕਰ ਕੇ ਪਾਕਿਸਤਾਨ ਤੋਂ ਭਾਰਤ ਲਿਆਂਦਾ ਗਿਆ ਸੀ, ਤੇ ਇਸ ਵਿਚ ਆਈਐੱਸਆਈ ਦਾ ਹੱਥ ਸੀ। ਰਿਪੋਰਟਾਂ ਮੁਤਾਬਕ ਰਿੰਦਾ ਨੇ ਇਸ ਵਾਰਦਾਤ ਲਈ ਬਿਸ਼ਨੋਈ ਗੈਂਗ ਦੇ ਮੈਂਬਰਾਂ ਨੂੰ ਚੁਣਿਆ ਸੀ। ਕੈਨੇਡਾ ਵਿਚ ਰਹਿ ਰਿਹਾ ਭਗੌੜਾ ਅਤਵਿਾਦੀ ਲਖਬੀਰ ਸਿੰਘ ਲੰਡਾ ਵੀ ਰਿੰਦਾ ਨਾਲ ਰਲਿਆ ਹੋਇਆ ਸੀ। ਇਨ੍ਹਾਂ ਮਿਲ ਕੇ ਵਾਰਦਾਤ ਕਰਨ ਵਾਲਿਆਂ ਨਾਲ ਸੰਪਰਕ ਕੀਤਾ। ਰਿੰਦਾ ਦਾ ਨਾਂ ਪਹਿਲਾਂ ਨਵਾਂਸ਼ਹਿਰ ਵਿਚ ਸੀਆਈਏ ਦੇ ਦਫ਼ਤਰ ਉਤੇ ਹੋਏ ਗ੍ਰਨੇਡ ਹਮਲੇ ਨਾਲ ਵੀ ਜੁੜਿਆ ਸੀ। ਹੋਰ ਕਈ ਮਾਮਲਿਆਂ ਵਿਚ ਵੀ ਉਸ ਦਾ ਨਾਂ ਸਾਹਮਣੇ ਆਇਆ ਹੈ। ਜਾਂਚ ਮੁਤਾਬਕ ਮੁਹਾਲੀ ਵਿਚ 9 ਮਈ, 2022 ਨੂੰ ਹੋਇਆ ਆਰਪੀਜੀ ਹਮਲਾ ਬੱਬਰ ਖਾਲਸਾ ਇੰਟਰਨੈਸ਼ਨਲ, ਆਈਐੱਸਆਈ ਤੇ ਸਥਾਨਕ ਗੈਂਗਸਟਰਾਂ ਦੀ ਸਾਜ਼ਿਸ਼ ਸੀ।

# ਸਕੂਲ ਦੇ 32 ਪਾੜ੍ਹਿਆਂ ਨੇ ਐਨਡੀਏ ਪ੍ਰੀਖਿਆ ਪਾਸ ਕੀਤੀ



ਨਵੀਂ ਦਿੱਲੀ : ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਰਾਸ਼ਟਰੀ ਰਾਜਧਾਨੀ ਦੇ ਸ਼ਹੀਦ ਭਗਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਸਕੂਲ ਦੇ 32 ਵਿਦਿਆਰਥੀਆਂ ਨੇ ਨੈਸ਼ਨਲ ਡਿਫੈਂਸ ਅਕੈਡਮੀ (ਐੱਨਡੀਏ) ਦੀ ਪ੍ਰੀਖਿਆ ਪਾਸ ਕਰ ਲਈ ਹੈ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉੱਤੇ ਕੇਜਰੀਵਾਲ ਨੇ ਲਿਖਿਆ, 'ਇਹ ਸਾਂਝਾ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਦਿੱਲੀ ਦੇ ਸ਼ਹੀਦ ਭਗਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਸਕੂਲ ਦੇ 32 ਵਿਦਿਆਰਥੀਆਂ ਨੇ ਐੱਨਡੀਏ ਪ੍ਰੀਖਿਆ ਪਾਸ ਕੀਤੀ ਹੈ ਜੋ ਦੇਸ਼ ਭਰ ਦੇ ਕਿਸੇ ਵੀ ਸਕੂਲ ਵਿੱਚੋਂ ਸਭ ਤੋਂ ਵੱਧ ਨੰਬਰਾਂ ਵਿੱਚੋਂ ਇੱਕ ਹੈ।' ਕੇਜਰੀਵਾਲ ਨੇ ਕਿਹਾ ਕਿ ਆਰਮਡ ਫੋਰਸ ਪ੍ਰੈਪਰੇਟਰੀ ਸਕੂਲ ਨੇ ਸ਼ਾਨਦਾਰ ਨਤੀਜੇ ਦਿਖਾਏ ਹਨ ਤੇ ਦਿੱਲੀ ਦੇ ਹੋਰ ਵਿਦਿਆਰਥੀ ਭਵਿੱਖ ਵਿੱਚ ਵੀ ਐੱਨਡੀਏ ਪ੍ਰੀਖਿਆ ਪਾਸ ਕਰਨਗੇ।

# ਸੁਖਬੀਰ, ਸੈਣੀ ਤੇ ਉਮਰਾਨੰਗਲ ਨੂੰ ਹਾਈ ਕੋਰਟ ਤੋਂ ਰਾਹਤ



ਚੰਡੀਗੜ੍ਹ : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅੱਜ ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ, ਪੁਲੀਸ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਤਿੰਨ ਹੋਰਾਂ ਨੂੰ ਕੋਟਕਪੂਰਾ ਤੇ ਬਹਿਬਲ ਕਲਾਂ 'ਚ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ 'ਤੇ ਹੋਈ ਗੋਲੀਬਾਰੀ ਨਾਲ ਸਬੰਧਿਤ ਕੇਸ 'ਚ ਗ੍ਰਿਫ਼ਤਾਰੀ ਤੋਂ ਪੇਸ਼ਗੀ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਅਨੂਪ ਚਿਤਕਾਰਾ ਨੇ ਫ਼ੈਸਲਾ ਸੁਣਾਇਆ ਕਿ ਇਹ ਪ੍ਰੀ-ਟਰਾਇਲ ਕੈਦ ਦਾ ਮਾਮਲਾ ਨਹੀਂ ਹੈ। ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਸਾਰੇ ਮੁਲਜ਼ਮਾਂ ਖ਼ਿਲਾਫ਼ ਸੀਆਰਪੀਸੀ ਦੀ ਧਾਰਾ 173 ਤਹਿਤ ਪੁਲੀਸ ਵੱਲੋਂ ਆਖਰੀ ਜਾਂਚ ਰਿਪੋਰਟ ਦਾਖਲ ਕੀਤੇ ਜਾਣ ਮਗਰੋਂ ਫਰੀਦਕੋਟ ਦੇ ਜੁਡੀਸ਼ਲ ਮੈਜਿਸਟਰੇਟ (ਪਹਿਲੀ ਸ਼੍ਰੇਣੀ) ਵੱਲੋਂ ਨੋਟਿਸ ਜਾਰੀ ਕੀਤੇ ਜਾਣ ਤੋਂ ਬਾਅਦ ਪਟੀਸ਼ਨਰਾਂ ਨੇ ਹਾਈ ਕੋਰਟ ਦਾ ਰੁਖ਼ ਕੀਤਾ ਸੀ। ਜਸਟਿਸ ਚਿਤਕਾਰਾ ਨੇ ਕਿਹਾ ਕਿ ਪਟੀਸ਼ਨਰਾਂ ਖ਼ਿਲਾਫ਼ ਪਹਿਲੀ ਨਜ਼ਰੇ ਕੇਸ ਦਰਜ ਹੋਣ ਦੇ ਬਾਵਜੂਦ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਨਾ ਕਰਨ ਦਾ ਰਾਹ ਚੁਣਿਆ ਅਤੇ ਮੁਲਜ਼ਮਾਂ ਨੂੰ ਹਿਰਾਸਤ 'ਚ ਲਏ ਬਿਨਾ ਪੁਲਿਸ ਰਿਪੋਰਟ ਦਰਜ ਕੀਤੀ। ਪਟੀਸ਼ਨਰਾਂ ਨੇ ਗ੍ਰਿਫ਼ਤਾਰੀ ਦਾ ਖਦਸ਼ਾ ਜ਼ਾਹਿਰ ਕਰਦਿਆਂ ਸੈਸ਼ਨ ਕੋਰਟ ਕੋਲ ਅਗਾਊਂ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਸੀ ਜਿਸ ਨੂੰ ਬਾਅਦ ਵਿੱਚ ਖਾਰਜ ਕਰ ਦਿੱਤਾ ਗਿਆ। ਅਦਾਲਤ ਨੇ ਕਿਹਾ, 'ਜੇਕਰ ਰਾਜ ਮੁਕੱਦਮਾ ਪੈਂਡਿੰਗ ਰਹਿਣ ਦੌਰਾਨ ਪਟੀਸ਼ਨਰਾਂ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦਾ ਤਾਂ ਉਸ ਨੂੰ ਅਜਿਹਾ ਕਰਨ ਤੋਂ ਕੋਈ ਨਹੀਂ ਰੋਕ ਸਕਦਾ ਸੀ ਕਿਉਂਕਿ ਉਸ ਸਮੇਂ ਤੱਕ ਪਟੀਸ਼ਨਰਾਂ ਕੋਲ ਕਿਸੇ ਅੰਤਰਿਮ ਹੁਕਮ ਸਮੇਤ ਕੋਈ ਢੁੱਕਵਾਂ ਹੁਕਮ ਨਹੀਂ ਸੀ।' ਅਦਾਲਤ ਨੇ ਕਿਹਾ ਕਿ ਸਿਟ ਪਹਿਲਾਂ ਹੀ ਜਾਂਚ ਰਿਪੋਰਟ ਮੁਕੰਮਲ ਕਰ ਚੁੱਕੀ ਹੈ ਇਸ ਲਈ ਪਟੀਸ਼ਨਰਾਂ ਤੋਂ ਪੁੱਛ ਪੜਤਾਲ ਦੀ ਲੋੜ ਨਹੀਂ ਹੈ। ਪਟੀਸ਼ਨਰਾਂ ਨੂੰ ਜਾਂਚ ਵਿੱਚ ਸਹਿਯੋਗ ਕਰਨ ਅਤੇ ਆਪਣਾ ਅਸਰ ਰਸੂਖ ਵਰਤ ਕੇ ਗਵਾਹਾਂ ਜਾਂ ਕੇਸ ਨਾਲ ਸਬੰਧਤ ਤੱਥਾਂ ਨੂੰ ਪ੍ਰਭਾਵਿਤ ਨਾ ਕਰਨ ਦੀ ਸ਼ਰਤ 'ਤੇ ਅਗਾਊਂ ਜ਼ਮਾਨਤ ਦੇ ਦਿੱਤੀ ਹੈ।

# ਵੱਡਿਆਂ ਘਰਾਂ 'ਚੋਂ ਮੁੜੇ ਪੈਸੇ ਨਾਲ ਖ਼ਜ਼ਾਨਾ 'ਬਾਗੋ ਬਾਗ਼'..!




ਚੰਡੀਗੜ੍ਹ : ਵੱਡਿਆਂ ਘਰਾਂ ਨੇ ਆਖ਼ਰ 'ਬਾਗ਼ ਘੁਟਾਲੇ' ਦੇ ਕਰੋੜਾਂ ਰੁਪਏ ਸਰਕਾਰੀ ਖ਼ਜ਼ਾਨੇ 'ਚ ਜਮ ?ਹਾਂ ਕਰਵਾ ਦਿੱਤੇ ਹਨ। ਵਿਜੀਲੈਂਸ ਬਿਊਰੋ ਨੇ ਮੁਹਾਲੀ ਜ਼ਿਲ੍ਹੇ 'ਚ ਹੋਏ ਇਸ ਘੁਟਾਲੇ ਦੀ ਜਾਂਚ ਮਗਰੋਂ ਘਪਲੇ ਦੇ ਕਸੂਰਵਾਰਾਂ ਨੂੰ ਸਲਾਖ਼ਾਂ ਪਿੱਛੇ ਪਹੁੰਚਾ ਦਿੱਤਾ ਹੈ। ਫ਼ਿਰੋਜ਼ਪੁਰ ਦੇ ਡੀਸੀ ਦੇ ਪਰਿਵਾਰ ਨੇ ਵੀ 'ਬਾਗ਼ ਘੁਟਾਲੇ' 'ਚ ਘਿਰਨ ਮਗਰੋਂ ਖ਼ਜ਼ਾਨੇ 'ਚ ਪੈਸਾ ਜਮ੍ਹਾਂ ਕਰਾ ਦਿੱਤਾ ਹੈ। ਵੇਰਵਿਆਂ ਅਨੁਸਾਰ ਵਿਜੀਲੈਂਸ ਵੱਲੋਂ ਅਜਿਹੇ 106 ਲਾਭਪਾਤਰੀਆਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਨੇ ਐਕੁਆਇਰ ਹੋਈ ਜ਼ਮੀਨ ਵਿੱਚ ਰਾਤੋ ਰਾਤ ਬਾਗ਼ ਦਿਖਾ ਕੇ ਸਰਕਾਰੀ ਖ਼ਜ਼ਾਨੇ 'ਚੋਂ 137.18 ਕਰੋੜ ਰੁਪਏ ਦਾ ਮੁਆਵਜ਼ਾ ਹਾਸਲ ਕਰ ਲਿਆ ਸੀ। ਜਦੋਂ ਇਸ ਘੁਟਾਲੇ 'ਚ ਗ੍ਰਿਫ਼ਤਾਰ ਗੁਸੁਖਵਾਨਾਂ ਨੇ ਜ਼ਮਾਨਤ ਅਰਜ਼ੀਆਂ ਲਾਈਆਂ ਸਨ ਤਾਂ ਅਦਾਲਤ ਨੇ ਗ਼ਲਤ ਤਰੀਕੇ ਨਾਲ ਹਾਸਲ ਕੀਤੀ ਮੁਆਵਜ਼ਾ ਰਾਸ਼ੀ ਖ਼ਜ਼ਾਨੇ ਵਿੱਚ ਜਮ ?ਹਾਂ ਕਰਾਉਣ ਦੀ ਸ਼ਰਤ ਲਾ ਦਿੱਤੀ। ਅਦਾਲਤ ਨੇ ਹੁਣ ਤੱਕ 106 'ਚੋਂ 47 ਜਣਿਆਂ ਨੂੰ ਬਾਗ਼ਾਂ ਦੇ ਮੁਆਵਜ਼ੇ ਵਜੋਂ ਹਾਸਲ ਕੀਤੀ 52.08 ਕਰੋੜ ਦੀ ਰਾਸ਼ੀ ਸਰਕਾਰੀ ਖ਼ਜ਼ਾਨੇ ਵਿੱਚ ਜਮ ?ਹਾਂ ਕਰਾਉਣ ਦੇ ਹੁਕਮ ਕੀਤੇ ਹਨ। ਤਾਜ਼ਾ ਰਿਪੋਰਟ ਅਨੁਸਾਰ ਇਨ੍ਹਾਂ 'ਚੋਂ 25 ਗੁਸੁਖਵਾਨਾਂ ਨੇ ਸਰਕਾਰੀ ਖ਼ਜ਼ਾਨੇ 'ਚ 38.12 ਕਰੋੜ ਰੁਪਏ ਜਮ ?ਹਾਂ ਕਰਾ ਦਿੱਤੇ ਹਨ, ਜਦਕਿ ਬਾਕੀ 22 ਜਣਿਆਂ ਨੂੰ ਵੀ 13.96 ਕਰੋੜ ਦੀ ਰਾਸ਼ੀ ਖ਼ਜ਼ਾਨੇ ਵਿੱਚ ਜਮ੍ਹਾਂ ਕਰਾਉਣ ਲਈ ਕਿਹਾ ਹੈ। 59 ਜਣਿਆਂ ਵੱਲੋਂ ਹਾਸਲ ਕੀਤੀ ਬਾਕੀ 88 ਕਰੋੜ ਦੀ ਮੁਆਵਜ਼ਾ ਰਾਸ਼ੀ ਬਾਰੇ ਹਾਲੇ ਫ਼ੈਸਲਾ ਹੋਣਾ ਬਾਕੀ ਹੈ। ਦੱਸਣਯੋਗ ਹੈ ਕਿ ਵਿਜੀਲੈਂਸ ਬਿਊਰੋ ਵੱਲੋਂ ਹੁਣ ਤੱਕ ਇਸ ਕੇਸ ਵਿੱਚ 99 ਮੁਲਜ਼ਮ ਨਾਮਜ਼ਦ ਕੀਤੇ ਗਏ ਹਨ। ਮੁਲਜ਼ਮਾਂ ਵਿੱਚ 11 ਅਧਿਕਾਰੀ ਤੇ ਮੁਲਾਜ਼ਮ ਹਨ, ਜਿਨ੍ਹਾਂ 'ਚ ਬਾਗ਼ਬਾਨੀ ਵਿਭਾਗ ਦੇ ਉੱਚ ਅਧਿਕਾਰੀ ਵੀ ਸ਼ਾਮਲ ਹਨ। 20 ਮੁਲਜ਼ਮ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ ਅਤੇ ਇਨ੍ਹਾਂ 'ਚੋਂ 16 ਜਣਿਆਂ ਨੂੰ ਰੈਗੂਲਰ ਜ਼ਮਾਨਤ ਮਿਲ ਚੁੱਕੀ ਹੈ, ਜਦਕਿ ਚਾਰ ਜਣੇ ਹਿਰਾਸਤ ਵਿੱਚ ਹਨ। ਇਸੇ ਤਰ੍ਹਾਂ ਬਾਕੀ 38 ਜਣਿਆਂ ਨੂੰ ਅਦਾਲਤ 'ਚੋਂ ਅਗਾਊਂ ਜ਼ਮਾਨਤ ਮਿਲ ਚੁੱਕੀ ਹੈ ਅਤੇ ਇਸ ਕੇਸ ਵਿੱਚ 41 ਮੁਲਜ਼ਮ ਹਾਲੇ ਭਗੌੜੇ ਹਨ। ਅਦਾਲਤ ਨੇ ਬਹੁਤੇ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜੇਲ੍ਹ 'ਚੋਂ ਰਿਹਾਈ ਮਗਰੋਂ ਇੱਕ ਮਹੀਨੇ ਦੇ ਅੰਦਰ-ਅੰਦਰ ਪੈਸਾ ਖ਼ਜ਼ਾਨੇ ਵਿੱਚ ਜਮ੍ਹਾਂ ਕਰਾਇਆ ਜਾਵੇ। ਇਸ ਘਪਲੇ ਵਿੱਚ ਭੁਪਿੰਦਰ ਸਿੰਘ ਆਦਿ ਨੇ ਸਭ ਤੋਂ ਵੱਧ 23.79 ਕਰੋੜ ਮੁਆਵਜ਼ਾ ਰਾਸ਼ੀ ਵਜੋਂ ਹਾਸਲ ਕੀਤੇ ਸਨ। ਮੁੱਢਲੇ ਪੜਾਅ 'ਤੇ ਦੋ ਮਹਿਲਾਵਾਂ ਪ੍ਰਵੀਨ ਲਤਾ ਅਤੇ ਸ਼ਮਾ ਜਿੰਦਲ ਨੇ ਗਮਾਡਾ ਕੋਲ 1.09 ਕਰੋੜ ਰੁਪਏ ਦੀ ਰਾਸ਼ੀ ਜਮ੍ਹਾਂ ਕਰਵਾਈ ਹੈ।

# ਵੀਜ਼ਾ ਦਿਵਾਉਣ ਦੇ ਨਾਂ 'ਤੇ 100 ਲੋਕਾਂ ਨਾਲ 35 ਕਰੋੜ ਦੀ ਠੱਗੀ

**ਐਸਐਸਪੀ ਡਾਕਟਰ ਸੰਦੀਪ ਗਰਗ ਨੇ ਦੱਸਿਆ ਕਿ ਸੰਧੂ ਨੇ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਟਰੈਵਲ ਏਜੰਟਾਂ ਨਾਲ ਸਬੰਧ ਬਣਾਏ ਹੋਏ ਸਨ। ਉਨ੍ਹਾਂ ਨੇ ਉਸ ਨੂੰ ਪ੍ਰਭਾਵਸ਼ਾਲੀ ਵਿਅਕਤੀ ਸਮਝ ਕੇ 30-40 ਦੇ ਕਰੀਬ ਪਾਸਪੋਰਟ ਦਿੱਤੇ।**

ਚੰਡੀਗੜ੍ਹ- ਪੰਜਾਬ ਪੁਲਿਸ ਨੇ ਵਿਦੇਸ਼ਾਂ 'ਚ ਪੈਸੇ ਭੇਜਣ ਦੇ ਨਾਂ 'ਤੇ ਠੱਗੀ ਮਾਰਨ ਵਾਲੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਮਾਸਟਰਮਾਈਂਡ ਮੁਲਜ਼ਮ ਅਤੇ ਉਸਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਦਾ ਦਾਅਵਾ ਹੈ ਕਿ ਮੁਲਜ਼ਮ ਨੇ ਇਮੀਗ੍ਰੇਸ਼ਨ ਦੇ ਨਾਂ 'ਤੇ ਕਰੀਬ 100 ਲੋਕਾਂ ਤੋਂ ਕਰੀਬ 35 ਕਰੋੜ ਰੁਪਏ ਦੀ ਠੱਗੀ ਮਾਰੀ ਹੈ। ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਰੈਕੇਟ ਦਾ ਸਰਗਨਾ ਅੰਮ੍ਰਿਤਸਰ ਦਾ ਰਹਿਣ ਵਾਲਾ ਸਰਬਜੀਤ ਸਿੰਘ ਸੰਧੂ ਹੈ, ਜੋ ਕਿ ਕਥਿਤ ਇਮੀਗ੍ਰੇਸ਼ਨ ਏਜੰਟ ਹੈ। ਉਹ ਆਪਣੇ ਆਪ ਨੂੰ ਹਰਿਆਣਾ ਦਾ ਮੁੱਖ ਸਕੱਤਰ ਦੱਸਦਾ ਸੀ। ਕਿਸੇ ਵੀ ਸ਼ੱਕ ਤੋਂ ਬਚਣ ਲਈ ਉਹ ਪ੍ਰਾਈਵੇਟ ਸੁਰੱਖਿਆ ਗਾਰਡਾਂ ਦੇ ਨਾਲ ਲਾਲ ਬੱਤੀ ਵਾਲੀ SUV ਵਿੱਚ ਘੁੰਮਦਾ ਰਹਿੰਦਾ ਸੀ। ਪੁਲਿਸ ਨੇ ਹਾਲ ਹੀ ਵਿੱਚ ਉਸ ਦੇ ਦੋ ਸਾਥੀਆਂ ਰਾਹੁਲ ਅਤੇ ਰਵੀ ਵਾਸੀ ਬਿਲਾਸਪੁਰ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲਿਸ ਨੇ ਮੁਲਜ਼ਮਾਂ ਕੋਲੋਂ ਪੰਜਾਬ ਪੁਲੀਸ ਅਤੇ ਹਰਿਆਣਾ ਦੇ ਮੁੱਖ ਸਕੱਤਰ ਦੇ ਜਾਅਲੀ ਆਈਡੀ ਕਾਰਡ, ਕੈਨੇਡਾ ਅਤੇ ਅਮਰੀਕਾ ਦੇ ਪੀਆਰ ਪੇਪਰ, ਹਰਿਆਣਾ ਦਾ ਜਾਅਲੀ ਡਰਾਈਵਿੰਗ ਲਾਇਸੈਂਸ, ਜਾਅਲੀ ਵੀਜ਼ੇ ਵਾਲੇ 60 ਪਾਸਪੋਰਟ ਅਤੇ ਕਰੀਬ 50 ਲੱਖ ਰੁਪਏ ਦੀ ਨਕਦੀ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ ਉਸ ਦੇ ਬੈਂਕ ਖਾਤਿਆਂ ਵਿਚ 20 ਲੱਖ ਰੁਪਏ ਦਾ ਪਤਾ ਲਗਾਇਆ ਗਿਆ ਹੈ। ਲਗਭਗ 50 ਲੱਖ ਰੁਪਏ ਨਕਦ ਅਤੇ 20 ਲੱਖ ਰੁਪਏ ਬੈਂਕ ਖਾਤਿਆਂ ਵਿੱਚ ਹਨ। ਮੁਲਜ਼ਮਾਂ ਨੇ ਧੋਖੇ ਨਾਲ 70 ਲੱਖ ਰੁਪਏ ਦੀ ਜਾਇਦਾਦ ਵੀ ਖਰੀਦੀ ਹੈ। ਪੁਲਿਸ ਨੇ ਉਸ ਕੋਲੋਂ ਉੱਚ ਪੱਧਰੀ ਸਰਕਾਰੀ ਅਧਿਕਾਰੀਆਂ ਦੇ ਕਈ ਜਾਅਲੀ ਪਛਾਣ ਪੱਤਰ ਅਤੇ ਚਾਰ ਵਾਕੀ-ਟਾਕੀ ਸੈੱਟ ਬਰਾਮਦ ਕੀਤੇ ਹਨ। ਉਸ ਕੋਲੋਂ ਇਕ ਲਾਇਸੈਂਸੀ .45 ਬੋਰ ਦਾ ਪਿਸਤੌਲ ਵੀ ਬਰਾਮਦ ਹੋਇਆ, ਜੋ ਕਿ ਪਟਿਆਲਾ ਦੇ ਕਿਸੇ ਫਰਜ਼ੀ ਪਤੇ 'ਤੇ ਜਾਰੀ ਕੀਤਾ ਗਿਆ ਸੀ।



ਮੁਲਜ਼ਮ ਸੰਧੂ ਇਮੀਗ੍ਰੇਸ਼ਨ ਦਾ ਵੀਜ਼ਾ ਦਿਵਾਉਣ ਦੇ ਬਹਾਨੇ ਲੋਕਾਂ ਨਾਲ ਠੱਗੀ ਮਾਰਦਾ ਸੀ। ਉਹ ਆਪਣੇ ਪਾਸਪੋਰਟਾਂ 'ਤੇ ਜਾਅਲੀ ਵੀਜ਼ਾ ਸਟਿੱਕਰ ਚਿਪਕਾਉਂਦਾ ਸੀ ਅਤੇ ਵਿਦੇਸ਼ਾਂ ਦੇ ਜਾਅਲੀ ਸਟੈਂਪ ਲਗਾ ਦਿੰਦਾ ਸੀ ਦੋਸ਼ੀਆਂ ਦੀ ਧੋਖਾਧੜੀ ਦਾ ਰਾਜ਼ ਉਸ ਸਮੇਂ ਸਾਹਮਣੇ ਆਇਆ ਜਦੋਂ ਇਕ ਪੀੜਤ ਫਲਾਈਟ ਫੜਨ ਲਈ ਏਅਰਪੋਰਟ ਪਹੁੰਚਿਆ ਤਾਂ ਅਧਿਕਾਰੀਆਂ ਨੂੰ ਇਸ ਧੋਖਾਧੜੀ ਦਾ ਪਤਾ ਲੱਗਾ ਅਤੇ ਮਾਮਲੇ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ।

ਆਪਣੇ ਆਪ ਨੂੰ ਹਰਿਆਣਾ ਦਾ ਮੁੱਖ ਸਕੱਤਰ ਦੱਸਣ ਵਾਲੇ ਸੰਧੂ ਦੀ ਲਗਜ਼ਰੀ ਕਾਰ 'ਤੇ ਝੰਡਾ ਅਤੇ ਨੀਲੀ ਬੱਤੀ ਲੱਗੀ ਹੋਈ ਸੀ। ਗਾਹਕ ਨੂੰ ਮਿਲਣ ਜਾਂਦੇ ਸਮੇਂ ਉਹ ਆਪਣੇ ਨਾਲ ਦੋ ਗੱਡੀਆਂ ਰੱਖ ਲੈਂਦਾ ਸੀ। ਉਸ ਨੇ ਆਪਣੇ ਲਈ 8 ਤੋਂ 10 ਨਿੱਜੀ ਸੁਰੱਖਿਆ ਗਾਰਡ ਨਿਯੁਕਤ ਕੀਤੇ ਹੋਏ ਸਨ। ਉਨ੍ਹਾਂ ਨੇ ਪੁਲਿਸ ਦੀ ਵਰਦੀ ਪਾਈ ਹੋਈ ਸੀ ਅਤੇ ਹਥਿਆਰ ਵੀ ਲੈ ਕੇ ਗਏ ਸਨ। ਉਸ 'ਤੇ ਪੰਜਾਬ 'ਚ ਪਹਿਲਾਂ ਵੀ ਕਈ ਮਾਮਲੇ ਦਰਜ ਹਨ। ਉਸ ਖ਼ਿਲਾਫ਼ ਥਾਣਾ ਸਿਟੀ ਖਰੜ ਵਿਖੇ ਆਈਪੀਸੀ ਦੀਆਂ ਧਾਰਾਵਾਂ 406, 417, 420, 46, 468, 471 ਅਤੇ 474 ਅਤੇ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਮੁਹਾਲੀ ਦੇ ਐਸਐਸਪੀ ਡਾਕਟਰ ਸੰਦੀਪ ਗਰਗ ਨੇ ਦੱਸਿਆ ਕਿ ਸੰਧੂ ਨੇ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਟਰੈਵਲ ਏਜੰਟਾਂ ਨਾਲ ਸਬੰਧ ਬਣਾਏ ਹੋਏ ਸਨ। ਉਨ੍ਹਾਂ ਨੇ ਉਸ ਨੂੰ ਪ੍ਰਭਾਵਸ਼ਾਲੀ ਵਿਅਕਤੀ ਸਮਝ ਕੇ 30-40 ਦੇ ਕਰੀਬ ਪਾਸਪੋਰਟ ਦਿੱਤੇ। ਮੁਲਜ਼ਮਾਂ ਨੇ ਰਾਹੁਲ ਤੋਂ ਵੀਜ਼ਾ ਸਟਿੱਕਰ ਅਤੇ ਫਰਜ਼ੀ ਖਾਤੇ ਇਕੱਠੇ ਕੀਤੇ ਸਨ। ਸੰਧੂ ਪੀੜਤਾਂ ਤੋਂ ਬਰਾਮਦ ਕੀਤੀ ਰਕਮ ਦਾ 20 ਫੀਸਦੀ ਦਿੰਦਾ ਸੀ ਉਸ ਕੋਲੋਂ ਪੰਜਾਬ ਪੁਲਿਸ ਅਤੇ ਹਰਿਆਣਾ ਦੇ ਮੁੱਖ ਸਕੱਤਰ ਦੇ ਜਾਅਲੀ ਆਈਡੀ ਕਾਰਡ, ਕੈਨੇਡਾ ਅਤੇ ਅਮਰੀਕਾ ਦੇ ਪੀਆਰ ਪੇਪਰ ਅਤੇ ਹਰਿਆਣਾ ਦਾ ਜਾਅਲੀ ਡਰਾਈਵਿੰਗ ਲਾਇਸੈਂਸ ਬਰਾਮਦ ਹੋਇਆ ਹੈ। ਘੱਟੋ-ਘੱਟ 61 ਫਰਜ਼ੀ ਖਾਤਿਆਂ ਦਾ ਪਤਾ ਲਗਾਇਆ ਗਿਆ ਹੈ ਅਤੇ ਫਰਜ਼ੀ ਵੀਜ਼ਾ ਵਾਲੇ 60 ਪਾਸਪੋਰਟ ਬਰਾਮਦ ਕੀਤੇ ਗਏ ਹਨ।

# ਆਸਾਮ ਦੀ ਜੇਲ 'ਚ ਨਜ਼ਰਬੰਦ ਸਿੱਖਾਂ ਦੇ ਪ੍ਰਵਾਰਾਂ ਅਤੇ ਵਕੀਲਾਂ ਨੂੰ ਮੁਲਾਕਾਤ ਤੋਂ ਰੋਕਣਾ ਮੰਦਭਾਗਾ : ਐਡਵੋਕੇਟ ਧਾਮੀ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਸਾਮ ਦੀ ਡਿਬਰੂਗੜ੍ਹ ਜੇਲ ਵਿਚ ਨਜ਼ਰਬੰਦ ਅੰਮ੍ਰਿਤਪਾਲ ਸਿੰਘ ਅਤੇ ਹੋਰ ਸਿੱਖਾਂ ਦੇ ਪ੍ਰਵਾਰਕ ਮੈਂਬਰਾਂ ਅਤੇ ਵਕੀਲਾਂ ਨੂੰ ਮੁਲਾਕਾਤ ਦੀ ਇਜਾਜ਼ਤ ਨਾ ਦੇਣ 'ਤੇ ਇਤਰਾਜ਼ ਪ੍ਰਗਟ ਕੀਤਾ ਹੈ। ਦਫ਼ਤਰ ਸ਼੍ਰੋਮਣੀ ਕਮੇਟੀ ਤੋਂ ਜਾਰੀ ਇਕ ਬਿਆਨ ਵਿਚ ਐਡਵੋਕੇਟ ਧਾਮੀ ਨੇ ਕਿਹਾ ਕਿ ਡਿਬਰੂਗੜ੍ਹ ਜੇਲ 'ਚ ਕੈਦ ਸਿੱਖਾਂ ਦੇ ਪ੍ਰਵਾਰਾਂ ਨੂੰ ਮਿਲਣ ਤੋਂ ਰੋਕਣਾ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੈ।



ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵਲੋਂ ਮੁਲਾਕਾਤ ਲਈ ਲੋੜੀਂਦੀ ਆਗਿਆ ਨਾ ਦੇ ਕੇ ਠੀਕ ਨਹੀਂ ਕੀਤਾ ਜਾ ਰਿਹਾ। ਮਨੁੱਖੀ ਅਧਿਕਾਰਾਂ ਤਹਿਤ ਹਰ ਕੈਦੀ ਨਾਲ ਉਸ ਦੇ ਪ੍ਰਵਾਰਕ ਮੈਂਬਰਾਂ ਅਤੇ ਕੇਸ ਦੀ ਪੈਰਵਾਈ ਕਰਨ ਵਾਲੇ ਵਕੀਲਾਂ ਦੀ ਮੁਲਾਕਾਤ ਦਾ ਹੱਕ ਦਬਾਇਆ ਨਹੀਂ ਜਾ ਸਕਦਾ। ਐਡਵੋਕੇਟ ਧਾਮੀ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਡਿਬਰੂਗੜ੍ਹ ਜੇਲ ਵਿਚ ਬੰਦ ਸਿੱਖਾਂ ਨੂੰ ਇਨਸਾਫ ਲੈਣ ਲਈ ਭੁੱਖ ਹੜਤਾਲ ਕਰਨੀ ਪੈ ਰਹੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਇਸ ਮਾਮਲੇ 'ਤੇ ਸੰਜੀਦਗੀ ਨਾਲ ਗੌਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਮਾਮਲੇ 'ਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਤੁਰੰਤ ਹਦਾਇਤ ਜਾਰੀ ਕਰੇ ਅਤੇ ਆਸਾਮ ਦੀ ਜੇਲ 'ਚ ਨਜ਼ਰਬੰਦ ਸਿੱਖਾਂ ਦੇ ਪ੍ਰਵਾਰਾਂ ਅਤੇ ਵਕੀਲਾਂ ਨੂੰ ਲੋੜੀਂਦੀ ਇਜਾਜ਼ਤ ਦੇਵੇ। ਉਨ੍ਹਾਂ ਜੇਲ 'ਚ ਬੰਦ ਸਿੱਖਾਂ ਨੂੰ ਸਿਹਤ ਸਹੂਲਤਾਂ ਯਕੀਨੀ ਬਣਾਉਣ ਲਈ ਵੀ ਪੰਜਾਬ ਸਰਕਾਰ ਨੂੰ ਆਖਿਆ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਤਰਫੋਂ ਪਹਿਲਾਂ ਤੋਂ ਹੀ ਕਾਨੂੰਨੀ ਸਹਿਯੋਗ ਦੇ ਰਹੇ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੂੰ ਲੋੜੀਂਦੀ ਕਾਰਵਾਈ ਲਈ ਕਿਹਾ ਗਿਆ ਹੈ, ਜੋ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਮਿਲਣਗੇ।

# ਰੇਲ ਰੋਕੋ ਅੰਦੋਲਨ ਦੌਰਾਨ ਰੇਲਵੇ ਨੂੰ ਪਿਆ ਸਾਢੇ ਪੰਜ ਕਰੋੜ ਦਾ ਘਾਟਾ

ਚੰਡੀਗੜ੍ਹ/ਅੰਮ੍ਰਿਤਸਰ : ਪੰਜਾਬ ਸਮੇਤ ਉੱਤਰੀ ਭਾਰਤ ਦੇ 5 ਸੂਬਿਆਂ ਦੀਆਂ 19 ਕਿਸਾਨ ਜਥੇਬੰਦੀਆਂ ਨੇ ਹੜ੍ਹਾਂ ਦੇ ਮੁਆਵਜ਼ੇ ਸਮੇਤ ਕਿਸਾਨੀ ਮੰਗਾਂ ਦੀ ਪੂਰਤੀ ਲਈ ਵਿੱਢੇ ਤਿੰਨ ਰੋਜ਼ਾ ਰੇਲ ਅੰਦੋਲਨ ਦੀ ਸਮਾਪਤੀ ਮੌਕੇ ਕਿਸਾਨੀ ਸੰਘਰਸ਼ ਹੋਰ ਤਿੱਖਾ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਵਿੱਚ 20 ਥਾਵਾਂ 'ਤੇ ਤਿੰਨ ਦਿਨਾਂ ਲਈ ਰੇਲਾਂ ਦਾ ਚੱਕਾ ਜਾਮ ਰੱਖਿਆ ਗਿਆ, ਜਿਸ ਕਾਰਨ ਪੰਜਾਬ ਸਮੇਤ ਗੁਆਂਢੀ ਰਾਜਾਂ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਨਾਲ ਦੇਸ਼ ਦਾ ਰੇਲ ਸੰਪਰਕ ਟੁੱਟਿਆ ਰਿਹਾ। ਪੰਜਾਬ ਵਿੱਚ ਕਈ ਥਾਈਂ ਕਿਸਾਨਾਂ ਨੇ ਅੱਜ ਸੜਕਾਂ ਰੋਕ ਕੇ ਪ੍ਰਦਰਸ਼ਨ ਵੀ ਕੀਤਾ। ਕਿਸਾਨ ਜਥੇਬੰਦੀਆਂ ਨੇ ਅੰਬਾਲਾ ਵਿੱਚ ਇੱਕ-ਰੋਜ਼ਾ ਰੇਲ ਰੋਕੋ ਮੋਰਚਾ ਲਗਾ ਕੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਿਤਾਵਨੀ ਦਿੱਤੀ ਕਿ ਮੰਗਾਂ ਦੀ ਪੂਰਤੀ ਨਾ ਹੋਣ 'ਤੇ ਕਿਸਾਨੀ ਸੰਘਰਸ਼ ਦਾ ਦਾਇਰਾ ਵਿਸ਼ਾਲ ਕਰ ਕੇ ਸਰਕਾਰ ਵਿਰੁੱਧ ਲੜਾਈ ਵਿੱਢੀ ਜਾਵੇਗੀ। ਇਸ ਦੌਰਾਨ ਕਿਸਾਨਾਂ ਦੇ ਤਿੰਨ ਰੋਜ਼ਾ ਰੇਲ ਰੋਕੋ ਅੰਦੋਲਨ ਦੌਰਾਨ ਫਿਰੋਜ਼ਪੁਰ ਰੇਲਵੇ ਡਵੀਜ਼ਨ ਨੂੰ ਲਗਪਗ ਸਾਢੇ 5 ਕਰੋੜ ਰੁਪਏ ਤੋਂ ਵੱਧ ਦਾ ਵਿੱਤੀ ਨੁਕਸਾਨ ਹੋਣ ਦਾ ਖ਼ਦਸ਼ਾ ਹੈ। ਇਸ ਵਿੱਚ ਯਾਤਰੂ ਅਤੇ ਮਾਲ ਗੱਡੀਆਂ ਦੋਵਾਂ ਦਾ ਭਾੜਾ ਸ਼ਾਮਲ ਹੈ। ਰੇਲ ਰੋਕੋ ਅੰਦਲੋਨ ਦੌਰਾਨ ਫਿਰੋਜ਼ਪੁਰ ਰੇਲ ਮੰਡਲ ਦੀਆ ਲਗਪੱਗ 376 ਰੇਲ ਗੱਡੀਆਂ




ਰੱਦ ਹੋਈਆਂ ਹਨ, ਜਨਿ ?ਹਾਂ ਦਾ ਮਾਲ ਭਾੜਾ ਯਾਤਰੀਆਂ ਨੂੰ ਵਾਪਸ ਕਰਨਾ ਪਿਆ ਹੈ। 89 ਰੇਲ ਗੱਡੀਆਂ ਮੰਜ਼ਿਲ ਤੋਂ ਪਹਿਲਾਂ ਹੀ ਹੋਰਨਾਂ ਸਟੇਸ਼ਨਾਂ 'ਤੇ ਰੋਕ ਦਿੱਤੀਆਂ ਗਈਆਂ ਅਤੇ 49 ਰੇਲ ਗੱਡੀਆਂ ਜੱਦੀ ਸਟੇਸ਼ਨ ਦੀ ਥਾਂ ਹੋਰਨਾਂ ਰੇਲਵੇ ਸਟੇਸ਼ਨਾਂ ਤੋਂ ਚਲਾਈਆਂ ਗਈਆਂ, ਜਦਕਿ 70 ਰੇਲ ਗੱਡੀਆਂ ਦੇ ਰਾਹ ਬਦਲੇ ਗਏ। ਉੱਤਰੀ ਰੇਲਵੇ ਦੇ ਫ਼ਿਰੋਜ਼ਪੁਰ ਡਵਿਜ਼ਨ ਨੂੰ 10 ਮਾਲ ਗੱਡੀਆਂ ਦੇ ਨਾ ਚੱਲਣ ਨਾਲ ਕਰੀਬ ਪੰਜ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਜਦਕਿ ਇਸ ਨੇ ਲਗਪਗ 10,788 ਯਾਤਰੀਆਂ ਨੂੰ ਉਨ੍ਹਾਂ ਦੀਆਂ ਰੇਲ ਗੱਡੀਆਂ ਰੱਦ ਹੋਣ ਤੋਂ ਬਾਅਦ 52.36 ਲੱਖ ਰੁਪਏ ਵਾਪਸ ਕੀਤੇ। ਡਵਿਜ਼ਨ ਦੇ ਸੀਨੀਅਰ ਡਵਿਜ਼ਨਲ ਕਮਰਸ਼ੀਅਲ ਮੈਨੇਜਰ ਸ਼ੁਭਮ ਕੁਮਾਰ ਨੇ ਕਿਹਾ ਕਿ ਆਨਲਾਈਨ ਰੱਦ ਹੋਣ ਦਾ ਡਾਟਾ ਪੰਜ ਦਿਨਾਂ ਬਾਅਦ ਪਤਾ ਲੱਗੇਗਾ। ਕਿਸਾਨ ਜਥੇਬੰਦੀਆਂ ਦੀ ਤਾਲਮੇਲ ਕਮੇਟੀ ਦੇ ਮੈਂਬਰ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਪੰਜਾਬ ਵਿੱਚ 20 ਥਾਵਾਂ ਸਣੇ ਹਰਿਆਣਾ ਵਿੱਚ ਵੀ ਸਫ਼ਲ ਰੇਲ ਰੋਕੋ ਮੋਰਚੇ ਲਾਏ ਗਏ। ਕਿਸਾਨ ਜਥੇਬੰਦੀਆਂ ਨੇ ਐਲਾਨ ਕੀਤਾ ਕਿ 23 ਅਤੇ 24 ਅਕਤੂਬਰ ਨੂੰ ਕਿਸਾਨੀ ਦਸਹਿਰਾ ਮਨਾਇਆ ਜਾਵੇਗਾ। ਇਸ ਦੌਰਾਨ ਮੋਦੀ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਦੇ ਦਿਓ ਕੱਦ ਪੁਤਲੇ ਫੂਕੇ ਜਾਣਗੇ।

# ਸਾਵਧਾਨ ! ਸਾਵਧਾਨ !!

## ਫੇਸ ਬੁੱਕ ਦੀਆਂ ਨਕਲੀ ਆਈਡੀਆਂ ਬਣਾ ਕੇ ਪੈਸੇ ਮੰਗਣ ਵਾਲੇ ਚੋਰਾਂ ਤੋਂ ਬਚੋ

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੇ.ਸੀ.ਐਫ. ਦੇ ਅਮਰੀਕਾ ਤੋਂ ਬੁਲਾਰੇ ਸ੍ਰ. ਹਰਮਿੰਦਰ ਸਿੰਘ ਸਮਾਣਾ ਦੀ ਫੇਸਬੁੱਕ 'ਤੇ ਨਕਲੀ ਆਈਡੀ ਬਣਾ ਕੇ ਕਿਸ ਚੋਰਾਂ, ਡਾਕੂਆਂ ਵਲੋਂ ਜਥੇਬੰਦੀ ਦੇ ਨਾਂ 'ਤੇ ਪੈਸੇ ਮੰਗੇ ਜਾ ਰਹੇ ਹਨ। ਅਸੀਂ ਬੇਨਤੀ ਕਰਦੇ ਹਾਂ ਕਿ ਜਿਨ੍ਹਾਂ ਨੂੰ ਵੀ ਫਰੈਂਡ ਰੁਕੈਸਟ (Friend Request) ਆਉਂਦੀ ਹੈ ਅਤੇ ਵੱਖ ਵੱਖ ਦੇਸ਼ਾਂ ਵਿਚੋਂ ਵੱਖ ਵੱਖ ਲੋਕਾਂ ਨੂੰ ਕਾਲਾਂ ਕਰਕੇ ਜਥੇਬੰਦੀ ਦੇ ਨਾਂ 'ਤੇ ਪੈਸੇ ਮੰਗੇ ਜਾ ਰਹੇ ਹਨ, ਜਿਸ ਦਾ ਸਾਡੇ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਕੋਈ ਸਬੰਧ ਨਹੀਂ। ਜਦੋਂ ਵੀ ਤੁਹਾਡੇ ਕੋਲ ਕੋਈ ਅਜਿਹੀ ਕਾਲ ਆਵੇ ਤਾਂ ਤੁਸੀਂ ਤੁਰੰਤ ਸਾਈਬਰ ਕਰਾਇਮ ਨੂੰ ਰਿਪੋਰਟ ਕਰੋ।




ਇਸ ਤਰ੍ਹਾਂ ਲੋਕਾਂ ਤੋਂ ਪੈਸੇ ਮੰਗੇ ਜਾ ਰਹੇ ਹਨ ਅਤੇ ਕਾਲਾਂ ਕੀਤੀਆਂ ਜਾ ਰਹੀਆਂ ਹਨ।



**ਜਾਰੀ ਕਰਤਾ : ਸ:ਹਰਮਿੰਦਰ ਸਿੰਘ ਸਮਾਣਾ**

**ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼**

**(209) 481-7750**

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣਾਂ ਲਈ ਵੋਟਰ ਸੂਚੀ 'ਚ ਸੁਧਾਈ 21 ਤੋਂ: ਮਾਨ

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਨਵੀਂਆਂ ਵੋਟਾਂ ਬਣਾਉਣ ਤੇ ਵੋਟਰ ਸੂਚੀ ਵਿੱਚ ਸੁਧਾਈ 21 ਅਕਤੂਬਰ ਤੋਂ ਸ਼ੁਰੂ ਹੋਵੇਗੀ। ਇਸ ਗੱਲ ਦਾ ਪ੍ਰਗਟਾਵਾ ਮੁੱਖ ਮੰਤਰੀ ਨੇ ਐਕਸ ਰਾਹੀਂ ਕੀਤਾ। ਸ੍ਰੀ ਮਾਨ ਨੇ ਕਿਹਾ, 'ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਲੰਬੇ ਸਮੇਂ ਤੋਂ ਉਡੀਕੀਆਂ ਜਾ ਰਹੀਆਂ ਚੋਣਾਂ ਦੇ ਸਬੰਧ ਵਿੱਚ ਅਹਿਮ ਜਾਣਕਾਰੀ। 21 ਅਕਤੂਬਰ ਤੋਂ ਨਵੀਆਂ ਵੋਟਾਂ ਬਣਾਉਣ ਅਤੇ ਵੋਟਰ ਸੂਚੀਆਂ ਦੀ ਸੁਧਾਈ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ ਤੇ ਇਸ ਦੇ ਬਾਕੀ ਵੇਰਵੇ ਜਲਦੀ ਜਾਰੀ ਕੀਤੇ ਜਾਣਗੇ।'

# ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਲਈ ਵੋਟਾਂ ਬਣਾਉਣੀਆਂ ਸਰਕਾਰ ਦੀ ਜ਼ਿੰਮੇਵਾਰੀ : ਐਸਜੀਪੀਸੀ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ ਲਈ ਵੋਟਾਂ ਬਣਾਉਣੀਆਂ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਸੰਬੰਧੀ ਗੁਰਦੁਆਰਾ ਚੋਣ ਕਮਿਸ਼ਨ ਵਲੋਂ ਕਾਫ਼ੀ ਸਮਾਂ ਪਹਿਲਾਂ ਸੰਬੰਧਿਤ ਸੂਬਿਆਂ ਦੇ ਮੁੱਖ ਸਕੱਤਰਾਂ ਅਤੇ ਪ੍ਰਸ਼ਾਸਕ ਨੂੰ ਪੱਤਰ ਲਿਖਿਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਜੀ ਤੁਸੀਂ ਹਰ ਕੰਮ ਨੂੰ ਆਪਣੇ ਖ਼ਾਤੇ ਪਾਉਣ ਦੇ ਐਲਾਨ ਦੀ ਥਾਂ ਗੁਰਦੁਆਰਾ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦਾ ਪ੍ਰਸ਼ਾਸਨ ਨੂੰ ਪਾਲਣ ਕਰਨ ਦਿਓ। ਉਨ੍ਹਾਂ ਅੱਗੇ ਕਿਹਾ ਕਿ ਮੈਂ ਸ਼੍ਰੋਮਣੀ ਕਮੇਟੀ ਦਾ ਮੁੱਖ ਸੇਵਾਦਾਰ ਹੁੰਦਿਆਂ ਚੋਣਾਂ ਦਾ ਸਵਾਗਤ ਕਰਦਾ ਹਾਂ।

# ਪਿੰਡ ਛਾਜਲੀ ਦਾ ਫ਼ੌਜੀ ਪਰਮਿੰਦਰ ਸਿੰਘ ਕਾਰਗਿਲ 'ਚ ਸ਼ਹੀਦ



ਸੁਨਾਮ ਊਧਮ ਸਿੰਘ ਵਾਲਾ : ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੀ ਤਹਿਸੀਲ ਸੁਨਾਮ ਨੇੜਲੇ ਪਿੰਡ ਛਾਜਲੀ ਦਾ ਫੌਜੀ ਪਰਮਿੰਦਰ ਸਿੰਘ ਡਿਊਟੀ ਦੌਰਾਨ ਕਾਰਗਿਲ ਵਿਚ ਸ਼ਹੀਦ ਹੋ ਗਿਆ। ਪਰਮਿੰਦਰ ਸਿੰਘ (25) ਪੰਜਾਬ ਸਿੱਖ ਰੈਜੀਮੈਂਟ ਨਾਲ ਸਬੰਧਤ ਸੀ। ਉਸ ਦਾ ਸਾਲ ਪਹਿਲਾਂ ਵਿਆਹ ਹੋਇਆ ਸੀ ਅਤੇ 2 ਅਕਤੂਬਰ ਉਸ ਦੇ ਵਿਆਹ ਦੀ ਪਹਿਲੀ ਵਰ੍ਹੇਗੰਢ ਸੀ। 3 ਅਕਤੂਬਰ ਨੂੰ ਪਰਮਿੰਦਰ ਸਿੰਘ ਸ਼ਹੀਦੀ ਪ੍ਰਾਪਤ ਕਰ ਗਿਆ। ਉਸ ਦਾ ਭਰਾ ਵੀ ਫੌਜ ਵਿੱਚ ਸੇਵਾਵਾਂ ਨਿਭਾਅ ਰਿਹਾ ਹੈ ਅਤੇ ਪਿਤਾ ਫੌਜ ਵਿਚੋਂ ਹੀ ਸੇਵਾ ਮੁਕਤ ਹੈ। ਜ਼ਿਕਯੋਗ ਹੈ ਕਿ ਪਰਮਿੰਦਰ ਸਿੰਘ ਕਰੀਬ 7 ਸਾਲਾਂ ਤੋਂ ਫੌਜ ਵਿਚ ਸੇਵਾਵਾਂ ਦੇ ਰਿਹਾ ਸੀ। ਉਸ ਦੀ 5 ਅਕਤੂਬਰ ਨੂੰ ਪਿੰਡ ਛਾਜਲੀ ਪਹੁੰਚੇਗੀ।

# ਬਰਨਾਲਾ ਦੇ ਹਿੰਦੂ ਪ੍ਰਵਾਰ ਦਾ ਮੁੰਡਾ ਸਜਿਆ ਸਿੰਘ



ਬਰਨਾਲਾ : ਬਰਨਾਲਾ ਦੇ ਇਕ ਹਿੰਦੂ ਪਰਵਾਰ ਦਾ ਮੁੰਡਾ ਖੰਡੇ ਬਾਟੇ ਦੀ ਪੌਲ ਛਕ ਕੇ ਸਿੰਘ ਸਜਿਆ ਹੈ, ਜੋ ਪੂਰਨ ਰੂਪ 'ਚ ਸਿੰਘਾਂ ਵਾਲੇ ਬਾਣੇ ਵਿਚ ਹੀ ਰਹਿੰਦਾ ਹੈ ਅਤੇ ਨਿਤਨੇਮ ਕਰਦਾ ਹੈ। ਉਤਮ ਸਿੰਘ ਨੇ ਦੱਸਿਆ ਕਿ ਉਸ ਦਾ ਨਾਮ ਪਹਿਲਾਂ ਯੁਵਰਾਜ ਗੋਇਲ ਸੀ, ਇਕ ਘਟਨਾ ਕਰ ਕੇ ਜਦੋਂ ਉਸ ਦੇ ਮਨ ਨੂੰ ਠੇਸ ਪਹੁੰਚੀ ਤਾਂ ਉਹ ਨਸ਼ਿਆਂ ਵਲ ਹੋ ਤੁਰਿਆ ਅਤੇ ਨਸ਼ੇ ਕਰਨ ਲੱਗ ਪਿਆ, ਜਿਸ ਕਾਰਨ ਘਰ ਦਾ ਵੀ ਰੋਜ਼ਾਨਾ ਮਾਹੌਲ ਖ਼ਰਾਬ ਰਹਿਣ ਲੱਗ ਗਿਆ, ਜਿਸ ਤੋਂ ਬਾਅਦ ਜਿਥੇ ਉਹ ਤਾਂ ਦੁਖੀ ਰਹਿੰਦਾ ਸੀ, ਉਸ ਦੇ ਮਾਤਾ-ਪਿਤਾ ਵੀ ਦੁਖੀ ਰਹਿਣ ਲੱਗ ਪਏ ਅਤੇ ਇਕ ਦਿਨ ਉਨ੍ਹਾਂ ਦੇ ਮਨ ਵਿਚ ਆਇਆ ਕਿ ਗੁਰੂ ਘਰ ਜਾਇਆ ਕਰੇਗਾ, ਫਿਰ ਉਹ ਗੁਰੂ ਘਰ ਜਾਣ ਲੱਗਾ ਅਤੇ ਗੁਰੂ ਮਹਾਰਾਜ ਦੀ ਅਜਿਹੀ ਕ੍ਰਿਪਾ ਹੋਈ ਕਿ ਉਹ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਅੰਮ੍ਰਿਤ ਛਕ ਸਿੰਘ ਸਜ ਆਇਆ।

ਉਨ੍ਹਾਂ ਨੌਜਵਾਨਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਨਸ਼ਿਆਂ ਵਿਚ ਅਪਣੀ ਜਵਾਨੀ ਬਰਬਾਦ ਨਾ ਕਰੋ, ਜ਼ਿੰਦਗੀ ਵਿਚ ਕਾਮਯਾਬ ਹੋ ਕੇ ਅਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕਰੋ। ਉਨ੍ਹਾਂ ਕਿਹਾ ਕਿ ਉਸ ਦੀਆਂ ਦੋ ਭੈਣਾਂ ਹਨ ਅਤੇ ਉਹ ਇਕੱਲਾ ਹੀ ਹੈ, ਜਦੋਂ ਦਾ ਉਨ੍ਹਾਂ ਨੇ ਅੰਮ੍ਰਿਤ ਪਾਨ ਕੀਤਾ ਹੈ, ਉਦੋਂ ਤੋਂ ਉਹ ਖ਼ੁਦ ਤਾਂ ਖ਼ੁਸ਼ ਹੈ ਹੀ, ਉਥੇ ਹੀ ਉਨ੍ਹਾਂ ਦਾ ਪੂਰਾ ਪ੍ਰਵਾਰ ਵੀ ਕਾਫ਼ੀ ਖ਼ੁਸ਼ ਹੈ।

# ਤਿਲੰਗਾਨਾ ਚਾਹੁੰਦਾ ਹੈ ਭਾਜਪਾ ਸਰਕਾਰ: ਮੋਦੀ

## *ਪ੍ਰਧਾਨ ਮੰਤਰੀ ਵੱਲੋਂ ਸੂਬੇ ਵਿੱਚ 13500 ਕਰੋੜ ਦੀ ਲਾਗਤ ਵਾਲੇ ਪ੍ਰਾਜੈਕਟਾਂ ਦੇ ਨੀਂਹ ਪੱਥਰ ਤੇ ਉਦਘਾਟਨ*



ਮਹਿਬੂਬਨਗਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿਲੰਗਾਨਾ ਦੀ ਬੀਆਰਐੱਸ ਸਰਕਾਰ 'ਤੇ ਅਸਿੱਧਾ ਨਿਸ਼ਾਨਾ ਸੇਧਦਿਆਂ ਕਿਹਾ ਕਿ ਸੂਬੇ ਦੇ ਲੋਕ ਬਦਲਾਅ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਝੂਠੇ ਵਾਅਦਿਆਂ ਦੀ ਨਹੀਂ ਬਲਕਿ ਹਕੀਕੀ ਤੌਰ 'ਤੇ ਠੋਸ ਕੰਮਾਂ ਦੀ ਲੋੜ ਹੈ। ਇੱਥੇ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਭਾਜਪਾ ਤਿਲੰਗਾਨਾ ਦੇ ਲੋਕਾਂ ਦੀ ਜ਼ਿੰਦਗੀ 'ਚ ਸੁਧਾਰ ਲਿਆਉਣ ਲਈ ਵਚਨਬੱਧ ਹੈ। ਸ੍ਰੀ ਮੋਦੀ ਨੇ ਕਿਹਾ, "ਤਿਲੰਗਾਨਾ ਬਦਲਾਅ ਚਾਹੁੰਦਾ ਹੈ, ਕਿਉਂਕਿ ਲੋਕ ਇੱਥੇ ਭਾਜਪਾ ਸਰਕਾਰ ਚਾਹੁੰਦੇ ਹਨ।" ਉਨ੍ਹਾਂ ਕਿਹਾ ਕਿ ਸੂਬਾ ਤਬਦੀਲੀ ਚਾਹੁੰਦਾ ਹੈ ਕਿਉਂਕਿ ਇਹ ਇੱਕ ਭ੍ਰਿਸ਼ਟ ਸਰਕਾਰ ਨਹੀਂ ਬਲਕਿ ਇੱਕ ਪਾਰਦਰਸ਼ੀ ਅਤੇ ਇਮਾਨਦਾਰ ਸਰਕਾਰ ਚਾਹੁੰਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਹੁਣ ਮਹਿਲਾਵਾਂ ਦੀ ਆਵਾਜ਼ ਸਿਰਫ ਸੰਸਦ ਵਿੱਚ ਹੀ ਨਹੀਂ ਸਗੋਂ ਹਰ ਵਿਧਾਨ ਸਭਾ ਵਿੱਚ ਪਹਿਲਾਂ ਨਾਲੋਂ ਹੋਰ ਮਜ਼ਬੂਤ ਹੋਵੇਗੀ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੂਬੇ ਵਿੱਚ 13,500 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਕਈ ਪ੍ਰਾਜੈਕਟਾਂ ਦੇ ਵਰਚੁਅਲੀ ਨੀਂਹ ਪੱਥਰ ਰੱਖੇ ਅਤੇ ਕਈਆਂ ਦਾ ਉਦਘਾਟਨ ਕੀਤਾ।

# ਲਖੀਮਪੁਰ ਖੀਰੀ ਕਾਂਡ: ਦੋ ਸਾਲਾਂ ਬਾਅਦ ਵੀ ਨਿਆਂ ਉਡੀਕ ਰਹੇ ਨੇ ਪਰਿਵਾਰ

## *ਮੁਕੱਦਮੇ ਦੀ ਕਾਰਵਾਈ ਧੀਮੀ ਗਤੀ ਨਾਲ ਚੱਲਣ ਕਾਰਨ ਪਰਿਵਾਰਾਂ ਵਿੱਚ ਰੋਸ*



ਨਵੀਂ ਦਿੱਲੀ : ਦੋ ਸਾਲ ਪਹਿਲਾਂ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਵੱਲੋਂ ਇੱਕ ਐੱਸਯੂਵੀ ਰਾਹੀਂ ਪੰਜ ਧਰਨਾਕਾਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ, ਪਰ ਅੱਜ ਵੀ ਯੂਪੀ ਦੇ ਲਖੀਮਪੁਰ ਖੀਰੀ ਵਿੱਚ ਮ੍ਰਿਤਕਾਂ ਦੇ ਪਰਿਵਾਰ ਨਿਆਂ ਉਡੀਕ ਰਹੇ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਆਸ ਛੱਡ ਚੁੱਕੇ ਹਨ ਕਿਉਂਕਿ ਆਸ਼ੀਸ਼ ਮਿਸ਼ਰਾ 'ਤੇ ਚੱਲ ਰਿਹਾ ਕਤਲ ਦਾ ਮੁਕੱਦਮਾ ਕਾਫ਼ੀ ਧੀਮੀ ਗਤੀ ਨਾਲ ਚੱਲ ਰਿਹਾ ਹੈ ਤੇ ਉਨ੍ਹਾਂ ਦੇ ਪੱਲੇ ਸਿਰਫ਼ ਕੇਸ ਦੀ ਅਗਲੀ ਤਰੀਕ ਪੈਂਦੀ ਹੈ। ਜਾਣਕਾਰੀ ਮੁਤਾਬਕ ਪੰਜ ਵਿਅਕਤੀ- ਚਾਰ ਕਿਸਾਨ (ਲਵਪ੍ਰੀਤ ਸਿੰਘ, ਨਛੱਤਰ ਸਿੰਘ, ਗੁਰਵਿੰਦਰ ਸਿੰਘ ਤੇ ਦਲਜੀਤ ਸਿੰਘ) ਅਤੇ ਇੱਕ ਫੋਟੋ ਪੱਤਰਕਾਰ ਰਮਨ ਕਸ਼ਯਪ 3 ਅਕਤੂਬਰ 2021 ਨੂੰ ਤਿਕੁਨੀਆ ਪਿੰਡ ਵਿੱਚ ਉਸ ਸਮੇਂ ਮਾਰੇ ਗਏ ਸਨ ਜਦੋਂ ਆਸ਼ੀਸ਼ ਵੱਲੋਂ ਕਥਿਤ ਤੌਰ 'ਤੇ ਚਲਾਈ ਜਾ ਰਹੀ ਐੱਸਯੂਵੀ ਨੇ ਉਨ੍ਹਾਂ ਨੂੰ ਉਸ ਸਮੇਂ ਕੁਚਲ ਦਿੱਤਾ ਸੀ ਜਦੋਂ ਉਹ ਖੇਤੀ ਕਾਨੂੰਨ ਖ਼ਿਲਾਫ਼ ਧਰਨਾ ਦੇਣ ਮਗਰੋਂ ਵਾਪਸ ਆ ਰਹੇ ਸਨ। ਇਸ ਦੌਰਾਨ ਲਵਪ੍ਰੀਤ ਸਿੰਘ ਦੇ ਪਿਤਾ ਸਤਨਾਮ ਸਿੰਘ ਨੇ ਕਿਹਾ, 'ਸਰਕਾਰ ਉਨ੍ਹਾਂ ਦੀ ਹੈ। ਸਾਨੂੰ ਨਿਆਂ ਦੀ ਕੋਈ ਆਸ ਨਹੀਂ ਹੈ। ਕੇਸ ਬਹੁਤ ਧੀਮੀ ਗਤੀ ਨਾਲ ਚੱਲ ਰਿਹਾ ਹੈ ਤੇ ਸਾਡੇ ਪੱਲੇ ਸਿਰਫ਼ ਕੇਸ ਦੀ ਅਗਲੀ ਤੇ ਫਿਰ ਅਗਲੀ ਤਰੀਕ ਹੀ ਪੈਂਦੀ ਹੈ। ਇਹ ਮੁਕੱਦਮਾ ਮਹਿਜ਼ ਰਸਮੀ ਕਾਰਵਾਈ ਹੈ। ਇਨ੍ਹਾਂ ਮ੍ਰਿਤਕਾਂ 'ਚੋਂ ਲਵਪ੍ਰੀਤ ਸਿੰਘ ਦੀ ਉਮਰ ਸਭ ਤੋਂ ਘੱਟ ਸੀ। ਉਸ ਦੇ ਪਿਤਾ ਸਤਨਾਮ ਸਿੰਘ ਨੇ ਦੱਸਿਆ ਕਿ ਜਦੋਂ ਲਵਪ੍ਰੀਤ ਦੀ ਮੌਤ ਹੋਈ ਤਾਂ ਉਹ 18 ਸਾਲਾਂ ਦਾ ਸੀ। ਉਸਦੀਆਂ ਦੋ ਛੋਟੀਆਂ ਭੈਣਾਂ ਦਾ ਅਜੇ ਵਿਆਹ ਨਹੀਂ ਹੋਇਆ ਜਦਿਕ ਉਸਦੀ ਮਾਂ ਸਤਵਿੰਦਰ ਕੌਰ ਅਜੇ ਵੀ ਆਪਣੇ ਪੁੱਤਰ ਦੀ ਮੌਤ ਦੇ ਸਦਮੇ ਤੋਂ ਨਹੀਂ ਉਭਰੀ। ਮ੍ਰਿਤਕਾਂ ਦੇ ਪਰਿਵਾਰਾਂ ਮੁਤਾਬਕ ਉਨ੍ਹਾਂ ਨੂੰ ਵਾਅਦੇ ਮੁਤਾਬਕ ਸਰਕਾਰੀ ਨੌਕਰੀਆਂ ਨਹੀਂ ਮਿਲੀਆਂ ਜਦਕਿ ਹਰ ਪੀੜਤ ਪਰਿਵਾਰ ਨੂੰ 35 ਲੱਖ ਰੁਪਏ ਮਿਲ ਚੁੱਕੇ ਹਨ। ਸਤਨਾਮ ਸਿੰਘ ਅਤੇ ਦਲਜੀਤ ਸਿੰਘ ਦੇ ਪਰਿਵਾਰ ਨੇ ਕਿਹਾ ਕਿ ਸੂਬਾ ਸਰਕਾਰ ਨੇ ਉਨ੍ਹਾਂ ਨੂੰ ਸ਼ੂਗਰ ਮਿੱਲ ਵਿੱਚ ਨੌਕਰੀਆਂ ਦਿੱਤੀਆਂ ਸਨ, ਜੋ ਉਹ ਨਹੀਂ ਚਾਹੁੰਦੇ ਸਨ। ਸਤਨਾਮ ਸਿੰਘ ਨੇ ਕਿਹਾ, 'ਵਾਅਦਾ ਸਰਕਾਰੀ ਨੌਕਰੀਆਂ ਦੇਣ ਦਾ ਸੀ। ਮੇਰੀਆਂ ਦੋ ਧੀਆਂ ਹਨ। ਮੈਂ ਉਨ੍ਹਾਂ ਨੂੰ ਸ਼ੂਗਰ ਮਿੱਲ ਵਿੱਚ ਨਹੀਂ ਭੇਜ ਸਕਦਾ, ਜਿੱਥੇ ਕਿ ਸਿਰਫ਼ ਬੰਦੇ ਹੀ ਹੁੰਦੇ ਹਨ। ਸਰਕਾਰ ਨੇ ਸਾਡੇ ਪਰਿਵਾਰਕ ਮੈਂਬਰ ਖੁੱਸਣ ਮਗਰੋਂ ਅਗਲੇ ਧੀ-ਪੁੱਤਰ ਨੂੰ ਸਰਕਾਰੀ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ। ਹੁਣ, ਉਹ ਕਹਿ ਰਹੇ ਹਨ ਕਿ ਸਹਿਕਾਰੀ ਦਫ਼ਤਰਾਂ ਵਿੱਚ ਨੌਕਰੀ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪਰ ਇਹ ਸੱਚ ਨਹੀਂ ਹੈ। ਅਸੀਂ ਅਜੇ ਵੀ ਆਪਣੇ ਬੱਚਿਆਂ ਲਈ ਚੰਗੀਆਂ ਨੌਕਰੀਆਂ ਦੀ ਆਸ ਕਰਦੇ ਹਾਂ।

# ਕਿਸਾਨਾਂ ਨੇ ਇਨਸਾਫ਼ ਲਈ ਕੇਂਦਰ ਦੇ ਪੁਤਲੇ ਫੂਕੇ



ਚੰਡੀਗੜ੍ਹ : ਪੰਜਾਬ ਦੀਆਂ ਸਮੁੱਚੀਆਂ ਕਿਸਾਨ ਜਥੇਬੰਦੀਆਂ ਨੇ ਅੱਜ ਕੌਮੀ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਲਖੀਮਪੁਰ ਖੀਰੀ ਕਤਲ ਕਾਂਡ ਦੇ ਪੂਰੇ ਇਨਸਾਫ਼ ਲਈ ਅੱਜ ਕਾਲੇ ਦਵਿਸ ਵਜੋਂ ਸੂਬਾ ਭਰ 'ਚ ਜ਼ਿਲ੍ਹਾ ਤੇ ਸਬ ਡਵੀਜ਼ਨ ਅਤੇ ਪਿੰਡ ਪੱਧਰਾਂ ਤੱਕ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਨੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲਾ-ਫੂਕ ਰੋਸ ਪ੍ਰਦਰਸ਼ਨਾਂ ਰਾਹੀਂ ਸ਼ਹੀਦ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਸੁਖਦੇਵ ਸਿੰਘ ਕੋਕਰੀ ਕਲਾਂ, ਜਗਮੋਹਨ ਸਿੰਘ, ਡਾ. ਦਰਸ਼ਨ ਪਾਲ, ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਸਰਬਨ ਸਿੰਘ ਪੰਧੇਰ ਅਤੇ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਆਦਿ ਨੇ ਵੱਖੋ-ਵੱਖਰੇ ਬਿਆਨਾਂ ਰਾਹੀਂ ਦੱਸਿਆ ਕਿ ਪ੍ਰਦਰਸ਼ਨਾਂ ਵਿੱਚ ਪਿੰਡਾਂ ਅਤੇ ਕਸਬਿਆਂ ਤੋਂ ਔਰਤਾਂ ਅਤੇ ਨੌਜਵਾਨ ਸ਼ਾਮਲ ਹੋਏ। ਕੌਮੀ ਮਾਰਗਾਂ 'ਤੇ ਪ੍ਰਦਰਸ਼ਨਕਾਰੀਆਂ ਨੇ ਕੇਂਦਰ ਸਰਕਾਰ ਵਿਰੁੱਧ ਅਰਥੀ ਫੂਕ ਮੁਜ਼ਾਹਰੇ ਕੀਤੇ। ਰੋਸ ਮੁਜ਼ਾਹਰਿਆਂ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ 2 ਸਾਲ ਬੀਤਣ ਮਗਰੋਂ ਵੀ ਸਰਕਾਰ ਪੀੜਤਾਂ ਨੂੰ ਨਿਆਂ ਦੇਣ ਤੋਂ ਟਾਲਾ ਵੱਟ ਰਹੀ ਹੈ। ਕਿਸਾਨਾਂ ਵੱਲੋਂ ਭਾਜਪਾ ਸਰਕਾਰ ਵਿਰੁੱਧ ਮੁਜ਼ਾਹਰੇ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਕਾਲੇ ਝੰਡੇ ਅਤੇ ਮੰਗਾਂ ਵਾਲੇ ਬੈਨਰ ਚੁੱਕੇ ਹੋਏ ਸਨ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਦੋ ਸਾਲ ਪਹਿਲਾਂ ਇਸੇ ਦਨਿ ਲਖੀਮਪੁਰ ਖੀਰੀ (ਯੂਪੀ) 'ਚ ਹੋਏ ਕਿਸਾਨਾਂ ਦੇ ਕਤਲੇਆਮ ਦੇ ਕਥਿਤ ਮੁੱਖ ਸਾਜ਼ਸ਼ਘਾੜੇ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਨੀ ਅਤੇ ਕਿਸਾਨਾਂ ਨੂੰ ਗੱਡੀਆਂ ਥੱਲੇ ਦਰੜਨ ਵਾਲੇ ਉਸ ਦੇ ਲੜਕੇ ਅਸ਼ੀਸ਼ ਮਿਸ਼ਰਾ ਟੈਨੀ ਸਣੇ ਪੂਰੇ ਟੋਲੇ ਨੂੰ 5 ਕਤਲਾਂ ਲਈ ਸਖ਼ਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਆਖਿਆ ਕਿ ਮੋਦੀ ਸਰਕਾਰ ਅਜਿਹੇ ਮੁਲਜ਼ਮਾਂ ਨੂੰ ਸ਼ਰਨ ਦੇਣੀ ਬੰਦ ਕਰੇ ਨਹੀਂ ਤਾਂ 2024 ਦੀਆਂ ਚੋਣਾਂ ਵਿੱਚ ਲੋਕ ਭਾਜਪਾ ਨੂੰ ਸਬਕ ਸਿਖਾਉਣਗੇ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਰਾਹੁਲ ਗਾਂਧੀ






ਅੰਮ੍ਰਿਤਸਰ : ਕਾਂਗਰਸੀ ਆਗੂ ਰਾਹੁਲ ਗਾਂਧੀ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਪਹੁੰਚ, ਜਿਥੇ ਉਨ੍ਹਾਂ ਨੇ ਪਰਮਾਤਮਾ ਦੇ ਚਰਨਾਂ ’ਚ ਅਰਦਾਸ ਕੀਤੀ ਤੇ ਇਲਾਹੀ ਬਾਣੀ ਦਾ ਕੀਰਤਨ ਸੁਣਿਆ। ਇਸ ਤੋਂ ਪਹਿਲਾਂ ਉਹ ਅੰਮ੍ਰਿਤਸਰ ਹਵਾਈ ਅੱਡੇ ’ਤੇ ਪਹੁੰਚੇ ਸੀ, ਜਿਥੇ ਕਾਂਗਰਸੀ ਆਗੂਆਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਜਾਣਕਾਰੀ ਮੁਤਾਬਕ ਇਸ ਦੌਰਾਨ ਕੁਝ ਸੀਨੀਅਰ ਆਗੂ ਰਾਹੁਲ ਗਾਂਧੀ ਨਾਲ ਰਹਿਣਗੇ। ਇਹ ਦੌਰਾ ਉਨ੍ਹਾਂ ਦਾ ਨਿੱਜੀ ਦੱਸਿਆ ਜਾ ਰਿਹਾ ਹੈ ਤੇ ਉਹ ਸਿਰਫ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਏ ਹਨ। ਕਾਂਗਰਸੀ ਆਗੂ ਗੁਰਜੀਤ ਸਿੰਘ ਔਜਲਾ ਮੁਤਾਬਕ ਰਾਹੁਲ ਗਾਂਧੀ ਦਾ ਇਹ ਨਿੱਜੀ ਦੌਰਾ ਹੈ। ਇਸ ਦੌਰਾਨ ਕੋਈ ਸਿਆਸੀ ਪ੍ਰੋਗਰਾਮ ਜਾਂ ਮੀਟਿੰਗ ਨਹੀਂ ਰੱਖੀ ਗਈ ਹੈ। ਰਾਹੁਲ ਗਾਂਧੀ ਨੇ ਆਪਣੀ ਨਿੱਜੀ ਫੇਰੀ ਦੌਰਾਨ ਸ੍ਰੀ ਹਰਿਮੰਦਰ ਸਾਹਿਬ ’ਚ ਸੇਵਾ ਕਰਨ ਦੀ ਇੱਛਾ ਪ੍ਰਗਟ ਕੀਤੀ, ਜਿਸ ’ਚ ਉਹ ਭਾਂਡਿਆਂ ਦੀ ਸੇਵਾ ਵੀ ਕਰ ਸਕਦੇ ਹਨ।


ਇਸੇ ਦੌਰਾਨ ਕਾਂਗਰਸੀ ਆਗੂ ਅਤੇ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਅੱਜ ਦੂਜੇ ਦਨਿ ਵੀ ਸ੍ਰੀ ਦਰਬਾਰ ਸਾਹਿਬ ਵਿੱਚ ਆਮ ਸ਼ਰਧਾਲੂਆਂ ਵਾਂਗ ਲੰਗਰ ਘਰ ਅਤੇ ਜੋੜਾ ਘਰ ਵਿੱਚ ਸੇਵਾ ਨਿਭਾਈ। ਰਾਹੁਲ ਗਾਂਧੀ ਅੱਜ ਸ੍ਰੀ ਦਰਬਾਰ ਸਾਹਿਬ ਵਿੱਚ ਨਤਮਸਤਕ ਹੋਣ ਸਮੇਂ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਗਏ, ਜਿੱਥੇ ਆਮ ਸ਼ਰਧਾਲੂਆਂ ਵਾਂਗ ਸੇਵਾ ਕੀਤੀ। ਸ਼ਰਧਾਲੂਆਂ ਨਾਲ ਬੈਠ ਕੇ ਸਬਜ਼ੀ ਕੱਟੀ ਅਤੇ ਬਾਅਦ ਵਿੱਚ ਸੰਗਤ ਦੇ ਜੂਠੇ ਬਰਤਨ ਸਾਫ ਕੀਤੇ। ਇਸ ਦੌਰਾਨ ਉਹ ਸ਼ਰਧਾਲੂਆਂ ਨਾਲ ਗੱਲਾਂ ਵੀ ਕਰਦੇ ਰਹੇ। ਬਾਅਦ ਵਿੱਚ ਲੰਗਰ ਘਰ ਵਿਚ ਪ੍ਰਸ਼ਾਦੇ ਵਰਤਾਉਣ ਦੀ ਸੇਵਾ ਕੀਤੀ ਅਤੇ ਪੰਗਤ ਵਿੱਚ ਬੈਠ ਕੇ ਸੰਗਤ ਦੇ ਨਾਲ ਲੰਗਰ ਵੀ ਛਕਿਆ। ਪਰਿਕਰਮਾ ਕਰਦਿਆਂ ਉਨ੍ਹਾਂ ਅੱਜ ਮੁੜ ਸ੍ਰੀ ਅਕਾਲ ਤਖ਼ਤ ਦੇ ਸਨਮੁੱਖ ਮੱਥਾ ਟੇਕਿਆ ਅਤੇ ਵਾਪਸ ਚਲੇ ਗਏ।

ਉਹ ਕੱਲ੍ਹ ਦੁਪਹਿਰੇ ਗੁਰੂ ਘਰ ਨਤਮਸਤਕ ਹੋਣ ਲਈ ਆਏ ਸਨ। ਉਸ ਵੇਲੇ ਉਨ੍ਹਾਂ ਮੱਥਾ ਟੇਕਿਆ ਤੇ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ। ਗੁਰੂ ਘਰ ਵਿੱਚ ਰੁਮਾਲਾ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਵੀ ਭੇਟ ਕੀਤੀ। ਸ੍ਰੀ ਅਕਾਲ ਤਖਤ ’ਤੇ ਮੱਥਾ ਟੇਕਿਆ ਤੇ ਵਾਪਸੀ ਵੇਲੇ ਲਗਪਗ ਘੰਟਾ ਛਬੀਲ ਦੌਰਾਨ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਕੀਤੀ। ਉਹ ਦੇਰ ਸ਼ਾਮ ਨੂੰ ਮੁੜ ਸ੍ਰੀ ਦਰਬਾਰ ਸਾਹਿਬ ਪੁੱਜੇ ਅਤੇ ਜਲ ਵਰਤਾਉਣ ਦੀ ਸੇਵਾ ਨਿਭਾਈ। ਉਹ ਰਾਤ ਤਕ ਸ੍ਰੀ ਦਰਬਾਰ ਸਾਹਿਬ ਵਿੱਚ ਰਹੇ ਅਤੇ ਸਮਾਪਤੀ ਵੇਲੇ ਪਾਲਕੀ ਸਾਹਿਬ ਨੂੰ ਮੋਢਾ ਦੇਣ ਦੀ ਸੇਵਾ ਨਿਭਾਈ। ਰਾਤ ਵੇਲੇ ਉਨ੍ਹਾਂ ਦਰਸ਼ਨੀ ਡਿਉਢੀ ਦੇ ਅੰਦਰ ਪੁਲ ’ਤੇ ਲੱਗੇ ਸੁਨਹਿਰੀ ਜੰਗਲਿਆਂ ਨੂੰ ਸਾਫ ਕੀਤਾ। ਰਾਤ ਨੂੰ ਉਨ੍ਹਾਂ ਗੁਰੂ ਘਰ ਲਈ ਚੰਦੋਆ ਭੇਟ ਕੀਤਾ। ਇਥੇ ਉਨ੍ਹਾਂ ਇੱਕ ਬੱਚੇ ਨਾਲ ਮੁਲਾਕਾਤ ਕੀਤੀ ਅਤੇ ਉਸ ਕੋਲੋਂ ਉਸ ਦੇ ਮਾਪਿਆਂ ਅਤੇ ਪੜ੍ਹਾਈ ਬਾਰੇ ਪੁੱਛਿਆ। ਛੇਵੀਂ ਜਮਾਤ ਵਿੱਚ ਪੜ੍ਹਦੇ ਏਕਨੂਰ ਸਿੰਘ ਨੇ ਕਿਹਾ ਕਿ ਉਹ ਚੰਗੇ ਇਨਸਾਨ ਹਨ ਅਤੇ ਸਭ ਨੂੰ ਬਰਾਬਰੀ ਦਾ ਦਰਜਾ ਦਿੰਦੇ ਹਨ। ਅੱਜ ਸ੍ਰੀ ਦਰਬਾਰ ਸਾਹਿਬ ਆਉਣ ਸਮੇਂ ਉਨ੍ਹਾਂ ਨਾਲ ਕੋਈ ਕਾਂਗਰਸੀ ਆਗੂ ਨਹੀਂ ਸੀ। ਇਸ ਦੌਰਾਨ ਪੁਲੀਸ ਵੱਲੋਂ ਸੁਰੱਖਿਆ ਦੇ ਕਰੜੇ ਪ੍ਰਬੰਧ ਕੀਤੇ ਹੋਏ ਸਨ। ਸ਼ਾਮ ਵੇਲੇ ਰਾਹੁਲ ਗਾਂਧੀ ਮੁੜ ਸ੍ਰੀ ਦਰਬਾਰ ਸਾਹਿਬ ਪੁੱਜੇ ਅਤੇ ਘੰਟਾ ਘਰ ਵਾਲੇ ਪਾਸੇ ਜੋੜਾਘਰ ਵਿੱਚ ਸੰਗਤ ਦੇ ਜੋੜੇ ਸੰਭਾਲਣ ਦੀ ਸੇਵਾ ਕੀਤੀ।

**ਰਾਹੁਲ ਗਾਂਧੀ ਨੇ ਸ਼ਾਮ ਵੇਲੇ ਜੋੜਾਘਰ ਵਿਚ ਕੀਤੀ ਸੇਵਾ :** ਕਾਂਗਰਸੀ ਆਗੂ ਰਾਹੁਲ ਗਾਂਧੀ ਅੱਜ ਸਵੇਰੇ ਦੋ ਘੰਟੇ ਗੁਰੂਘਰ ਵਿੱਚ ਰਹੇ। ਇਸ ਦੌਰਾਨ ਉਨ੍ਹਾਂ ਕਰੀਬ ਅੱਧਾ ਘੰਟਾ ਗੁਰੂ ਰਾਮਦਾਸ ਲੰਗਰ ਵਿੱਚ ਸਬਜ਼ੀ ਕੱਟਣ ਅਤੇ ਅੱਧਾ ਘੰਟਾ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਅੱਧਾ ਘੰਟਾ ਲੰਗਰ ਵਰਤਾਉਣ ਅਤੇ ਖੁਦ ਛਕਣ ਵਿੱਚ ਬਿਤਾਇਆ। ਉਪਰੰਤ ਪਰਿਕਰਮਾ ਕਰਦਿਆਂ ਸ੍ਰੀ ਅਕਾਲ ਤਖ਼ਤ ਵਿਖੇ ਮੱਥਾ ਟੇਕਿਆ। ਉਨ੍ਹਾਂ ਸ਼ਾਮੀਂ ਮੁੜ ਦੋ ਘੰਟੇ ਗੁਰੂਘਰ ਵਿੱਚ ਬਿਤਾਏ। ਇਸ ਦੌਰਾਨ ਉਨ੍ਹਾਂ ਪੌਣਾ ਘੰਟਾ ਜੋੜਾਘਰ ਵਿੱਚ ਸੇਵਾ ਕੀਤੀ ਅਤੇ ਬਾਅਦ ਵਿੱਚ ਦਰਬਾਰ ਸਾਹਿਬ ਮੱਥਾ ਟੇਕਿਆ ਤੇ ਗੁਰਬਾਣੀ ਕੀਰਤਨ ਸਰਵਣ ਕੀਤਾ। ਭਲਕੇ ਤੜਕਸਾਰ ਉਨ੍ਹਾਂ ਦੇ ਮੁੜ ਮੱਥਾ ਟੇਕਣ ਆਉਣ ਦੀ ਸੰਭਾਵਨਾ ਹੈ। ਉਪਰੰਤ ਉਹ ਦਿੱਲੀ ਵਾਪਸ ਜਾ ਸਕਦੇ ਹਨ।










# ਰਾਹੁਲ ਗਾਂਧੀ ਨੇ ਹਰਿਮੰਦਰ ਸਾਹਿਬ 'ਚ ਜੂਠੇ ਭਾਂਡਿਆਂ ਨੂੰ ਸਾਫ਼ ਕੀਤਾ ਤੇ ਸਬਜ਼ੀਆਂ ਕੱਟਣ ਦੀ ਸੇਵਾ ਕਰਨ ਦੇ ਨਾਲ ਲੰਗਰ ਵੀ ਵਰਤਾਇਆ

## ਪਾਲਕੀ ਸਾਹਿਬ ਨੂੰ ਮੋਢਾ ਦੇਣ ਦੀ ਸੇਵਾ ਨਿਭਾਈ; ਸੰਗਤ ਨੂੰ ਲੰਗਰ ਵਰਤਾਇਆ


























ਮਿਲਾਦ-ਓਨ-ਨਬੀ 'ਤੇ ਵਧਾਈਆਂ। ਸਮਾਜ ਵਿੱਚ ਭਾਈਚਾਰੇ ਅਤੇ ਦਿਆਲਤਾ ਦੀ ਭਾਵਨਾ ਸਦਾ ਅੱਗੇ ਵਧੇ। ਇਹੀ ਕਾਮਨਾ ਹੈ ਕਿ 'ਸਾਰੇ ਖੁਸ਼ ਅਤੇ ਤੰਦਰੁਸਤ ਰਹਿਣ।' ਈਦ ਮੁਬਾਰਕ !

# ਈਦ ਮਿਲਾਦ-ਉਨ-ਨਬੀ ਦਾ ਇਤਿਹਾਸ ਤੇ ਮਹੱਤਤਾ














ਮਿਲਾਦ-ਉਨ-ਨਬੀ ਦਾ ਤਿਉਹਾਰ ਦੁਨੀਆਂ ਭਰ ਵਿੱਚ ਮਨਾਇਆ ਜਾਂਦਾ ਹੈ। ਇਸਲਾਮ ਦੇ ਲੋਕ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਜਨਮਦਿਨ ਨੂੰ ਈਦ-ਏ-ਮਿਲਾਦ-ਉਨ-ਨਬੀ ਜਾਂ ਈਦ-ਏ-ਮਿਲਾਦ ਵਜੋਂ ਮਨਾਉਂਦੇ ਹਨ।

ਇਸਲਾਮੀ ਕੈਲੰਡਰ ਦੇ ਅਨੁਸਾਰ, ਇਹ ਤਿਉਹਾਰ ਤੀਜੇ ਮਹੀਨੇ ਰਬੀ-ਉਲ-ਅਵਲ ਦੇ 12ਵੇਂ ਦਿਨ ਮਨਾਇਆ ਜਾਂਦਾ ਹੈ। ਇਸਲਾਮੀ ਕੈਲੰਡਰ ਦੇ ਅਨੁਸਾਰ, ਇਸਲਾਮ ਦਾ ਤੀਜਾ ਮਹੀਨਾ ਯਾਨੀ ਮਿਲਾਦ-ਉਨ-ਨਬੀ ਸ਼ੁਰੂ ਹੋ ਗਿਆ ਹੈ। ਮੁਹੰਮਦ ਸਾਹਿਬ ਦੇ ਜਨਮ ਦਿਹਾੜੇ ਤੇ, ਲੋਕ ਉਹਨਾਂ ਦੀ ਯਾਦ ਵਿੱਚ ਜਲੂਸ ਕੱਢਦੇ ਹਨ। ਇਸ ਦਿਨ ਵੱਖ-ਵੱਖ ਥਾਵਾਂ 'ਤੇ ਵੱਡੇ ਸਮਾਗਮ ਵੀ ਆਯੋਜਿਤ ਕੀਤੇ ਜਾਂਦੇ ਹਨ।

**ਪੈਗੰਬਰ ਮੁਹੰਮਦ ਸਾਹਿਬ ਦਾ ਜਨਮ** - ਪੈਗੰਬਰ ਮੁਹੰਮਦ ਸਾਹਿਬ ਦਾ ਜਨਮ ਅਰਬ ਦੇ ਇੱਕ ਮਾਰੂਥਲ ਸ਼ਹਿਰ ਮੱਕਾ ਵਿੱਚ 571 ਈਸਵੀ ਦੇ 12ਵੇਂ ਦਿਨ ਹੋਇਆ ਸੀ। ਪੈਗੰਬਰ ਸਾਹਿਬ ਦੇ ਜਨਮ ਤੋਂ ਪਹਿਲਾਂ ਹੀ, ਉਹਨਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ ਸੀ। ਜਦੋਂ ਉਹ 6 ਸਾਲਾਂ ਦੇ ਸਨ ਤਾਂ ਉਹਨਾਂ ਦੀ ਮਾਂ ਦੀ ਵੀ ਮੌਤ ਹੋ ਗਈ।

ਆਪਣੀ ਮਾਂ ਦੀ ਮੌਤ ਤੋਂ ਬਾਅਦ, ਪੈਗੰਬਰ ਮੁਹੰਮਦ ਸਾਹਿਬ ਨੇ ਆਪਣੇ ਚਾਚਾ ਅਬੂ ਤਾਲਿਬ ਅਤੇ ਦਾਦਾ ਅਬੂ ਮੁਤਲਿਬ ਦੇ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਹਨਾਂ ਦੇ ਪਿਤਾ ਦਾ ਨਾਮ ਅਬਦੁੱਲਾ ਅਤੇ ਮਾਤਾ ਦਾ ਨਾਮ ਬੀਬੀ ਅਮੀਨਾ ਸੀ। ਅੱਲ੍ਹਾ ਨੇ ਸਭ ਤੋਂ ਪਹਿਲਾਂ ਪਵਿੱਤਰ ਕੁਰਾਨ ਨਬੀ ਹਜ਼ਰਤ ਮੁਹੰਮਦ ਨੂੰ ਦਿੱਤਾ। ਇਸ ਤੋਂ ਬਾਅਦ ਹੀ ਪੈਗੰਬਰ ਪਵਿੱਤਰ ਕੁਰਾਨ ਦਾ ਸੰਦੇਸ਼ ਦੁਨੀਆਂ ਦੇ ਹਰ ਕੋਨੇ-ਕੋਨੇ ਤੱਕ ਲੈ ਗਏ।





**ਈਦ ਮਿਲਾਦ ਉਨ-ਨਬੀ ਦੀ ਮਹੱਤਤਾ**- ਈਦ ਮਿਲਾਦ ਉਨ-ਨਬੀ ਨੂੰ ਪੈਗੰਬਰ ਹਜ਼ਰਤ ਮੁਹੰਮਦ ਦੇ ਜਨਮ ਦਿਨ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਰਾਤ ਭਰ ਪ੍ਰਾਰਥਨਾਵਾਂ ਹੁੰਦੀਆਂ ਹਨ ਅਤੇ ਥਾਂ-ਥਾਂ ਤੋਂ ਜਲੂਸ ਵੀ ਕੱਢੇ ਜਾਂਦੇ ਹਨ। ਅੱਜ ਘਰਾਂ ਅਤੇ ਮਸਜਿਦਾਂ ਵਿੱਚ ਪਵਿੱਤਰ ਕੁਰਾਨ ਪੜ੍ਹਿਆ ਜਾਂਦਾ ਹੈ। ਈਦ ਮਿਲਾਦ-ਉਨ-ਨਬੀ ਦੇ ਮੌਕੇ 'ਤੇ ਘਰ ਅਤੇ ਮਸਜਿਦ ਨੂੰ ਸਜਾਇਆ ਜਾਂਦਾ ਹੈ ਅਤੇ ਮੁਹੰਮਦ ਸਾਹਿਬ ਦੇ ਸੰਦੇਸ਼ ਪੜ੍ਹੇ ਜਾਂਦੇ ਹਨ। ਹਜ਼ਰਤ ਮੁਹੰਮਦ ਸਾਹਿਬ ਦਾ ਸਿਰਫ ਇੱਕ ਹੀ ਸੰਦੇਸ਼ ਸੀ ਕਿ ਮਨੁੱਖਤਾ ਵਿੱਚ ਵਿਸ਼ਵਾਸ ਰੱਖਣ ਵਾਲਾ ਹੀ ਮਹਾਨ ਹੈ। ਇਸ ਦਿਨ ਲੋਕ ਗਰੀਬਾਂ ਨੂੰ ਦਾਨ ਵੀ ਦਿੰਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਈਦ ਮਿਲਾਦ-ਉਨ-ਨਬੀ ਦੇ ਦਿਨ, ਦਾਨ ਅਤੇ ਜ਼ਕਾਤ ਦੇਣ ਨਾਲ ਅੱਲ੍ਹਾ ਖੁਸ਼ ਹੁੰਦਾ ਹੈ।

## ਮਹਾਰਾਸ਼ਟਰ: ਸਰਕਾਰੀ ਹਸਪਤਾਲ 'ਚ 48 ਘੰਟਿਆਂ ਦੌਰਾਨ 31 ਮੌਤਾਂ ਤੋਂ ਨਾਰਾਜ਼ ਸੰਸਦ ਮੈਂਬਰ ਨੇ ਡੀਨ ਤੋਂ ਗੰਦੇ ਪਖਾਨੇ ਸਾਫ਼ ਕਰਵਾਏ, ਕੇਸ ਦਰਜ



ਸੰਭਾਜੀਨਗਰ (ਮਹਾਰਾਸ਼ਟਰ) : ਨਾਂਦੇੜ ਦੇ ਸਰਕਾਰੀ ਹਸਪਤਾਲ ਦੇ ਕਾਰਜਕਾਰੀ ਡੀਨ ਤੋਂ ਗੰਦੇ ਪਖਾਨੇ ਸਾਫ਼ ਕਰਾਉਣ ਕਾਰਨ ਸ਼ਿਵ ਸੈਨਾ ਦੇ ਸੰਸਦ ਮੈਂਬਰ ਹੇਮੰਤ ਪਾਟਿਲ 'ਤੇ ਕੇਸ ਦਰਜ ਕੀਤਾ ਗਿਆ ਹੈ। ਪਾਟਿਲ 48 ਘੰਟਿਆਂ ਵਿੱਚ 31 ਮਰੀਜ਼ਾਂ ਦੀ ਮੌਤ ਤੋਂ ਬਾਅਦ ਸਥਿਤੀ ਦਾ ਜਾਇਜ਼ਾ ਲੈਣ ਲਈ ਇਸ ਹਸਪਤਾਲ ਵਿੱਚ ਆਏ ਸਨ। ਹਸਪਤਾਲ ਦੇ ਕਾਰਜਕਾਰੀ ਡੀਨ ਐੱਸਆਰ ਵਕੋਡੇ ਵੱਲੋਂ ਸਰਕਾਰੀ ਮੁਲਾਜ਼ਮ ਦੇ ਕੰਮ ਵਿੱਚ ਵਿਘਨ ਪਾਉਣ ਅਤੇ ਉਸ ਨੂੰ ਬੇਇੱਜ਼ਤ ਕਰਨ ਦੇ ਦੋਸ਼ ਹੇਠ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਇਹ ਕੇਸ ਦਰਜ ਕੀਤਾ ਗਿਆ ਹੈ। ਹਿੰਗੋਲੀ ਤੋਂ ਸੰਸਦ ਮੈਂਬਰ ਪਾਟਿਲ 30 ਸਤੰਬਰ ਤੋਂ 2 ਅਕਤੂਬਰ ਦਰਮਿਆਨ 12 ਬੱਚਿਆਂ ਸਮੇਤ 31 ਮਰੀਜ਼ਾਂ ਦੀ ਮੌਤ 'ਤੇ ਨਾਰਾਜ਼ ਸਨ ਤੇ ਉਹ ਡਾਕਟਰ ਸ਼ੰਕਰਰਾਓ ਚਵਾਨ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਪਹੁੰਚੇ। ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ, ਜਿਸ ਵਿੱਚ ਪਾਟਿਲ ਨੂੰ ਵਕੋਡੇ ਨੂੰ ਝਾੜੂ ਦਿੰਦੇ ਅਤੇ ਗੰਦੇ ਪਖਾਨੇ ਸਾਫ਼ ਕਰਵਾਉਂਦੇ ਨਜ਼ਰ ਆ ਰਹੇ ਹਨ।

## ਜੰਮੂ ਕਸ਼ਮੀਰ: ਰਾਮਬਨ ਵਿੱਚ 300 ਕਰੋੜ ਦੀ ਕੋਕੀਨ ਸਣੇ ਪੰਜਾਬ ਦੇ ਦੋ ਵਸਨੀਕ ਗ੍ਰਿਫ਼ਤਾਰ

ਬਨੀਹਾਲ/ਜੰਮੂ : ਜੰਮੂ ਕਸ਼ਮੀਰ ਦੇ ਰਾਮਬਨ ਜ਼ਿਲ੍ਹੇ ਵਿੱਚ ਅੱਜ ਇਕ ਵਾਹਨ 'ਚੋਂ ਪੁਲੀਸ ਨੇ 30 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ ਜਿਸ ਦੀ ਕੌਮਾਂਤਰੀ ਬਾਜ਼ਾਰ ਵਿੱਚ ਕੀਮਤ 300 ਕਰੋੜ ਰੁਪਏ ਹੈ। ਇਸ ਸਬੰਧ ਵਿੱਚ ਪੁਲੀਸ ਨੇ ਪੰਜਾਬ ਦੇ ਦੋ ਵਸਨੀਕਾਂ ਨੂੰ ਕਾਬੂ ਕੀਤਾ ਹੈ ਜਿਨ੍ਹਾਂ ਦੀ ਪਛਾਣ ਜਲੰਧਰ ਦੇ ਰਹਿਣ ਵਾਲੇ ਸਰਬਜੀਤ ਸਿੰਘ ਅਤੇ ਫਗਵਾੜਾ ਦੇ ਰਹਿਣ ਵਾਲੇ ਹਨੀ ਬਸਰਾ ਵਜੋਂ ਹੋਈ ਹੈ। ਇਹ ਜਾਣਕਾਰੀ ਦਿੰਦਿਆਂ ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਇਸ ਗ੍ਰਿਫ਼ਤਾਰੀ ਨਾਲ ਨਸ਼ਿਆਂ ਦੇ ਅਤਵਿਾਦ ਵਿੱਚ ਸ਼ਾਮਲ ਇਕ ਗਰੋਹ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਸ਼ਨਿਚਰਵਾਰ ਰਾਤ ਨੂੰ ਹੋਈ ਇਹ ਬਰਾਮਦਗੀ ਜੰਮੂ-ਸ੍ਰੀਨਗਰ ਕੌਮੀ ਮਾਰਗ ਦੇ ਨਾਲ ਲੱਗਦੇ ਬਨੀਹਾਲ ਖੇਤਰ 'ਚੋਂ ਕੀਤੀ ਗਈ ਹੈ ਤੇ ਇਸ ਸਾਲ ਦੀ ਸਭ ਤੋਂ



ਵੱਡੀ ਬਰਾਮਦਗੀ ਹੈ। ਮੁਲਜ਼ਮਾਂ ਨੇ 27 ਕਿੱਲੋ ਕੋਕੀਨ ਬੈਗਾਂ ਵਿੱਚ ਭਰੀ ਹੋਈ ਸੀ ਜਦਕਿ ਤਿੰਨ ਕਿੱਲੋ ਕੋਕੀਨ ਵਾਹਨ ਦੀ ਛੱਤ 'ਤੇ ਛੁਪਾਈ ਹੋਈ ਸੀ।

# ਨਿਊਜ਼ਕਲਿੱਕ ਦਾ ਬਾਨੀ ਪੁਰਕਾਇਸਥ ਗ੍ਰਿਫ਼ਤਾਰ; ਦਫ਼ਤਰ ਸੀਲ

- ਦਿੱਲੀ ਪੁਲਿਸ ਵੱਲੋਂ ਉਰਮਿਲੇਸ਼ ਅਤੇ ਅਭਿਸ਼ਾਰ ਸ਼ਰਮਾ ਸਣੇ ਹੋਰ ਪੱਤਰਕਾਰਾਂ ਤੋਂ ਛੇ ਘੰਟੇ ਦੇ ਕਰੀਬ ਪੁੱਛ-ਪੜਤਾਲ
- ਪੱਤਰਕਾਰਾਂ ਦੇ ਡਿਜੀਟਲ ਯੰਤਰ ਤੇ ਦਸਤਾਵੇਜ਼ ਕਬਜ਼ੇ ਵਿੱਚ ਲਏ; ਮਨੁੱਖੀ ਵਸੀਲਾ ਮੁਖੀ ਅਮਿਤ ਚੱਕਰਵਰਤੀ ਵੀ ਗ੍ਰਿਫ਼ਤਾਰ



ਨਿਊਜ਼ਕਲਿੱਕ ਦੇ ਬਾਨੀ ਪ੍ਰਬੀਰ ਪੁਰਕਾਇਸਥ





ਦਿੱਲੀ ਪੁਲਿਸ ਸੀਨੀਅਰ ਪੱਤਰਕਾਰ ਪ੍ਰੰਜਯ ਗੁਹਾ ਠਾਕੁਰਤਾ ਤੇ ਉਰਮਿਲੇਸ਼ ਨੂੰ ਲੋਧੀ ਰੋਡ ਸਥਿਤ ਵਿਸ਼ੇਸ਼ ਸੈੱਲ ਦਫ਼ਤਰ ਲੈ ਕੇ ਆਉਂਦੀ ਹੋਈ।



ਅਭਿਸ਼ਾਰ ਸ਼ਰਮਾ

ਨਵੀਂ ਦਿੱਲੀ : ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਅੱਜ ਆਨਲਾਈਨ ਨਿਊਜ਼ ਪੋਰਟਲ 'ਨਿਊਜ਼ਕਲਿਕ' ਤੇ ਇਸ ਦੇ ਪੱਤਰਕਾਰਾਂ ਦੇ 30 ਟਿਕਾਣਿਆਂ 'ਤੇ ਛਾਪੇ ਮਾਰੇ। ਇਹ ਛਾਪੇ ਅਤਿਵਾਦ ਵਿਰੋਧੀ ਕਾਨੂੰਨ ਯੂਏਪੀਏ (ਗ਼ੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ) ਤਹਿਤ ਮਾਰੇ ਗਏ ਹਨ। ਪੁਲਿਸ ਨੇ ਮਗਰੋਂ ਨਿਊਜ਼ਕਲਿੱਕ ਦੇ ਦਫ਼ਤਰ ਨੂੰ ਸੀਲ ਕਰ ਦਿੱਤਾ। ਪੁਲਿਸ ਨੇ ਨਿਊਜ਼ਕਲਿੱਕ ਦੇ ਬਾਨੀ ਪ੍ਰਬੀਰ ਪੁਰਕਾਇਸਥ ਤੇ ਮਨੁੱਖੀ ਵਸੀਲਾ ਵਿਭਾਗ ਦੇ ਮੁਖੀ ਅਮਿਤ ਚੱਕਰਵਰਤੀ ਨੂੰ ਵਿਦੇਸ਼ ਤੋਂ ਹੁੰਦੀ ਫੰਡਿੰਗ ਕੇਸ ਦੀ ਜਾਂਚ ਦੇ ਸਬੰਧ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਚੱਕਰਵਰਤੀ ਦੇ ਪੋਰਟਲ ਤੇ ਇਸ ਕੇਸ ਨਾਲ ਸਬੰਧ ਬਾਰੇ ਫੌਰੀ ਕੋਈ ਜਾਣਕਾਰੀ ਨਹੀਂ ਮਿਲ ਸਕੀ। ਪੁਲਿਸ ਨੇ ਕਿਹਾ ਕਿ ਉਸ ਨੇ 37 ਪੁਰਸ਼ ਮਸ਼ਕੂਕਾਂ ਤੋਂ ਵਿਸ਼ੇਸ਼ ਸੈੱਲ ਦੇ ਦਫ਼ਤਰ ਵਿਚ ਜਦੋਂਕਿ 9 ਮਹਿਲਾ ਮਸ਼ਕੂਕਾਂ ਤੋਂ ਉਨ੍ਹਾਂ ਦੀ ਠਹਿਰ ਵਾਲੀਆਂ ਥਾਵਾਂ 'ਤੇ ਪੁੱਛ-ਪੜਤਾਲ ਕੀਤੀ। ਪੁਲਿਸ ਨੇ ਛਾਪਿਆਂ ਦੌਰਾਨ ਡਿਜੀਟਲ ਯੰਤਰ, ਦਸਤਾਵੇਜ਼ ਤੇ ਹੋਰ ਆਈਟਮਾਂ ਕਬਜ਼ੇ ਵਿੱਚ ਲੈਣ ਦਾ ਦਾਅਵਾ ਕੀਤਾ ਹੈ। ਨਿਊਜ਼ ਪੋਰਟਲ ਖਿਲਾਫ਼ ਸ਼ਿਕਾਇਤ ਮਿਲੀ ਸੀ ਕਿ ਉਸ ਵੱਲੋਂ ਪੈਸੇ ਲੈ ਕੇ ਚੀਨ ਪੱਖੀ ਪ੍ਰਾਪੇਗੰਡਾ ਕੀਤਾ ਜਾਂਦਾ ਹੈ। ਉਰਮਿਲੇਸ਼ ਤੇ ਅਭਿਸ਼ਾਰ ਸ਼ਰਮਾ ਸਣੇ ਕੁਝ ਪੱਤਰਕਾਰਾਂ ਨੂੰ ਪੁੱਛ-ਪੜਤਾਲ ਲਈ ਲੋਧੀ ਰੋਡ ਸਥਿਤ ਵਿਸ਼ੇਸ਼ ਸੈੱਲ ਦਫ਼ਤਰ ਵੀ ਲਿਜਾਇਆ ਗਿਆ। ਪੱਤਰਕਾਰ ਔਨਨਿਦਿਓ ਚੱਕਰਬਰਤੀ, ਪ੍ਰੰਜਯ ਗੁਹਾ ਠਾਕੁਰਤਾ ਤੇ ਇਤਿਹਾਸਕਾਰ ਸੋਹੇਲ ਹਾਸ਼ਮੀ ਨੂੰ ਵੀ ਸਵਾਲ ਜਵਾਬ ਕੀਤੇ ਗਏ। ਸੂਤਰਾਂ ਮੁਤਾਬਕ ਪੱਤਰਕਾਰਾਂ ਕੋਲੋਂ 25 ਦੇ ਕਰੀਬ ਸੁਆਲ ਪੁੱਛੇ ਗਏ। ਇਕ ਸੂਤਰ ਨੇ ਕਿਹਾ ਕਿ ਇਹ ਸਵਾਲ ਵਿਦੇਸ਼ ਯਾਤਰਾ, ਸ਼ਾਹੀਨ ਬਾਗ਼ ਵਿੱਚ ਨਾਗਰਿਕਤਾ ਸੋਧ ਐਕਟ ਖਿਲਾਫ਼ ਮੁਜ਼ਾਹਰੇ, ਕਿਸਾਨਾਂ ਵੱਲੋਂ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਕੀਤੇ ਪ੍ਰਦਰਸ਼ਨ ਤੇ ਹੋਰ ਮਸਲਿਆਂ ਨਾਲ ਸਬੰਧਤ ਸਨ। ਸੂਤਰਾਂ ਨੇ ਕਿਹਾ ਕਿ ਪੁੱਛ-ਪੜਤਾਲ ਦੌਰਾਨ ਪੱਤਰਕਾਰਾਂ ਨੂੰ ਏ, ਬੀ ਤੇ ਸੀ- ਤਿੰਨ ਵਰਗਾਂ ਵਿਚ ਵੰਡਿਆ ਗਿਆ ਸੀ।

ਇਸ ਤੋਂ ਪਹਿਲਾਂ ਅੱਜ ਦਿਨੇਂ ਨਿਊਜ਼ ਪੋਰਟਲ ਦੇ ਬਾਨੀ ਤੇ ਮੁੱਖ ਸੰਪਾਦਕ ਪ੍ਰਬੀਰ ਪੁਰਕਾਇਸਥ ਨੂੰ ਨਿਊਜ਼ਕਲਿਕ ਦੇ ਦੱਖਣੀ ਦਿੱਲੀ ਵਿਚਲੇ ਦਫ਼ਤਰ ਲਿਜਾਇਆ ਗਿਆ। ਫੌਰੈਂਸਿਕ ਦੀ ਇਕ ਟੀਮ ਵੀ ਦਫਤਰ ਵਿਚ ਮੌਜੂਦ ਸੀ। ਉਰਮਿਲੇਸ਼ ਤੇ ਚੱਕਰਵਰਤੀ ਛੇ ਘੰਟਿਆਂ ਦੀ ਪੁੱਛ-ਪੜਤਾਲ ਤੋਂ ਬਾਅਦ ਲੋਧੀ ਰੋਡ ਸਥਿਤ ਸਪੈਸ਼ਲ ਸੈੱਲ ਦੇ ਦਫ਼ਤਰ 'ਚੋਂ ਬਾਹਰ ਆਏ। ਉਨ੍ਹਾਂ ਬਾਹਰ ਖੜ੍ਹੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦੇਣ ਤੋਂ ਟਾਲਾ ਵੱਟਿਆ। ਉਰਮਿਲੇਸ਼ ਨੇ ਇਲੈਕਟ੍ਰਾਨਿਕ ਮੀਡੀਆ ਦੇ ਪੱਤਰਕਾਰਾਂ ਨੂੰ ਇੰਨਾ ਹੀ ਕਿਹਾ, "ਮੈਂ ਕੁਝ ਨਹੀਂ ਕਹਾਂਗਾ।" ਇਸ ਤੋਂ ਪਹਿਲਾਂ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨਿਊਜ਼ ਪੋਰਟਲ ਦੇ ਫੰਡਿੰਗ ਦੇ ਵਸੀਲਿਆ ਦੀ ਜਾਂਚ ਲਈ ਫਰਮ ਦੇ ਟਿਕਾਣਿਆਂ 'ਤੇ ਛਾਪੇ ਮਾਰ ਚੁੱਕਾ ਹੈ। ਅਧਿਕਾਰੀਆਂ ਨੇ ਕਿਹਾ ਕਿ ਸਪੈਸ਼ਲ ਸੈੱਲ ਹੁਣ ਕੇਂਦਰੀ ਏਜੰਸੀ ਵੱਲੋਂ ਮੁਹੱਈਆ ਜਾਣਕਾਰੀ ਦੇ ਆਧਾਰ 'ਤੇ ਛਾਪਿਆਂ ਦੇ ਅਮਲ ਨੂੰ ਜਾਰੀ ਰੱਖ ਰਿਹਾ ਹੈ। ਉਨ੍ਹਾਂ ਕਿਹਾ ਕਿ ਸਪੈਸ਼ਲ ਸੈੱਲ ਨੇ ਅਤਵਿਾਦ ਵਿਰੋਧੀ ਕਾਨੂੰਨ, ਯੂਏਪੀਏ ਤਹਿਤ ਨਵਾਂ ਕੇਸ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਹੈ। ਇਸ ਪੂਰੇ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਅਧਿਕਾਰੀਆਂ ਨੇ ਕਿਹਾ ਕਿ ਪੁਲੀਸ ਨੇ ਛਾਪਿਆਂ ਦੌਰਾਨ ਨਿਊਜ਼ਕਲਿੱਕ ਦੇ ਪੱਤਰਕਾਰਾਂ ਨਾਲ ਸਬੰਧਤ ਲੈਪਟਾਪ ਤੇ ਮੋਬਾਈਲ ਫੋਨ ਕਬਜ਼ੇ ਵਿਚ ਲਏ ਹਨ। ਸਪੈਸ਼ਲ ਸੈੱਲ ਦੀ ਟੀਮ ਪੱਤਰਕਾਰ ਅਭਿਸ਼ਾਰ ਸ਼ਰਮਾ ਨੂੰ ਉਨ੍ਹਾਂ ਦੀ ਨੌਇਡਾ ਐਕਸਟੈਨਸ਼ਨ ਵਿਚਲੀ ਰਿਹਾਇਸ਼ 'ਤੇ ਮਾਰੇ ਛਾਪੇ ਮਗਰੋਂ ਪੁੱਛ-ਪੜਤਾਲ ਲਈ ਆਪਣੇ ਨਾਲ ਲੈ ਗਈ। ਟੀਮ ਨੇ ਪੱਤਰਕਾਰ ਦੀ ਰਿਹਾਇਸ਼ ਤੋਂ ਮੋਬਾਈਲ ਫੋਨ ਤੇ ਲੈਪਟਾਪ ਜਿਹੇ ਗੈਜੇਟਸ ਕਬਜ਼ੇ ਵਿਚ ਲੈ ਲਏ।

ਦਿੱਲੀ ਪੁਲੀਸ ਵਿਚਲੇ ਸੂਤਰਾਂ ਨੇ ਕਿਹਾ ਕਿ ਛਾਪਿਆਂ, ਜੋ ਮੰਗਲਵਾਰ ਵੱਡੇ ਸਵੇਰੇ ਸ਼ੁਰੂ ਹੋ ਗਏ ਸਨ, ਦਾ ਆਧਾਰ ਅਗਸਤ ਵਿਚ ਯੂਏਪੀਏ ਤੇ ਆਈਪੀਸੀ ਦੀਆਂ ਹੋਰ ਧਾਰਾਵਾਂ, ਜਿਨ੍ਹਾਂ ਵਿੱਚ ਧਾਰਾ 153ਏ (ਜੋ ਧਿਰਾਂ 'ਚ ਦੁਸ਼ਮਣੀ ਦਾ ਪ੍ਰਚਾਰ ਪਾਸਾਰ) ਤੇ 120ਬੀ (ਅਪਰਾਧਿਕ ਸਾਜ਼ਿਸ਼) ਵੀ ਸ਼ਾਮਲ ਹਨ, ਤਹਿਤ ਦਰਜ ਕੇਸ ਹੈ। ਪੱਤਰਕਾਰ ਅਭਿਸ਼ਾਰ ਸ਼ਰਮਾ ਨੇ ਪੁਲੀਸ ਵੱਲੋਂ ਹਿਰਾਸਤ ਵਿਚ ਲਏ ਜਾਣ ਤੋਂ ਪਹਿਲਾਂ ਐਕਸ 'ਤੇ ਇਕ ਪੋਸਟ ਵਿੱਚ ਲਿਖਿਆ, "ਦਿੱਲੀ ਪੁਲੀਸ ਨੇ ਮੇਰੇ ਘਰ ਵਿਚ ਦਸਤਕ ਦਿੱਤੀ ਹੈ। ਮੇਰਾ ਲੈਪਟੌਪ ਤੇ ਫੋਨ ਲੈ ਲਿਆ ਗਿਆ ਹੈ।" ਇਕ ਹੋਰ ਪੱਤਰਕਾਰ ਭਾਸ਼ਾ ਸਿੰਘ ਨੇ ਵੀ ਐਕਸ 'ਤੇ ਲਿਖਿਆ, "ਆਖਿਰ ਨੂੰ ਇਸ ਫੋਨ ਤੋਂ ਆਖਰੀ ਟਵੀਟ। ਦਿੱਲੀ ਪੁਲਿਸ ਨੇ ਮੇਰਾ ਫੋਨ ਕਬਜ਼ੇ ਵਿੱਚ ਲੈ ਲਿਆ।" ਜਿਨ੍ਹਾਂ ਹੋਰ ਪੱਤਰਕਾਰਾਂ ਦੇ ਟਿਕਾਣਿਆਂ 'ਤੇ ਛਾਪੇ ਮਾਰੇ ਗਏ, ਉਨ੍ਹਾਂ ਵਿਚ ਇਤਿਹਾਸਕਾਰ ਸੋਹੇਲ ਹਾਸ਼ਮੀ ਵੀ ਸ਼ਾਮਲ ਹਨ। ਉਨ੍ਹਾਂ ਦੀ ਭੈਣ ਸ਼ਬਨਮ ਹਾਸ਼ਮੀ ਨੇ ਐਕਸ 'ਤੇ ਇਕ ਪੋਸਟ ਵਿੱਚ ਲਿਖਿਆ, "ਅੱਜ ਸਵੇਰੇ 6 ਵਜੇ ਦਿੱਲੀ ਪੁਲੀਸ ਨੇ ਸੋਹੇਲ ਹਾਸ਼ਮੀ ਦੀ ਰਿਹਾਇਸ਼ 'ਤੇ ਛਾਪਾ ਮਾਰਿਆ। ਛੇ ਲੋਕ ਘਰ ਤੇ ਬੈੱਡਰੂਮ ਵਿਚ ਘੁਸ ਆਏ।" ਸ਼ਬਨਮ ਨੇ ਦਾਅਵਾ ਕੀਤਾ ਕਿ ਟੀਮ ਨੇ ਸੋਹੇਲ ਕੋਲੋਂ ਦੋ ਘੰਟੇ ਦੇ ਕਰੀਬ ਪੁੱਛ-ਪੜਤਾਲ ਕੀਤੀ ਤੇ ਉਸ ਦਾ ਕੰਪਿਊਟਰ, ਫੋਨ, ਹਾਰਡ ਡਿਸਕ ਤੇ ਫਲੈਸ਼ ਡਰਾਈਵਜ਼ ਕਬਜ਼ੇ ਵਿਚ ਲੈ ਲਈਆਂ।

## ਪ੍ਰੈੱਸ ਦੀ 'ਜ਼ੁਬਾਨਬੰਦੀ' ਦਾ ਯਤਨ: ਐਡੀਟਰਜ਼ ਗਿਲਡ

ਨਵੀਂ ਦਿੱਲੀ: ਭਾਰਤੀ ਐਡੀਟਰਜ਼ ਗਿਲਡ (ਈਜੀਆਈ) ਸਣੇ ਵੱਖ-ਵੱਖ ਜਥੇਬੰਦੀਆਂ ਨੇ ਵੀ ਨਿਊਜ਼ ਪੋਰਟਲ ਤੇ ਇਸ ਦੇ ਪੱਤਰਕਾਰਾਂ 'ਤੇ ਛਾਪਿਆਂ ਲਈ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਹੈ। ਗਿਲਡ ਨੇ ਦਾਅਵਾ ਕੀਤਾ ਕਿ ਇਹ ਪ੍ਰੈੱਸ ਦੀ 'ਜ਼ੁਬਾਨਬੰਦੀ' ਦਾ ਯਤਨ ਹੈ। ਗਿਲਡ ਨੇ ਕਿਹਾ, "ਅਸੀਂ ਸਰਕਾਰ ਨੂੰ ਜਮਹੂਰੀ ਪ੍ਰਬੰਧ ਵਿੱਚ ਸੁਤੰਤਰ ਮੀਡੀਆ ਦੀ ਅਹਿਮੀਅਤ ਬਾਰੇ ਯਾਦ ਕਰਵਾਉਣਾ ਚਾਹੁੰਦੇ ਹਾਂ, ਅਤੇ ਅਪੀਲ ਕਰਦੇ ਹਾਂ ਕਿ ਉਹ ਚੌਥੇ ਸਤੰਭ ਦਾ ਸਤਿਕਾਰ, ਪਾਲਣ-ਪੋਸ਼ਣ ਤੇ ਸੁਰੱਖਿਆ ਯਕੀਨੀ ਬਣਾਏ।" ਗਿਲਡ ਨੇ ਕਿਹਾ, "ਜੇਕਰ ਅਪਰਾਧ ਕੀਤਾ ਗਿਆ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਕਾਨੂੰਨ ਮੁਤਾਬਕ ਕਾਰਵਾਈ ਹੋਵੇ, ਪਰ ਇਸ ਲਈ ਬਣਦੇ ਅਮਲ ਦੀ ਪਾਲਣਾ ਯਕੀਨੀ ਬਣਾਈ ਜਾਵੇ। ਸਖ਼ਤ ਕਾਨੂੰਨਾਂ ਦੀ ਆੜ ਹੇਠ ਕੁਝ ਵਿਸ਼ੇਸ਼ ਅਪਰਾਧਾਂ ਦੀ ਜਾਂਚ ਦੌਰਾਨ ਡਰਾਉਣ ਧਮਕਾਉਣ ਵਾਲਾ ਮਾਹੌਲ ਨਾ ਸਿਰਜਿਆ ਜਾਵੇ, ਜੋ ਪ੍ਰਗਟਾਵੇ ਦੀ ਆਜ਼ਾਦੀ ਅਤੇ ਅਸਹਿਮਤੀ ਅਤੇ ਆਲੋਚਨਾਤਮਕ ਆਵਾਜ਼ਾਂ ਦੇ ਉਭਾਰ ਨੂੰ ਰੋਕੇ।" ਉਧਰ ਪ੍ਰੈੱਸ ਕਲੱਬ ਆਫ਼ ਇੰਡੀਆ ਨੇ ਐਕਸ 'ਤੇ ਕਿਹਾ ਕਿ ਉਹ ਨਿਊਜ਼ ਪੋਰਟਲ ਤੇ ਇਸ ਨਾਲ ਜੁੜੇ ਪੱਤਰਕਾਰਾਂ ਤੇ ਲੇਖਕਾਂ ਦੇ ਘਰਾਂ 'ਤੇ ਛਾਪਿਆਂ ਤੋਂ ਵੱਡਾ ਫਿਕਰਮੰਦ ਹੈ। ਪੀਸੀਆਈ ਨੇ ਕਿਹਾ, "ਅਸੀਂ ਇਸ ਪੂਰੇ ਘਟਨਾਕ੍ਰਮ 'ਤੇ ਨਜ਼ਰ ਬਣਾਈ ਹੋਈ ਹੈ ਤੇ ਜਲਦੀ ਹੀ ਤਫ਼ਸੀਲੀ ਬਿਆਨ ਜਾਰੀ ਕਰਾਂਗੇ। ਉਧਰ ਇੰਡੀਅਨ ਵਿਮੈੱਨ ਪ੍ਰੈਸ ਕੋਰਪਸ (ਆਈਡਬਲਿਊਪੀਸੀ) ਨੇ ਕਿਹਾ ਕਿ ਸਰਕਾਰੀ ਏਜੰਸੀਆਂ ਨੂੰ ਮੀਡੀਆ ਕਰਮੀਆਂ ਨੂੰ 'ਤੰਗ ਪ੍ਰੇਸ਼ਾਨ' ਕਰਨ ਤੋਂ ਰੋਕਿਆ ਜਾਣਾ ਚਾਹੀਦਾ ਹੈ।

ਸਪੈਸ਼ਲ ਸੈੱਲ ਦਫ਼ਤਰ ਦੇ ਬਾਹਰ ਉਡੀਕ ਕਰ ਰਹੇ ਐਡਵੋਕੇਟ ਗੌਰਵ ਯਾਦਵ, ਜੋ ਨਿਊਜ਼ਕਲਿੱਕ ਦੇ ਪੱਤਰਕਾਰ ਉਰਮਿਲੇਸ਼ ਦੇ ਵਕੀਲ ਹਨ, ਨੇ ਕਿਹਾ, "ਸਾਨੂੰ ਨਾ ਹੀ ਕੋਈ ਦਸਤਾਵੇਜ਼ ਮੁਹੱਈਆ ਕਰਵਾਏ ਗਏ ਹਨ ਤੇ ਨਾ ਹੀ ਐੱਫਆਈਆਰ ਦੀ ਕਾਪੀ।" ਦਿੱਲੀ ਹਾਈਕੋਰਟ ਵਿਦੇਸ਼ਾਂ ਤੋਂ ਗੈਰਕਾਨੂੰਨੀ ਰੂਪ ਵਿੱਚ ਹੁੰਦੀ ਫੰਡਿੰਗ ਨਾਲ ਸਬੰਧਤ ਕੇਸ ਵਿਚ ਗ੍ਰਿਫ਼ਤਾਰੀ ਤੋਂ ਅੰਤਰਿਮ ਰਾਹਤ ਦੇ ਹੁਕਮਾਂ ਨੂੰ ਵਾਪਸ ਲੈਣ ਦੀ ਦਿੱਲੀ ਪੁਲਿਸ ਦੀ ਮੰਗ 'ਤੇ ਪੁਰਕਾਇਸਥ ਨੂੰ ਪਿਛਲੇ ਮਹੀਨੇ ਆਪਣਾ ਪੱਖ ਰੱਖਣ ਲਈ ਕਿਹਾ ਸੀ। ਚੇਤੇ ਰਹੇ ਕਿ ਵੈੱਬਸਾਈਟ ਨਿਊਜ਼ਕਲਿੱਕ ਭਾਰਤ ਵਿੱਚ ਚੀਨ ਪੱਖੀ ਪ੍ਰਾਪੇਗੰਡੇ ਲਈ ਅਮਰੀਕੀ ਕਰੋੜਪਤੀ ਨੈਵਿਲੇ ਰੌਏ ਸਿੰਘਮ ਕੋਲੋਂ ਕਥਿਤ ਮਿਲੀ ਰਾਸ਼ੀ ਨੂੰ ਲੈ ਕੇ ਸੁਰਖੀਆਂ ਵਿਚ ਆਈ ਸੀ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਹਾਲ ਹੀ ਵਿੱਚ 'ਦਿ ਨਿਊ ਯਾਰਕ ਟਾਈਮਜ਼' ਦੀ ਜਾਂਚ ਦੇ ਹਵਾਲੇ ਨਾਲ ਦਾਅਵਾ ਕੀਤਾ ਸੀ ਕਿ ਨਿਊਜ਼ਕਲਿੱਕ ਦੇ ਪੈਸਿਆਂ ਦੇ ਲੈਣ-ਦੇਣ ਤੋਂ ਇਸ ਦੇ 'ਭਾਰਤ ਵਿਰੋਧੀ ਏਜੰਡੇ' ਦਾ ਖੁਲਾਸਾ ਹੋਇਆ ਹੈ।

# ਦਿੱਲੀ ਸ਼ਰਾਬ ਨੀਤੀ ਮਾਮਲੇ 'ਚ ਈਡੀ ਨੇ ਆਪ ਨੇਤਾ ਸੰਜੈ ਸਿੰਘ ਦੇ ਟਿਕਾਣਿਆਂ 'ਤੇ ਛਾਪੇ ਮਾਰੇ

ਨਵੀਂ ਦਿੱਲੀ : ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਅੱਜ ਸਵੇਰੇ ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਸੰਜੈ ਸਿੰਘ ਦੇ ਘਰ ਛਾਪਾ ਮਾਰਿਆ। ਅਧਿਕਾਰੀਆਂ ਨੇ ਦੱਸਿਆ ਕਿ ਇਸ ਮਾਮਲੇ ਦੇ ਸਿਲਸਿਲੇ 'ਚ ਕੁਝ ਹੋਰ ਲੋਕਾਂ ਦੇ ਟਿਕਾਣਿਆਂ 'ਤੇ ਵੀ ਛਾਪੇਮਾਰੀ ਕੀਤੀ ਗਈ। ਸੰਜੈ ਸਿੰਘ (51) 'ਆਪ' ਦੇ ਰਾਜ ਸਭਾ ਮੈਂਬਰ ਹਨ। ਈਡੀ ਨੇ ਇਸ ਮਾਮਲੇ ਵਿੱਚ ਪਹਿਲਾਂ ਉਨ੍ਹਾਂ ਦੇ ਸਟਾਫ਼ ਅਤੇ ਉਨ੍ਹਾਂ ਨਾਲ ਜੁੜੇ ਹੋਰ ਲੋਕਾਂ ਤੋਂ ਪੁੱਛ ਪੜਤਾਲ ਕੀਤੀ ਸੀ। ਦੋਸ਼ ਹੈ ਕਿ ਸ਼ਰਾਬ ਦੇ ਵਪਾਰੀਆਂ ਨੂੰ ਲਾਇਸੈਂਸ ਦੇਣ ਲਈ 2021-22 ਲਈ ਦਿੱਲੀ ਸਰਕਾਰ ਦੀ ਆਬਕਾਰੀ ਨੀਤੀ ਨੇ ਧੜੇਬੰਦੀ ਨੂੰ ਉਤਸ਼ਾਹਿਤ ਕੀਤਾ ਅਤੇ ਕੁਝ ਡੀਲਰਾਂ ਨੂੰ




ਫਾਇਦਾ ਪਹੁੰਚਾਇਆ, ਜਿਸ ਲਈ ਕਥਿਤ ਤੌਰ 'ਤੇ ਰਿਸ਼ਵਤ ਦਿੱਤੀ। 'ਆਪ' ਨੇ ਇਸ ਦੋਸ਼ ਤੋਂ ਇਨਕਾਰ ਕੀਤਾ ਹੈ।

## ਪੰਜਾਬ ਅਤੇ ਭਾਰਤ 'ਚ ਗ੍ਰਿਫਤਾਰੀਆਂ ਦਾ ਦੌਰ

# ਪੰਜਾਬ ਵਿੱਚ ਸਿੱਖਾਂ ਦੀ ਅਵਾਜ਼ ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਇੱਕ ਵਾਰ ਮੁੜ ਜੇਲ੍ਹ ਭੇਜਿਆ

ਫਾਜ਼ਿਲਕਾ/ਜਲਾਲਾਬਾਦ : ਪੰਜਾਬ ਵਿੱਚ ਸਿੱਖਾਂ ਦੀ ਅਵਾਜ਼ ਸਰਦਾਰ ਸਖਪਾਲ ਸਿੰਘ ਖਹਿਰਾ ਨੂੰ ਇੱਕ ਵਾਰ ਮੁੜ ਜੇਲ੍ਹ ਭੇਜਿਆ ਅਤੇ ਆਪ ਦੇ ਸੁਪਰੀਮੋ ਦਿੱਲੀ ਦੇ ਮੁੱਖ ਮੰਤਰੀ ਨੇ ਪੰਜਾਬ ਚ ਆਣਕੇ ਕਿਹਾ ਕੀ ਇੱਕ ਬਹੁਤ ਵੱਡਾ ਡਰਗ ਤੱਸਕਰ ਫੜ ਲਿਆ ਹਲਕਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਦੋ ਦਿਨ ਦਾ ਪੁਲਿਸ ਰਿਮਾਂਡ ਖ਼ਤਮ ਹੋਣ ਮਗਰੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਖਹਿਰਾ ਨੂੰ ਸ਼ਾਮ ਲਗਪਗ ਚਾਰ ਵਜੇ ਜੱਜ ਰਾਮਪਾਲ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਖਹਿਰਾ ਨੂੰ ਸ੍ਰੀ ਮੁਕਤਸਰ ਸਾਹਿਬ ਦੀ ਜੇਲ੍ਹ ਭੇਜਣ ਦਾ ਹੁਕਮ ਦੇ ਦਿੱਤਾ। ਇਸ ਦੌਰਾਨ ਕਾਂਗਰਸੀ ਵਿਧਾਇਕ ਨੇ ਅਦਾਲਤ ਨੂੰ ਗੈਂਗਸਟਰਾਂ ਤੋਂ ਆਪਣੀ ਜਾਨ ਨੂੰ ਖਤਰਾ ਦੱਸਦਿਆਂ ਸੁਰੱਖਿਆ ਦੇਣ ਦੀ ਅਪੀਲ ਕੀਤੀ। ਇਸ ਤੋਂ ਪਹਿਲਾਂ ਖਹਿਰਾ ਦੀ ਪੇਸ਼ੀ ਨੂੰ ਲੈ ਕੇ ਤਹਿਸੀਲ ਕੰਪਲੈਕਸ ਨੂੰ ਪੁਲੀਸ ਛਾਉਣੀ ਵਿੱਚ ਤਬਦੀਲ ਕਰ ਦਿੱਤਾ



ਗਿਆ। ਅਦਾਲਤ ਦੇ ਬਾਹਰ ਕਾਂਗਰਸੀ ਵਰਕਰਾਂ, ਕਿਸਾਨਾਂ, ਵੱਖ-ਵੱਖ ਸਮਾਜਿਕ ਅਤੇ ਰਾਜਸੀ ਜਥੇਬੰਦੀਆਂ ਨੇ ਖਹਿਰਾ ਦੇ ਹੱਕ ਵਿੱਚ ਇਕੱਠ ਕੀਤਾ ਅਤੇ ਸਰਕਾਰ ਦੀ ਇਸ ਕਾਰਵਾਈ ਨੂੰ ਨਾਜਾਇਜ਼ ਠਹਿਰਾਇਆ। ਅਦਾਲਤ ਦੇ ਬਾਹਰ ਲੱਖਾ ਸਿਧਾਣਾ ਵੀ ਖਹਿਰਾ ਦੇ ਹੱਕ 'ਚ ਬੋਲਦਾ ਨਜ਼ਰ ਆਇਆ। ਪੁਲਿਸ ਨੇ ਮੀਡੀਆ ਤੇ ਲੋਕਾਂ ਦੇ ਇਕੱਠ ਨੂੰ ਵੇਖਦਿਆਂ ਖਹਿਰਾ ਨੂੰ ਅਦਾਲਤ 'ਚ ਪਿਛਲੇ ਗੇਟ ਰਾਹੀਂ ਪੇਸ਼ ਕੀਤਾ। ਇਸ ਮੌਕੇ ਤਹਿਸੀਲ ਕੰਪਲੈਕਸ 'ਚ ਸਾਬਕਾ ਖੇਡ ਮੰਤਰੀ ਪਰਗਟ ਸਿੰਘ, ਕੁਲਬੀਰ ਸਿੰਘ ਜ਼ੀਰਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸ਼ੇਰ ਸਿੰਘ ਘੁਬਾਇਆ, ਦਵਿੰਦਰ ਸਿੰਘ ਘੁਬਾਇਆ, ਰਿੰਪਲ ਮਿੱਢਾ, ਸੁਖਵਿੰਦਰ ਸਿੰਘ ਕੋਟਲੀ ਤੇ ਹੋਰ ਹਾਜ਼ਰ ਸਨ।

# ਸਿੱਖ ਕਾਕਸ ਕਮੇਟੀ ਦੇ ਸਹਿਯੋਗ ਨਾਲ ਅਮਰੀਕੀ ਪ੍ਰਤੀਨਿਧੀ ਸਭਾ ਦੀ ਕਾਰਵਾਈ ਅਰਦਾਸ ਨਾਲ ਸ਼ੁਰੂ

## ਅਮਰੀਕਾ ਵਲੋਂ ਸਿੱਖਾਂ ਦੀ ਹਰ ਸੰਭਵ ਮਦਦ ਦਾ ਭਰੋਸਾ : ਡਾ. ਪ੍ਰਿਤਪਾਲ ਸਿੰਘ









ਵਾਸ਼ਿੰਗਟਨ : ਅਮਰੀਕਾ ਵਿੱਚ ਸਿੱਖਾਂ ਦੇ ਮਸਲੇ ਚੁੱਕਣ ਵਾਲੀ ਅਤੇ ਘੱਟਗਿਣਤੀਆ ਦੀ ਅਵਾਜ਼ ਸਿੱਖ ਕਾਕਸ ਕਮੇਟੀ ਦੇ ਸਹਿਯੋਗ ਨਾਲ ਅਮਰੀਕਾ ਦੇ ਇਤਿਹਾਸ ਵਿੱਚ ਨਿਊਜਰਸੀ ਦੇ ਇਕ ਸਿੱਖ ਗ੍ਰੰਥੀ ਨੇ ਹਾਊਸ ਆਫ ਰਿਪ੍ਰਜ਼ੈਂਟੇਟਿਵ ਦੀ ਕਾਰਵਾਈ ਸ਼ੁਰੂ ਕਰਨ ਲਈ ਅਰਦਾਸ ਕੀਤੀ, ਜੋ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। ਨਿਊਜਰਸੀ ਦੇ ਪਾਈਨ ਹਿੱਲ ਗੁਰਦੁਆਰੇ ਦੇ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਸ਼ੁੱਕਰਵਾਰ ਨੂੰ ਸਦਨ ਵਿੱਚ ਅਰਦਾਸ ਕਰਕੇ ਦਿਨ ਦੀ ਕਾਰਵਾਈ ਸ਼ੁਰੂ ਕੀਤੀ। ਆਮ ਤੌਰ 'ਤੇ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਇੱਕ ਪਾਦਰੀ ਪ੍ਰਾਰਥਨਾ ਕਰਦਾ ਹੈ। ਸਦਨ ਦੇ ਸਪੀਕਰ ਕੇਵਿਨ ਮੈਕਕਾਰਥੀ ਨੇ ਐਲਾਨ ਕੀਤਾ ਕਿ ਸਿੰਘ ਕਾਰਵਾਈ ਸ਼ੁਰੂ ਕਰਨਗੇ। ਅਰਦਾਸ ਤੋਂ ਤੁਰੰਤ ਬਾਅਦ ਕਾਂਗਰਸਮੈਨ ਡੋਨਾਲਡ ਨੌਰਕਰੌਸ ਨੇ ਇਸ ਨੂੰ ਇਤਿਹਾਸਕ ਮੌਕਾ ਦੱਸਿਆ। ਸਿੰਘ ਅਮਰੀਕਾ ਦੇ ਪ੍ਰਤੀਨਿਧੀ ਸਭਾ (ਸੰਸਦ ਦੇ ਹੇਠਲੇ ਸਦਨ) ਵਿੱਚ ਅਰਦਾਸ ਕਰਨ ਵਾਲੇ ਪਹਿਲੇ ਸਿੱਖ ਗ੍ਰੰਥੀ ਹਨ। ਨੌਰਕਰੌਸ ਨੇ ਕਿਹਾ, 'ਅੱਜ ਰਚਿਆ ਗਿਆ ਇਤਿਹਾਸ ਇਹ ਯਾਦ ਦਿਵਾਉਂਦਾ ਹੈ ਕਿ ਅਮਰੀਕਾ ਧਰਮ ਦੇ ਸੁਤੰਤਰ ਪ੍ਰਗਟਾਵੇ ਦਾ ਸੁਆਗਤ ਕਰਦਾ ਹੈ ਅਤੇ ਉਸ ਨੂੰ ਅਹਿਮੀਅਤ ਦਿੰਦਾ ਹੈ ਅਤੇ ਹਮੇਸ਼ਾ ਇਸ ਲਈ ਵਚਨਬੱਧ ਰਹੇਗਾ। ਗਿਆਨੀ ਸਿੰਘ ਨੇ ਅੱਜ ਸਾਊਥ ਜਰਸੀ ਨੂੰ ਮਾਣ ਮਹਿਸੂਸ ਕਰਾਇਆ ਹੈ ਅਤੇ ਉਨ੍ਹਾਂ ਨਾਲ ਇਸ ਪਲ ਦਾ ਹਿੱਸਾ ਬਣਨਾ ਮਾਣ ਵਾਲੀ ਗੱਲ ਹੈ। ਇਥੇ ਇਹ ਜ਼ਿਕਰਯੋਗ ਹੈ ਕੀ ਇਹ ਕਾਰਵਾਈ ਸਿੱਖ ਕਾਕਸ ਕਮੇਟੀ ਦੇ ਸੀਨੀਅਰ ਆਗੂ ਜਿਨ੍ਹਾਂ ਵਿੱਚ ਭਾਈ ਹਰਜਿੰਦਰ ਸਿੰਘ ਅਤੇ ਭਾਈ ਜੁਗਰਾਜ ਸਿੰਘ ਜੀ ਸ਼ਾਮਲ ਹਨ, ਦਾ ਅਹਿਮ ਰੋਲ ਸੀ ਇਸ ਸਮੇਂ ਅਮਰੀਕਾ ਦੀ ਪਾਵਰਫੁੱਲ ਕਾਂਗਰਸ ਵੂਮੈਨ Congresswoman Mary Gay Scanlon ਨੇ ਅੱਜ ਦੀ ਇਸ ਅਰਦਾਸ ਨੂੰ ਇਤਿਹਾਸਕ ਦੱਸਿਆ ਅਤੇ ਆਏ ਸਭ ਸਿੱਖ ਆਗੂਆਂ ਅਤੇ ਭਾਈ ਸਾਹਿਬ ਹੈਡ ਗ੍ਰੰਥੀ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਉਪਰੰਤ ਅਮਰੀਕਾ ਦੇ ਉਘੇ ਸਿੱਖ ਆਗੂ ਸਿੱਖ ਕਾਕਸ ਕਮੇਟੀ ਦੇ ਕੁਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਨੇ ਸਮੂਹ ਕਾਂਗਰਸਮੈਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮਾਣਯੋਗ ਮੈਂਬਰਾਂ ਨੇ ਕਿਹਾ ਕਿ ਸਿੱਖਾਂ ਦੇ ਹੱਕ 'ਚ ਅਵਾਜ਼ ਉਠਾਉਣ ਵਾਲਿਆਂ ਦੀ ਰੱਖਿਆ ਲਈ ਅਮਰੀਕਾ ਵਚਨਵੱਧ ਹੈ। ਇਥੇ ਹਰ ਇੱਕ ਨੂੰ ਵਿਚਾਰਾਂ ਦੀ ਅਜ਼ਾਦੀ ਹੈ ਅਤੇ ਹਿੰਸਾ ਲਈ ਕੋਈ ਥਾਂ ਨਹੀਂ ਚਾਹੇ ਉਹ ਕਿਸੇ ਵਲੋਂ ਵੀ ਹੋਵੇ ਡਾਕਟਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਅਸੀਂ ਧੰਨਵਾਦ ਕਰਦੇ ਹਾ ਜਿਨ੍ਹਾਂ ਸਾਨੂੰ ਘਰ ਆ ਕੇ ਖਬਰਦਾਰ ਕੀਤਾ ਕਿ ਅਮਰੀਕਾ 'ਚ ਤੁਹਾਡੀ ਅਤੇ ਹੋਰ ਸਿੱਖ ਆਗੂਆਂ ਦੀ ਜਾਨ ਨੂੰ ਖਤਰਾ ਹੈ। ਤੁਸੀ ਹਮੇਸ਼ਾ ਸਾਵਧਾਨ ਰਹਿਣਾ ਹੈ ਪਰ ਉਨ੍ਹਾਂ ਭਰੋਸਾ ਦਿੱਤਾ ਕਿ ਅਸੀਂ ਹਰ ਸਮੇਂ ਤੁਹਡੀ ਸੁਰੱਖਿਆ ਲਈ ਵਚਨਬੱਧ ਹਾਂ। ਉਨ੍ਹਾਂ ਸਮੂਹ ਕਾਕਸ ਕਮੇਟੀ ਵਲੋਂ ਅਮਰੀਕਾ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।







# ਪੰਜਾਬ ਵਾਲੇ ਪਾਸੇ ਐਸ.ਵਾਈ.ਐਲ. ਦੀ ਮੌਜੂਦਾ ਸਥਿਤੀ ਦਾ ਸਰਵੇਖਣ ਕਰੇ ਕੇਂਦਰ : ਸੁਪਰੀਮ ਕੋਰਟ ਸਖ਼ਤ ਆਦੇਸ਼

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਵਿਚਾਲੇ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਵਿਵਾਦ ’ਤੇ ਅੱਜ ਪੰਜਾਬ ਸਰਕਾਰ ਨੂੰ ਖਿਚਾਈ ਕੀਤੀ। ਅੱਜ ਸੁਣਵਾਈ ’ਚ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਉਹ ਇਸ ਮਸਲੇ ’ਤੇ ਰਾਜਨੀਤੀ ਨਾ ਕਰੇ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਇਸ ਮਾਮਲੇ ਵਿੱਚ ਅੱਗੇ ਵਧਣ ਦਾ ਹੁਕਮ ਦਿੱਤਾ। ਜਸਟਿਸ ਸੰਜੈ ਕਿਸ਼ਨ ਕੌਲ ਦੀ ਅਗਵਾਈ ਹੇਠਲੇ ਤਿੰਨ ਮੈਂਬਰੀ ਬੈਂਚ ਨੇ ਕਿਹਾ ਕਿ ਜੇ ਸੁਪਰੀਮ ਕੋਰਟ ਕਿਸੇ ਹੱਲ ਵੱਲ ਵਧ ਰਹੀ ਹੈ ਤਾਂ ਪੰਜਾਬ ਸਰਕਾਰ ਨੂੰ ਵੀ ਉਸਾਰੂ ਰਵੱਈਆ ਦਿਖਾਉਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਹੋਏ ਘਟਨਾਕ੍ਰਮ ਬਾਰੇ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ। ਮਾਮਲੇ ਦੀ ਅਗਲੀ ਸੁਣਵਾਈ ਹੁਣ ਜਨਵਰੀ 2024





ਵਿੱਚ ਹੋਵੇਗੀ। ਹਰਿਆਣਾ ਸਰਕਾਰ ਨੇ ਸੁਣਵਾਈ ਦੌਰਾਨ ਕਿਹਾ ਕਿ ਇਹ ਵਿਵਾਦ ਦੋ ਦਹਾਕਿਆਂ ਤੋਂ ਚੱਲ ਰਿਹਾ ਹੈ। ਪੰਜਾਬ ਸਰਕਾਰ ਇਸ ਸਮੱਸਿਆ ਦਾ ਹੱਲ ਨਹੀਂ ਚਾਹੁੰਦੀ। ਪਿਛਲੀਆਂ 2 ਮੀਟਿੰਗਾਂ ਵਿੱਚ ਕੋਈ ਹੱਲ ਨਹੀਂ ਨਿਕਲਿਆ। ਸੁਪਰੀਮ ਕੋਰਟ ਨੇ ਕੇਂਦਰ ਨੂੰ ਪੰਜਾਬ ਵਾਲੇ ਪਾਸੇ ਐੱਸਵਾਈਐੱਲ ਨਹਿਰ ਦੀ ਮੌਜੂਦਾ ਸਥਿਤੀ ਦਾ ਸਰਵੇਖਣ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਕਿਹਾ ਹੈ, ਜਿਸ ਵਿੱਚ ਇਹ ਦੇਖਿਆ ਜਾਣਾ ਹੈ ਕਿ ਇੱਥੇ ਕਿੰਨੀ ਜ਼ਮੀਨ ਹੈ ਅਤੇ ਕਿੰਨੀ ਨਹਿਰ ਬਣੀ ਹੈ। ਇਸ ਵਿੱਚ ਪੰਜਾਬ ਸਰਕਾਰ ਨੂੰ ਸਹਿਯੋਗ ਦੇਣਾ ਹੋਵੇਗਾ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਸਰਵੇਖਣ ਲਈ ਕੇਂਦਰ ਤੋਂ ਆਉਣ ਵਾਲੇ ਅਧਿਕਾਰੀਆਂ ਨੂੰ ਲੋੜੀਂਦੀ ਸੁਰੱਖਿਆ ਮੁਹੱਈਆ ਕਰਵਾਈ ਜਾਵੇ। ਸੁਪਰੀਮ ਕੋਰਟ ਨੇ ਕਿਹਾ ਕਿ ਹਰਿਆਣਾ ਵਿੱਚ ਐੱਸਵਾਈਐੱਲ ਨਹਿਰ ਬਣਾਉਣ ਦੀ ਪ੍ਰਕਿਰਿਆ ਲਗਪਗ ਪੂਰੀ ਹੋ ਚੁੱਕੀ ਹੈ। ਇਸ ਲਈ ਪੰਜਾਬ ਨੂੰ ਵੀ ਇਸ ਸਮੱਸਿਆ ਦਾ ਹੱਲ ਲੱਭਣ ਲਈ ਕੰਮ ਕਰਨਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਅਸੀਂ ਲੰਬੇ ਸਮੇਂ ਤੋਂ ਚੱਲ ਰਹੇ ਇਸ ਵਵਿਾਦ ਦਾ ਹੱਲ ਲੱਭਣ ਦੀ ਦਿਸ਼ਾ ‘ਚ ਕੰਮ ਕਰ ਰਹੇ ਹਾਂ। ਆਸ ਹੈ ਕਿ ਪੰਜਾਬ ਸਰਕਾਰ ਵੀ ਇਸ ਦਿਸ਼ਾ ‘ਚ ਕੰਮ ਕਰੇਗੀ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ ਪੰਜਾਬ ਵਿੱਚ ਐੱਸਵਾਈਐੱਲ ਨਹਿਰ ਦੇ ਨਿਰਮਾਣ ਦੀ ਮੌਜੂਦਾ ਸਥਿਤੀ ਬਾਰੇ ਵੀ ਰਿਪੋਰਟ ਮੰਗੀ ਹੈ।

## ਹੋਰ ਰਾਜਾਂ ਨੂੰ ਪਾਣੀ ਦੀ ਇਕ ਬੂੰਦ ਵੀ ਨਹੀਂ ਦਿੱਤੀ ਜਾ ਸਕਦੀ : ਮਲਵਿੰਦਰ ਕੰਗ

ਚੰਡੀਗੜ੍ਹ : ਯਮੁਨਾ ਲਿੰਕ ਨਹਿਰ (ਐਸਵਾਈਐਲ) ’ਤੇ ਸੁਪਰੀਮ ਦੀ ਟਿੱਪਣੀ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਇਸ ਮਾਮਲੇ ’ਤੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਪਾਰਟੀ ਨੇ ਕਿਹਾ ਕਿ ਐਸਵਾਈਐਲ ਬਾਰੇ ਪੰਜਾਬ ਸਰਕਾਰ ਹੋਰ ਰਾਜਾਂ ਨੂੰ ਵਾਧੂ ਪਾਣੀ ਦੀ ਇਕ ਬੂੰਦ ਵੀ ਦੇਣ ਦੀ ਸਥਿਤੀ ਵਿਚ ਨਹੀਂ ਹੈ। ‘ਆਪ’ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਵਿਚ ਪਾਣੀ ਦੀ ਸਥਿਤੀ ਹੁਣ 50 ਸਾਲ ਪਹਿਲਾਂ ਵਰਗੀ ਨਹੀਂ ਰਹੀ। ਅੱਜ ਪੰਜਾਬ ਖ਼ੁਦ ਪਾਣੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਹਾਲ ਹੀ ਵਿਚ ਉਤਰੀ ਜ਼ੋਨ ਕੌਂਸਲ ਦੀ ਮੀਟਿੰਗ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਪੰਜਾਬ ਹੋਰ ਰਾਜਾਂ ਨੂੰ ਵਾਧੂ ਪਾਣੀ ਨਹੀਂ ਦੇ ਸਕਦਾ। ਪਾਰਟੀ ਵਲੋਂ ਮਲਵਿੰਦਰ ਕੰਗ ਨੇ ਮੰਗ ਕੀਤੀ ਕਿ ਐਸ.ਵਾਈ.ਐਲ. ਅਤੇ ਪੰਜਾਬ ਵਿਚ ਪਾਣੀਆਂ ਦੀ ਸਿਥਤੀ ਜਾਣਨ ਲਈ ਟ੍ਰਿਬਿਊਲਲ ਦਾ ਗਠਨ ਕੀਤਾ ਜਾਵੇ। ਟ੍ਰਿਬਿਊਨਲ ਨੂੰ ਪੰਜਾਬ ਮਾਮਲੇ ਦਾ ਡੂੰਘਾਈ ਨਾਲ ਅਧਿਐਨ ਕਰਨਾ ਚਾਹੀਦਾ ਹੈ ਕਿ ਕੀ ਪੰਜਾਬ ਮੌਜੂਦਾ ਹਾਲਾਤ ਵਿਚ ਦੂਜੇ ਰਾਜਾਂ ਨੂੰ ਪਾਣੀ ਦੇਣ ਦੀ ਸਥਿਤੀ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਜ਼ਮੀਨ ਐਸਵਾਈਐਲ ਲਈ ਨੋਟੀਫਾਈ ਕੀਤੀ ਗਈ ਸੀ, ਉਸ ਨੂੰ ਵੀ ਹੁਣ ਡੀਨੋਟੀਫਾਈ ਕਰ ਦਿੱਤਾ ਗਿਆ ਹੈ। ਹੁਣ ਉਸ ਨੂੰ ਦੁਬਾਰਾ ਨੋਟੀਫਾਈਕਰਨ ਨਾਲ ਕਈ ਸਮੱਸਿਆਵਾਂ ਪੈਦਾ ਹੋ ਜਾਣਗੀਆਂ। ਇਸ ਲਈ



ਹੁਣ ਐਸਵਾਈਐਸ ਬਣਾਉਣਾ ਸੰਭਵ ਨਹੀਂ ਕਿਉਂਕਿ ਸਾਡੇ ਕੋਲ ਨਾ ਤਾਂ ਵਾਧੂ ਪਾਣੀ ਹੈ ਅਤੇ ਨਾ ਹੀ ਵਾਧੂ ਜ਼ਮੀਨ। ਅਸੀਂ ਇਸ ਮਾਮਲੇ ਨੂੰ ਕਾਨੂੰਨੀ ਤਰੀਕੇ ਨਾਲ ਅਦਾਲਤ ਦੇ ਸਾਹਮਣੇ ਰੱਖਾਂਗੇ ਅਤੇ ਕੇਂਦਰ ਸਰਕਾਰ ਅੱਗੇ ਵੀ ਉਠਾਵਾਂਗੇ।ਕੰਗ ਨੇ ਐਸਵਾਈਐਲ ਦੇ ਮੁੱਦੇ ’ਤੇ ਅਕਾਲੀ ਦਲ ਤੇ ਬਾਦਲ ਪਰਿਵਾਰ ਨੂੰ ਘੇਰਿਆ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਸਰਕਾਰ ਹੀ ਸੀ ਜਿਸ ਨੇ ਸਭ ਤੋਂ ਪਹਿਲਾਂ ਐਸਵਾਈਐਲ ਲਈ ਜ਼ਮੀਨ ਨੂੰ ਨੋਟੀਫਾਈ ਕੀਤਾ ਸੀ ਉਨ੍ਹਾਂ ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨਾਲ ਆਪਣੇ ਨਿੱਜੀ ਸਬੰਧਾਂ ਕਾਰਨ ਪੰਜਾਬ ਨੂੰ ਹਿੱਤਾਂ ਦੀ ਬਲੀ ਦਿੱਤੀ ਅਤੇ ਉਸ ਰਿਸ਼ਤੇ ਦਾ ਫਾਇਦਾ ਉਠਾ ਕੇ ਹਰਿਆਣਾ ਦੇ ਗੁੜਗਾਉਂ (ਗੁਰੂਗਰਾਮ) ਅਤੇ ਹੋਰ ਕਈ ਥਾਵਾਂ ’ਤੇ ਵੱਡੀਆਂ ਜਾਇਦਾਦਾਂ ਹਾਸਲ ਕੀਤੀਆਂ।

## ਪੰਜਾਬ ਕੋਈ ਵੀ ਸਰਵੇਖਣ ਨਹੀਂ ਕਰ ਸਕਦਾ, ਸਾਡੇ ਕੋਲ ਕਿਸੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ : ਰਾਜਾ ਵੜਿੰਗ

ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਸੁਪਰੀਮ ਕੋਰਟ ਵੱਲੋਂ ਐੱਸ.ਵਾਈ.ਐੱਲ ਨਹਿਰ ਦੀ ਉਸਾਰੀ ਲਈ ਜ਼ਮੀਨ ਦਾ ਪੰਜਾਬ ਵਿੱਚ ਸਰਵੇਖਣ ਕਰਨ ਦੇ ਹੁਕਮਾਂ ’ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਪੰਜਾਬ ਕੋਲ ਕਿਸੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ, ਇਸ ਲਈ ਸਰਵੇਖਣ ਕਰਵਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਇੱਥੇ ਜਾਰੀ ਇੱਕ ਬਿਆਨ ਵਿੱਚ ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਕਿਹਾ, “ਅਸੀਂ ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਦਾ ਆਦਰ ਕਰਦੇ ਹਾਂ ਅਤੇ ਉਸ ਦਾ ਸਨਮਾਨ ਕਰਦੇ ਹਾਂ, ਅਸੀਂ ਕੇਂਦਰ ਸਰਕਾਰ ਨੂੰ ਸਤਲੁਜ-ਯਮੁਨਾ ਦੇ ਨਿਰਮਾਣ ਲਈ ਜ਼ਮੀਨ ਦਾ ਸਰਵੇਖਣ ਕਰਨ ਦੇ ਹੁਕਮ ਦੇਣ ਦੇ ਅੱਜ ਦੇ ਹੁਕਮਾਂ ਦਾ ਸਖ਼ਤ ਵਿਰੋਧ ਕਰਦੇ ਹਾਂ। ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦਾ ਪਾਣੀ ਬੁਰੀ ਤਰ੍ਹਾਂ ਖਤਮ ਹੋ ਚੁੱਕਾ ਹੈ ਅਤੇ ਸਾਡਾ ਧਰਤੀ ਹੇਠਲਾ ਪਾਣੀ ਵੀ ਖਤਮ ਹੋਣ ਕਿਨਾਰੇ ਹੈ, ਇਸ ਲਈ ਸਾਡਾ ਪਾਣੀ ਕਿਸੇ ਸੂਬੇ ਨੂੰ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਆਮ ਆਦਮੀ ਪਾਰਟੀ ’ਤੇ ਪੰਜਾਬ ਦੇ ਮਾਮਲੇ ਨੂੰ ਕਮਜ਼ੋਰ ਕਰਨ ਦਾ ਦੋਸ਼ ਲਗਾਉਂਦੇ ਹੋਏ ਰਾਜਾ ਵੜਿੰਗ ਨੇ ਕਿਹਾ, ’ਆਮ ਆਦਮੀ ਪਾਰਟੀ ਦਾ ਸ਼ੁਰੂ ਤੋਂ ਹੀ ਇਸ ਮਾਮਲੇ ’ਚ ਨਿੱਜੀ ਹਿੱਤ ਰਿਹਾ ਹੈ, ਉਹਨਾਂ ਦੇ ਰਾਜ ਸਭਾ ਮੈਂਬਰ



ਸੁਸ਼ੀਲ ਗੁਪਤਾ ਨੇ ਬਿਆਨ ਦਿੱਤਾ ਸੀ ਕਿ ਪੰਜਾਬ ’ਚ ਸਾਡੀ ਸਰਕਾਰ ਬਣ ਗਈ ਹੈ, ਹੁਣ ਅਸੀਂ SYL ਬਣਾਵਾਂਗੇ ਅਤੇ ਹਰਿਆਣਾ ਦੇ ਹਰ ਖੇਤ ਤੱਕ ਪਾਣੀ ਪਹੁੰਚਾਵਾਂਗੇ। ਇੰਨਾ ਹੀ ਨਹੀਂ ਉਨ੍ਹਾਂ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਹਰਿਆਣਾ ’ਚ ਚੋਣ ਪ੍ਰਚਾਰ ਦੌਰਾਨ ਇਹੀ ਬਿਆਨ ਦਿੱਤੇ ਸਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਦਿੱਲੀ ਬੈਠੇ ਆਗੂਆਂ ਦੇ ਹੱਥਾਂ ’ਚ ਖੇਡ ਰਹੇ ਹਨ, ਕਿਉਂਕਿ ਦਿੱਲੀ ਨੂੰ ਪਾਣੀ ਦੇਣ ਦੇ ਪ੍ਰਬੰਧ ਵੀ ਆਮ ਆਦਮੀ ਪਾਰਟੀ ਵੱਲੋਂ ਉਸ ਮੁਤਾਬਿਕ ਹੀ ਕੀਤੇ ਜਾ ਰਹੇ ਹਨ।

ਉਨ੍ਹਾਂ ਅੱਗੇ ਕਿਹਾ, “ਇਹ ਗੱਲ ਸ਼ੁਰੂ ਤੋਂ ਹੀ ਸਪੱਸ਼ਟ ਹੋ ਚੁੱਕੀ ਹੈ ਕਿ ਆਮ ਆਦਮੀ ਪਾਰਟੀ ਇਸ ਮੁੱਦੇ ਰਾਹੀਂ ਉੱਤਰੀ ਭਾਰਤ ਵਿੱਚ ਪੈਰ ਜਮਾਉਣ ਦੀ ਯੋਜਨਾ ਬਣਾ ਰਹੀ ਹੈ ਅਤੇ ਇਸੇ ਲਈ ਆਮ ਆਦਮੀ ਪਾਰਟੀ ਪੰਜਾਬ ਸਰਕਾਰ ਸਾਹਮਣੇ ਇੱਕ ਕਮਜ਼ੋਰ ਮਾਮਲਾ ਪੇਸ਼ ਕਰਕੇ ਪੰਜਾਬ ਦੇ ਲੋਕਾਂ ਨੂੰ ਮੂਰਖ ਬਣਾ ਰਹੀ ਹੈ।

ਗਿੱਦੜਬਾਹਾ ਦੇ ਵਿਧਾਇਕ ਨੇ ਅੱਗੇ ਚੇਤਾਵਨੀ ਦਿੰਦਿਆਂ ਕਿਹਾ ਕਿ ਇਹ ਸਿਰਫ਼ ਇੱਕ ਨਹਿਰ ਦੀ ਉਸਾਰੀ ਦਾ ਮਸਲਾ ਨਹੀਂ ਹੈ, ਇਸ ਮੁੱਦੇ ਨਾਲ ਪੰਜਾਬੀਆਂ ਦੀਆਂ ਬਹੁਤ ਸਾਰੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ, ਜਿਸ ਕਾਰਨ ਪਹਿਲਾਂ ਵੀ ਪੰਜਾਬ ਵਿੱਚ ਝਗੜਾ ਹੋਇਆ ਸੀ ਅਤੇ ਹਾਲਾਤ ਵਿਗੜ ਗਏ ਸਨ। ਐੱਸ.ਵਾਈ.ਐੱਲ ਦੇ ਇਸ ਮੁੱਦੇ ਕਾਰਨ ਪੰਜਾਬ ਨੂੰ ਕਾਲੇ ਦੌਰ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਮੈਂ ਆਮ ਆਦਮੀ ਪਾਰਟੀ ਅਤੇ ਇਸ ਵਿੱਚ ਸ਼ਾਮਲ ਹੋਰ ਸਾਰੇ ਖਿਡਾਰੀਆਂ ਨੂੰ ਪੰਜਾਬ ਦੀਆਂ ਭਾਵਨਾਵਾਂ ਨਾਲ ਨਾ ਖੇਡਣ ਦੀ ਚੇਤਾਵਨੀ ਦਿੰਦਾ ਹਾਂ, ਕਿਉਂਕਿ ਇਸ ਮੁੱਦੇ ਦਾ ਵਧਣਾ ਪੰਜਾਬ ਨੂੰ ਅਤੀਤ ਦੇ ਕਾਲੇ ਦਿਨਾਂ ਵਿੱਚ ਵਾਪਸ ਲੈ ਜਾ ਸਕਦਾ ਹੈ।

ਸਰਵੇ ਦੇ ਹੁਕਮਾਂ ’ਤੇ ਟਿੱਪਣੀ ਕਰਦਿਆਂ ਵੜਿੰਗ ਨੇ ਕਿਹਾ, ਹਰਿਆਣਾ ਸਰਕਾਰ ਨੇ ਸਰਵੇਖਣ ਕੀਤਾ ਹੈ ਅਤੇ ਉਸਾਰੀ ਦਾ ਆਪਣਾ ਪੱਖ ਪੂਰਾ ਕਰ ਲਿਆ ਹੈ ਕਿਉਂਕਿ ਉਨ੍ਹਾਂ ਨੂੰ ਪਾਣੀ ਦੀ ਲੋੜ ਹੈ, ਪਰ ਸਾਡੇ ਕੋਲ ਬਚਣ ਲਈ ਪਾਣੀ ਨਹੀਂ ਹੈ, ਇਸ ਲਈ ਪੰਜਾਬ ਵਿੱਚ ਸਰਵੇਖਣ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੋਣਾ ਚਾਹੀਦਾ।

## ਪੰਜਾਬ ਕੋਲ ਇਕ ਬੂੰਦ ਵੀ ਪਾਣੀ ਦੇਣ ਲਈ ਵਾਧੂ ਨਹੀਂ : ਜਾਖੜ

ਭਾਜਪਾ ਪੰਜਾ ਬਦੇ ਪ੍ਰਧਾਨ ਸੁਨੀਲ ਜਾਖੜ ਨੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ’ਤੇ



ਪ੍ਰਤੀਕਰਮ ਦਿੰਦੇ ਹੋਏ ਪੰਜਾਬ ਦੇ ਪਾਣੀਆਂ ਦੇ ਹੱਕ ਵਿਚ ਤਕੜਾ ਤੇ ਸਪਸ਼ਟ ਸਟੈਂਡ ਲਿਆ ਹੈ। ਉਨ੍ਹਾਂ ਕਿਹਾ ਕਿ ਮੈਂ ਫਿਰ ਦੁਹਰਾ ਰਿਹਾ ਹਾਂ ਕਿ ਪੰਜਾਬ ਕੋਲ ਕਿਸੇ ਹੋਰ ਨੂੰ ਪਾਣੀ ਦੇਣ ਲਈ ਇਕ ਬੂੰਦ ਵੀ ਵਾਧੂ ਨਹੀਂ। ਉਨ੍ਹਾਂ ਟਵੀਟ ਕਰ ਕੇ ਲਿਖਿਆ ਕਿ ਇਹ ਨਾਲ ਹੀ ਗੱਲ ਖਤਮ ਹੋ ਜਾਂਦੀ ਹੈ ਅਤੇ ਇਸ ਬਾਰੇ ਕੁਝ ਹੋਰ ਕਹਿਣ ਦੀ ਲੋੜ ਨਹੀਂ ਰਹਿ ਜਾਂਦੀ।

## ਐੱਸਵਾਈਐੱਲ ਦਾ ਨਿਰਮਾਣ ਸਾਡੀਆਂ ਲਾਸ਼ਾਂ ’ਤੇ ਹੋਵੇਗਾ : ਮਜੀਠੀਆ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ’ਤੇ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦੀ ਉਸਾਰੀ ਵਾਸਤੇ ਸਹਿਮਤੀ ਦੇਣ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਮਜੀਠੀਆ ਨੇ ਕਿਹਾ ਕਿ ਸਰਕਾਰ ਨੇ ਸੁਪਰੀਮ ਕੋਰਟ ਵਿਚ ਬਿਆਨ ਦਿੱਤਾ ਕਿ ਵਿਰੋਧੀ ਪਾਰਟੀਆਂ ਦੇ ਦਬਾਅ ਹੇਠ ਕਿਸਾਨਾਂ ਦੀ ਜ਼ਮੀਨ ਐਕਵਾਇਰ ਨਹੀਂ ਕਰ ਪਾ ਰਹੀ ਜਿਹੜੀ ਤੱਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਨੇ ਕਿਸਾਨਾਂ ਨੂੰ ਵਾਪਸ ਕਰ ਦਿੱਤੀ ਸੀ।

ਮਜੀਠੀਆ ਨੇ ਕਿਹਾ ਕਿ ਐੱਸਵਾਈਐੱਲ ਨਹਿਰ ਦੀ ਉਸਾਰੀ ਸਿਰਫ਼ ਸਾਡੀਆਂ ਲਾਸ਼ਾਂ ’ਤੇ ਹੀ ਬਣ ਸਕਦੀ ਹੈ। ਅਸੀਂ ਆਪ ਸਰਕਾਰ ਨੂੰ ਚੁਣੌਤੀ ਦਿੰਦੇ ਹਾਂ ਕਿ ਉਹ ਸੁਪਰੀਮ ਕੋਰਟ ਨੂੰ ਦੱਸੇ ਕਿ ਪੰਜਾਬੀ ਤੇ ਅਕਾਲੀ ਦਲ ਕਦੇ ਵੀ ਆਪ ਦੇ ਕਨਵੀਨਰ ਅਰਵਿੰਦ



ਕੇਜਰੀਵਾਲ ਦੀ ਸੂਬੇ ਦੇ ਦਰਿਆਈ ਪਾਣੀ ਕਿਸੇ ਵੀ ਕੀਮਤ ’ਤੇ ਹਰਿਆਣਾ ਨੂੰ ਦੇਣ ਦੀ ਸਾਜ਼ਿਸ਼ ਸਫਲ ਨਹੀਂ ਹੋਣ ਦੇਣਗੇ।

ਮਜੀਠੀਆ ਨੇ ਕਿਹਾ ਕਿ ਆਪ ਦੇ ਰਾਜ ਸਭਾ ਐੱਮਪੀ ਸੁਸ਼ੀਲ ਗੁਪਤਾ ਨੇ ਦਾਅਵਾ ਕੀਤਾ ਸੀ ਕਿ 2024 ਵਿਚ ਹਰਿਆਣਾ ਵਿਚ ਆਪ ਸਰਕਾਰ ਬਣਨ ’ਤੇ ਉਹ ਯਕੀਨੀ ਬਣਾਵੇਗੀ ਕਿ ਐੱਸਵਾਈਐੱਲ ਦਾ ਪਾਣੀ ਹਰਿਆਣਾ ਦੇ ਹਰ ਖੇਤ ਤੱਕ ਪਹੁੰਚੇ।

ਮਜੀਠੀਆ ਨੇ ਕਿਹਾ ਕਿ ਪੰਜਾਬ ਦੇ 128 ਬਲਾਕਾਂ ਵਿਚੋਂ 109 ਨੂੰ ਡਾਰਕ ਜ਼ੋਨ (ਕਾਲੇ ਜ਼ੋਨ) ਐਲਾਨਿਆ ਜਾ ਚੁੱਕਾ ਕਿਉਂਕਿ ਜ਼ਮੀਨ ਹੇਠਲਾ ਪਾਣੀ ਖ਼ਤਰਨਾਕ ਪੱਧਰ ਤੱਕ ਘੱਟ ਗਿਆ ਹੈ।

## ਬਹਿਬਲ ਕਲਾਂ ਇਨਸਾਫ਼ ਮੋਰਚਾ ਵਲੋਂ 12 ਅਕਤੂਬਰ ਤੋਂ ਮਰਨ ਵਰਤ ਦਾ ਐਲਾਨ


ਕੋਟਕਪੂਰਾ: ਬਰਗਾੜੀ ਬੇਅਦਬੀ ਕਾਂਡ ਵਿਚ ਇਨਸਾਫ਼ ਦੀ ਮੰਗ ਕਰਦਿਆਂ ਬਹਿਬਲ ਕਲਾਂ ਇਨਸਾਫ਼ ਮੋਰਚੇ ਦੇ ਸੁਖਰਾਜ ਸਿੰਘ ਨਿਆਮੀਵਾਲਾ ਸੁਖਰਾਜ ਸਿੰਘ ਨੇ 12 ਅਕਤੂਬਰ ਤੋਂ ਮਰਨ ਵਰਤ ਦਾ ਐਲਾਨ ਕੀਤਾ ਹੈ। ਢਾਈ ਸਾਲਾਂ ਤੋਂ ਚੱਲ ਰਹੇ ਮੋਰਚੇ ਦੌਰਾਨ ਉਹ ਕਰੀਬ 8 ਵਾਰ ਬਠਿੰਡਾ-ਅੰਮ੍ਰਿਤਸਰ ਮੁੱਖ ਮਾਰਗ ਬੰਦ ਕਰਕੇ ਇਨਸਾਫ਼ ਦੀ ਮੰਗ ਕਰ ਚੁੱਕੇ ਹਨ। ਸੁਖਰਾਜ ਸਿੰਘ ਨੇ ਕਿਹਾ ਕਿ 8 ਸਾਲਾਂ ਵਿਚ ਤਿੰਨ ਸਰਕਾਰਾਂ ਬਣੀਆਂ ਪਰ ਕਿਸੇ ਨੇ ਵੀ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਵਿਚ ਦਿਲਚਸਪੀ ਨਹੀਂ ਦਿਖਾਈ। ਉਨ੍ਹਾਂ ਦੀਆਂ ਵਾਰ-ਵਾਰ ਮੰਗਾਂ ਦੇ ਬਾਵਜੂਦ ਸਰਕਾਰ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ। ਸਰਕਾਰ ਗੋਲੀਬਾਰੀ ਦੇ ਕਾਰਨਾਂ ਅਤੇ ਇਸ ਵਿਚ ਸ਼ਾਮਲ ਲੋਕਾਂ ਦਾ ਨਾਂਅ ਲੈਣ ਤੋਂ ਅਜੇ ਵੀ ਟਾਲ-ਮਟੋਲ ਕਰ ਰਹੀ ਹੈ। ਇਸ ਵਾਰ ਸਖ਼ਤ ਟੱਕਰ ਹੋਵੇਗੀ। ਇਸ ਤੋਂ ਪਹਿਲਾਂ ਵੀ ਮੋਰਚਾ ਅਪਣੀਆਂ ਮੰਗਾਂ ਨੂੰ ਲੈ ਕੇ ਸੜਕ ਜਾਮ ਅਤੇ ਮੁਜ਼ਾਹਰਿਆਂ ਵਰਗੇ ਪ੍ਰੋਗਰਾਮ ਉਲੀਕਦਾ ਰਿਹਾ ਹੈ। ਭਾਵੇਂ ਸੁਖਰਾਜ



ਸਿੰਘ ਨਿਆਮੀਵਾਲਾ ਨੇ 12 ਅਕਤੂਬਰ ਦਿਨ ਵੀਰਵਾਰ ਨੂੰ ਸਵੇਰੇ 9:00 ਵਜੇ ਰਾਸ਼ਟਰੀ ਰਾਜ ਮਾਰਗ ਨੰਬਰ 54 ’ਤੇ ਸਥਿਤ ਬੇਅਦਬੀ ਇਨਸਾਫ਼ ਮੋਰਚਾ ਬਹਿਬਲ ਕਲਾਂ ਵਿਖੇ ਪਹੁੰਚਣ ਲਈ ਸਾਰੀਆਂ ਸਿੱਖ ਸੰਸਥਾਵਾਂ, ਪੰਥਕ ਜਥੇਬੰਦੀਆਂ, ਚਿੰਤਕਾਂ, ਵਿਦਵਾਨਾਂ, ਪੰਥਦਰਦੀਆਂ ਅਤੇ ਗੁਰੂ ਨਾਨਕ ਨਾਮਲੇਵਾ ਸੰਗਤਾਂ ਨੂੰ ਅਪੀਲ ਕੀਤੀ ਹੈ ਪਰ ਦੂਜੇ ਪਾਸੇ ਉਨ੍ਹਾਂ ਦੋਸ਼ ਲਾਇਆ ਹੈ ਕਿ ਜੇਕਰ ਸਿਆਸਤਦਾਨਾਂ ਨੇ ਇਸ ਮੁੱਦੇ ’ਤੇ ਸਿਆਸੀ ਰੋਟੀਆਂ ਸੇਕਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਤਾਂ ਧਾਰਮਕ ਆਗੂਆਂ ਨੇ ਵੀ ਸਿਰਫ਼ ਲਾਹਾ ਲੈਣ ਵਿਚ ਘੱਟ ਨਹੀਂ ਗੁਜਾਰੀ।

## 150 ਸਾਲਾ ਸ਼ਤਾਬਦੀ ਨੂੰ ਸਮਰਪਿਤ

# ਸਿੰਘ ਸਭਾ ਲਹਿਰ ਕਿਵੇਂ ਹੋਂਦ 'ਚ ਆਈ ਤੇ ਇਸ ਦਾ ਮਹੱਤਵ ਕੀ ਹੈ ?







(1)ਭਾਈ ਵੀਰ ਸਿੰਘ (2) ਸਿੰਘ ਸਭਾ ਦੀ ਸਥਾਪਤੀ ਮੌਕੇ ਠਾਕੁਰ ਸਿੰਘ ਸੰਧਾਵਾਲੀਆ ਅਤੇ ਗਿਆਨੀ ਗਿਆਨ ਸਿੰਘ ਦੀ ਅਗਵਾਈ 'ਚ ਅੰਮ੍ਰਿਤਸਰ 'ਚ ਜੁੜੇ ਸਿੱਖ ਆਗੂ (3) ਭਾਈ ਕਾਨ੍ਹ ਸਿੰਘ ਨਾਭਾ

ਪੰਜਾਬ ਦਾ ਮਾਣ-ਮੱਤਾ ਰਾਜ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ 1849 ਈ. ਵਿਚ ਖਤਮ ਹੋ ਗਿਆ। ਪੰਜਾਬ ਪੂਰਨ ਤੌਰ 'ਤੇ 1949 ਵਿਚ ਅੰਗਰੇਜ਼ੀ ਰਾਜ ਦਾ ਹਿੱਸਾ ਬਣ ਗਿਆ। ਅਕਸਰ ਹੀ ਸੱਤਾਧਾਰੀ ਧਿਰ ਰਾਜਸੀ ਗੁਲਾਮੀ ਤੋਂ ਬਾਅਦ ਸੱਭਿਆਚਾਰਕ ਗ਼ੁਲਾਮੀ ਨੂੰ ਠੋਸਣ ਦਾ ਯਤਨ ਕਰਦੀ ਹੈ। ਉਹ ਆਪਣੇ ਰਾਜ ਦੀ ਉਮਰ ਨੂੰ ਲੰਮਾ ਕਰਨ ਲਈ ਅਜੇਹੀ ਰਣਨੀਤੀ ਵਰਤਦੀ ਹੈ। ਅੰਗਰੇਜ਼ ਹਕੂਮਤ ਨੇ ਪੰਜਾਬੀਆਂ ਨੂੰ ਸੱਭਿਆਚਾਰਕ ਤੌਰ 'ਤੇ ਗ਼ੁਲਾਮ ਬਣਾਉਣ ਦੇ ਅਨੇਕਾਂ ਯਤਨ ਆਰੰਭ ਕਰ ਦਿੱਤੇ ਸਨ। ਪਹਿਲਾਂ 1837 ਵਿਚ ਹੀ ਲੁਧਿਆਣੇ ਵਿਚ ਇਕ ਬਹੁਤ ਵੱਡਾ 'ਈਸਾਈ ਮਿਸ਼ਨ ਕੇਂਦਰ' ਸਥਾਪਤ ਕੀਤਾ ਗਿਆ। ਅੰਮ੍ਰਿਤਸਰ ਵਿਚ 1852 ਨੂੰ 'ਚਰਚ ਮਿਸ਼ਨਰੀ ਐਸੋਸ਼ੀਏਸ਼ਨ' ਦੀ ਸਥਾਪਨਾ ਕੀਤੀ ਗਈ। ਅੰਗਰੇਜ਼ ਪਾਦਰੀ ਮਿਸਟਰ ਕੇਰੀ ਦੇ ਯਤਨਾਂ ਨਾਲ 1860 ਵਿਚ ਸਾਰੇ ਪੰਜਾਬ ਵਿਚ ਈਸਾਈ ਕੇਂਦਰ ਸਥਾਪਤ ਹੋ ਚੁੱਕੇ ਸਨ। ਈਸਾਈ ਮਿਸ਼ਨ ਕੇਂਦਰਾਂ ਵਿਚ ਪੰਜਾਬੀ ਛਾਪਾਖਾਨਾ ਤੇ ਪ੍ਰੈੱਸ ਲਗਾਈ ਗਈ। ਯਿਸੂ ਮਸੀਹ ਅਤੇ ਈਸਾਈ ਮੱਤ ਦੇ ਪ੍ਰਚਾਰ ਲਈ ਪੰਜਾਬੀ ਭਾਸ਼ਾ ਵਿਚ ਅਨੇਕਾਂ ਟਰੈਕਟ ਤੇ ਹੋਰ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਸਨ। ਇਨ੍ਹਾਂ ਵਿਚੋਂ 'ਮਸੀਹ ਮੁਸਾਫ਼ਰ ਦੀ ਯਾਤਰਾ' (1859), 'ਜਯੋਤਿਰਦਯ' (1882) ਅਤੇ 'ਰੇਲ ਗੱਡੀ' (1886) ਵਗੈਰਾ ਈਸਾਈਅਤ ਦੇ ਪ੍ਰਚਾਰ ਵਾਲੀਆਂ ਪ੍ਰਸਿੱਧ ਰਚਨਾਵਾਂ ਹਨ। 'ਮਸੀਹ ਮੁਸਾਫ਼ਰ ਦੀ ਯਾਤਰਾ' ਨਾਵਲ ਵਿਚ ਯਿਸੂ ਨੂੰ ਸਭ ਤੋਂ ਉੱਤਮ, ਦਿਆਲੂ ਤੇ ਆਪਣੇ ਭਗਤਾਂ ਦਾ ਪਾਲਕ ਮੰਨਿਆ ਗਿਆ ਹੈ। 'ਜਯੋਤਿਰਦਯ' ਨਾਵਲ ਵਿਚ ਸਾਡੇ ਸਮਾਜ ਚਾਰੇ/ਸੰਸਕ੍ਰਿਤੀ ਦੀ ਸਿੱਧੀ ਆਲੋਚਨਾ ਕੀਤੀ ਗਈ ਹੈ। ਰੇਲ ਗੱਡੀ ਕਹਾਣੀ ਵਿਚ ਅੰਗਰੇਜ਼ੀ ਹਕੂਮਤ ਨਾਲ ਆਏ ਨਵੇਂ ਆਵਾਜਾਈ ਦੇ ਸਾਧਨਾਂ ਦਾ ਵੱਡਾ ਮਹੱਤਵ ਦਰਸਾਇਆ ਗਿਆ ਹੈ। ਇਕ ਪਾਸੇ ਈਸਾਈ ਮਿਸ਼ਨਰੀਆਂ ਦਾ ਪ੍ਰਚਾਰ ਸੀ, ਦੂਜੇ ਪਾਸੇ ਅੰਗਰੇਜ਼ੀ ਰਾਜ ਦੀ ਸੱਤਾ ਦੀ ਆਪਣੀ ਖਿੱਚ ਸੀ। ਰਾਜ ਸੱਤਾ ਦੇ 'ਹਲਵੇ ਮੰਡੇ' ਖਾਣ ਵਾਲੇ ਵੀ ਧੜਾਧੜ ਈਸਾਈਅਤ ਨਾਲ ਜੁੜ ਰਹੇ ਸਨ। ਅੰਗਰੇਜ਼ੀ ਰਾਜ ਦੇ ਸਰਕਾਰੀ ਅਫ਼ਸਰ ਵੀ ਈਸਾਈਅਤ ਦਾ ਪ੍ਰਚਾਰ ਕਰ ਰਹੇ ਸਨ। ਈਸਾਈ ਮੱਤ ਧਾਰਨ ਕਰਨ ਵਾਲਿਆਂ ਨੂੰ ਨੌਕਰੀ 'ਤੇ ਤਰੱਕੀ ਛੇਤੀ ਮਿਲ ਰਹੀ ਸੀ। ਇਸ ਦੇ ਸਿੱਟੇ ਵਜੋਂ 1861 ਤੋਂ 1882 ਤੱਕ ਸਿੱਖਾਂ ਦੀ ਗਿਣਤੀ ਵਿਚ ਵੱਡੀ ਗਿਰਾਵਟ ਆਈ ਸੀ।

ਦੂਸਰੇ ਪਾਸੇ ਹਿੰਦੂ ਜਾਗ੍ਰਿਤੀ ਲਈ ਦੇਵ ਸਮਾਜ, ਬ੍ਰਹਮ ਸਮਾਜ ਤੇ ਆਰੀਆ ਸਮਾਜ ਲਹਿਰਾਂ ਪੈਦਾ ਹੋ ਰਹੀਆਂ ਸਨ। ਆਰੀਆ ਸਮਾਜ ਨੇ ਹਿੰਦੂਆਂ ਵਿਚ ਸ਼ੁੱਧੀ ਦੀ ਲਹਿਰ ਵਜੋਂ 'ਮੁੜ ਵੇਦਾਂ ਵੱਲ' ਦਾ ਨਾਅਰਾ ਬੁਲੰਦ ਕੀਤਾ। ਇਹ ਲਹਿਰਾਂ ਕੇਵਲ ਆਪਣੀ ਜਾਗ੍ਰਿਤੀ ਤੱਕ ਹੀ ਸੀਮਿਤ ਨਹੀਂ ਸਨ, ਸਗੋਂ ਇਹ ਦੂਜੇ ਧਰਮਾਂ ਪ੍ਰਤੀ ਹਮਲਾਵਰ ਰੁਖ਼ ਵੀ ਅਪਣਾ ਰਹੀਆਂ ਸਨ। ਸੁਆਮੀ ਦਯਾਨੰਦ ਨੇ ਆਪਣੇ ਗ੍ਰੰਥ ਸਤਿਆਰਥ ਪ੍ਰਕਾਸ਼ ਵਿਚ ਗੁਰੂ ਸਾਹਿਬਾਨ ਬਾਰੇ ਨਿੰਦਣ ਵਾਲੀ ਭਾਸ਼ਾ ਵਰਤੀ ਸੀ। ਅਜੇਹੇ ਸਿੱਧੇ ਹਮਲੇ ਤੋਂ ਵੀ ਸਿੱਖ ਵਿਦਵਾਨ ਬਹੁਤ ਚਿੰਤਾਤੁਰ ਸਨ। ਅਜਿਹੇ ਹਮਲੇ ਦੇ ਉੱਤਰ ਵਜੋਂ ਹੀ ਬਾਅਦ ਵਿਚ ਸਿੱਖ ਵਿਦਵਾਨ ਭਾਈ ਕਾਹਨ ਸਿੰਘ ਨੇ ਆਪਣੀ ਬਿਬੇਕ-ਬੁੱਧ ਰਾਹੀਂ ਹਮ ਹਿੰਦੂ ਨਹੀਂ ਪੁਸਤਕ ਲਿਖੀ ਸੀ। ਅਜਿਹੇ ਸਮਿਆਂ ਵਿਚ ਹੀ ਮੁਸਲਮਾਨਾਂ ਨੇ ਆਪਣੀ ਜਾਗ੍ਰਿਤੀ ਲਈ ਜਮਾਇਤਿ ਅਹਿਮਦੀਆ ਲਹਿਰ ਸਥਾਪਿਤ ਕੀਤੀ। 1860 ਤੋਂ 1900 ਤੱਕ ਦੇ ਸਮੇਂ ਨੂੰ ਪੁਨਰ-ਜਾਗ੍ਰਿਤੀ ਦਾ ਕਾਲ ਕਿਹਾ ਜਾਂਦਾ ਹੈ। ਅਜਿਹੇ ਸਮੇਂ ਵਿਚ ਪੰਜਾਬ ਵਿਚ ਵੱਖ-ਵੱਖ ਧਿਰਾਂ ਆਪੋ-ਆਪਣੀ ਭਾਸ਼ਾ ਤੇ ਧਰਮਾਂ ਦੇ ਆਧਾਰ 'ਤੇ ਚੇਤਨ ਹੋ ਰਹੀਆਂ ਸਨ। ਇਹ ਵੀ ਵਰਣਨਯੋਗ ਗੱਲ ਹੈ ਕਿ ਸਾਡੇ ਦੇਸ਼ ਦੀ ਆਜ਼ਾਦੀ ਦਾ ਮੁੱਢਲਾ ਪੜਾਅ ਧਾਰਮਿਕ ਜਾਗ੍ਰਿਤੀ ਤੋਂ ਹੀ ਬੱਲ ਫੜਦਾ ਹੈ।

ਸਿੱਖਾਂ ਉੱਤੇ ਦੋਹਰਾ ਹਮਲਾ ਹੋ ਰਿਹਾ ਸੀ। ਇਕ ਪਾਸੇ ਅੰਗਰੇਜ਼ੀ ਰਾਜ ਦਾ ਹਮਲਾ ਸੀ, ਜਿਸ ਦੇ ਗ਼ੁਲਾਮ ਕੌਮ ਲਈ ਕਈ ਲੁਭਾਉਣੇ ਪੱਖ ਸਨ। ਦੂਜੇ ਪਾਸੇ ਹੋਰਨਾਂ ਫ਼ਿਰਕਿਆਂ ਵਲੋਂ ਸਿੱਖ ਧਰਮ ਨੂੰ ਵੱਖਰਾ ਵਿਸ਼ੇਸ਼ ਧਰਮ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਸੀ। ਅਜਿਹੀ ਸਥਿਤੀ ਸਿੱਖ ਸਿਆਣਿਆਂ ਲਈ ਬਹੁਤ ਚਿੰਤਾਜਨਕ ਸੀ। ਕਿਉਂਕਿ, ਸਿੱਖ ਆਪਣਾ ਰਾਜ ਗੁਆ ਲੈਣ ਤੋਂ ਬਾਅਦ ਆਪਣੇ ਸੱਭਿਆਚਾਰ, ਭਾਸ਼ਾ ਤੇ ਧਰਮ ਨੂੰ ਵੀ ਢਾਹ ਲੱਗ ਰਹੀ ਮਹਿਸੂਸ ਕਰ ਰਹੇ ਸਨ। ਮਹਾਰਾਜਾ ਦਲੀਪ ਸਿੰਘ ਨੇ 1853 ਈ. ਈਸਾਈ ਮੱਤ ਧਾਰਨ ਕਰ ਲਿਆ ਸੀ। ਅਜਿਹੇ ਸਮਿਆਂ ਵਿਚ ਹੀ ਚਾਰ ਸਿੱਖ ਵਿਦਿਆਰਥੀਆਂ ਅਤਰ ਸਿੰਘ, ਸਾਧੂ ਸਿੰਘ, ਸੰਤੋਖ ਸਿੰਘ ਤੇ ਆਇਆ ਸਿੰਘ ਨੇ ਈਸਾਈ ਮੱਤ ਧਾਰਨ ਕਰਨ ਦਾ ਐਲਾਨ ਕਰ ਦਿੱਤਾ। ਇਨ੍ਹਾਂ ਨੂੰ ਅਜਿਹਾ ਕਰਨ ਤੋਂ ਸਿੱਖ ਸਿਆਣਿਆਂ ਨੇ ਆਪਣੇ ਪ੍ਰਭਾਵ ਨਾਲ ਰੋਕ ਤਾਂ ਲਿਆ, ਪਰ ਇਸ ਨਾਲ ਸਿੱਖ ਧਰਮ ਤੇ ਪੰਜਾਬੀ ਸੱਭਿਆਚਾਰ ਨਾਲ ਜੁੜੇ ਬੁੱਧੀਜੀਵੀਆਂ ਦੀ ਚਿੰਤਾ ਹੋਰ ਵਧ ਗਈ। ਸਿੱਖ ਚਿੰਤਕਾਂ ਨੇ ਮਹਾਰਾਜਾ ਦਲੀਪ ਸਿੰਘ ਦੇ ਈਸਾਈ ਬਣਨ ਦੇ ਕਾਰਨਾਂ ਨੂੰ ਜਾਣਨ ਦੀ ਵੀ ਕੋਸ਼ਿਸ਼ ਕੀਤੀ। ਇਹ ਮਹਿਸੂਸ ਕੀਤਾ ਗਿਆ ਕਿ ਜਦੋਂ ਕੋਈ ਨਾਬਾਲਿਗ ਜਾਂ ਵਿਦਿਆਰਥੀ ਮਾਂ ਦੀ ਗੋਦ, ਆਪਣੀ ਧਰਤੀ ਦੀ ਗੋਦ ਤੇ ਆਪਣੀ ਮਾਂ ਬੋਲੀ ਤੋਂ ਦੂਰ ਹੋ ਜਾਂਦਾ ਹੈ, ਤਾਂ ਅਜਿਹਾ ਵਾਪਰਨਾ ਸੁਭਾਵਕ ਹੈ। ਇਸ ਕਰਕੇ ਆਪਣੀ ਬੋਲੀ/ਭਾਸ਼ਾ/ਲਿਪੀ ਨਾਲ ਜੁੜਨ ਦੀ ਵੱਡੀ ਲੋੜ ਮਹਿਸੂਸ ਕੀਤੀ ਗਈ। ਇਨ੍ਹਾਂ ਸਾਰੇ ਪੱਖਾਂ ਦੇ ਸਿੱਟੇ ਵਜੋਂ ਹੀ 1873 ਵਿਚ 'ਸਿੰਘ ਸਭਾ' (ਅੰਮ੍ਰਿਤਸਰ) ਸਥਾਪਤ ਕੀਤੀ ਗਈ। ਇਸ ਦੇ ਪਹਿਲੇ ਪ੍ਰਧਾਨ ਠਾਕੁਰ ਸਿੰਘ ਸੰਧਾਵਾਲੀਆ ਤੇ ਸਕੱਤਰ ਗਿਆਨੀ ਗਿਆਨ ਸਿੰਘ ਸਨ। ਫਿਰ 'ਸਿੰਘ ਸਭਾ ਲਾਹੌਰ' (1879) ਹੋਂਦ ਵਿਚ ਆਈ। ਅਖ਼ੀਰ ਇਨ੍ਹਾਂ ਦੋਵਾਂ ਸਭਾਵਾਂ ਦਾ 1880 ਵਿਚ ਏਕੀਕਰਨ ਕਰਕੇ 'ਸ੍ਰੀ ਗੁਰੂ ਸਿੰਘ ਸਭਾ' ਬਣਾਈ ਗਈ। ਈਸਾਈ ਮਿਸ਼ਨਰੀਆਂ ਦੀ ਤਰਜ਼ 'ਤੇ ਨਾ ਕੇਵਲ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਸਿੰਘ ਸਭਾਵਾਂ ਕਾਇਮ ਕੀਤੀਆਂ ਗਈਆਂ, ਸਗੋਂ ਭਾਰਤ ਦੇ ਹੋਰ ਵੱਡੇ ਤੇ ਸਿੱਖ ਆਬਾਦੀ

ਡਾ. ਮਹਿਲ ਸਿੰਘ

ਵਾਲੇ ਸ਼ਹਿਰਾਂ ਵਿਚ ਵੀ ਸਿੰਘ ਸਭਾਵਾਂ ਕਾਇਮ ਕੀਤੀਆਂ ਗਈਆਂ। ਸ੍ਰੀ ਗੁਰੂ ਸਿੰਘ ਸਭਾ ਦਾ ਮੁੱਖ ਉਦੇਸ਼ ਸਿੱਖ ਧਰਮ, ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਅਤੇ ਸਿੱਖ ਵਿਦਿਅਕ ਅਦਾਰਿਆਂ ਦਾ ਪਾਸਾਰ ਕਰਨਾ ਸੀ। ਨਾਲ ਹੀ ਸਿੰਘ ਸਭਾ ਦਾ ਇਹ ਵੀ ਅਹਿਦ ਸੀ ਕਿ 'ਕੋਈ ਬਾਤ ਸਰਕਾਰ ਦੇ ਤੁਆਲੁਕ ਨਹੀਂ ਕੀਤੀ ਜਾਵੇਗੀ।' ਕਿਉਂਕਿ, ਉਹ ਆਪਣੀ ਤਾਜ਼ਾ ਗੁਲਾਮ ਸਥਿਤੀ ਤੋਂ ਭਲੀ-ਭਾਂਤ ਜਾਣੂੰ ਸਨ। 1857 ਦਾ ਵਿਦਰੋਹ ਫੇਲ੍ਹ ਹੋ ਚੁੱਕਾ ਸੀ। 1871 ਦੀ ਕੂਕਾ ਲਹਿਰ ਨੇ ਸਵਦੇਸ਼ੀ ਉਦੇਸ਼ ਤਹਿਤ ਅੰਗਰੇਜ਼ੀ ਵਸਤਾਂ ਦਾ ਬਾਈਕਾਟ ਕੀਤਾ ਸੀ। ਪਰ ਅੰਗਰੇਜ਼ ਹਕੂਮਤ ਨੇ ਇਸ ਉੱਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਸਨ। ਅੰਗਰੇਜ਼ ਹਾਕਮਾਂ ਨਾਲ ਸ਼ੁਰੂ ਵਿਚ ਸਿੱਖ ਜਥੇਬੰਦੀਆਂ ਦੇ ਸੰਬੰਧ ਮਿੱਤਰਚਾਰੇ ਵਾਲੇ ਸਨ। 'ਸਿੰਘ ਸਭਾ ਲਹਿਰ' ਜਾਂ 'ਚੀਫ਼ ਖ਼ਾਲਸਾ ਦੀਵਾਨ' ਆਪਣੀ ਕੌਮ ਲਈ ਹਕੂਮਤ ਤੋਂ ਕੁਝ ਮੰਗਦੀ ਤਾਂ ਸੀ, ਪਰ ਜੋ ਵੀ ਮਿਲ ਜਾਵੇ, ਉਸ ਨੂੰ ਹੀ ਇਹ ਜਥੇਬੰਦੀਆਂ ਵਾਹ-ਭਲਾ ਸਮਝਦੀਆਂ ਸਨ। ਇਨ੍ਹਾਂ ਦੀ ਅੰਗਰੇਜ਼ਾਂ ਨਾਲ ਰੁੱਸਣ ਜਾਂ ਉਨ੍ਹਾਂ ਦੇ ਵਿਰੁੱਧ ਜਾਣ ਦੀ ਨਾ ਕੋਈ ਨੀਤੀ ਸੀ ਨਾ ਹੀ ਨੀਅਤ। ਸਿੱਖ ਬੁੱਧੀਜੀਵੀ ਪਹਿਲਾਂ 1857 ਦੇ ਗ਼ਦਰ ਤੇ ਕੂਕਾ ਲਹਿਰ (1870) ਦੀਆਂ ਸੀਮਾਵਾਂ ਤੋਂ ਵੀ ਜਾਣੂ ਸਨ ਅਤੇ ਆਪਣੀ ਹੈਸੀਅਤ ਤੋਂ ਵੀ। ਇਸ ਕਰਕੇ ਇਹ ਕਿਸੇ ਵੱਡੇ ਨਾਹਰੇ ਤੇ ਲਲਕਾਰੇ ਨਾਲ ਕੌਮ ਨੂੰ ਕਿਸੇ ਜ਼ੋਖ਼ਮ ਵਿਚ ਪਾਉਣ ਤੋਂ ਗੁਰੇਜ਼ ਕਰ ਰਹੇ ਸਨ। ਪਰ ਇਨ੍ਹਾਂ ਦੇ ਸਿੱਖਾਂ ਤੇ ਸਿੱਖੀ ਲਈ ਕੀਤੇ ਕਾਰਜ ਸਿੱਖ ਕੌਮ ਲਈ ਬਹੁਤ ਇਤਿਹਾਸਕ ਤੇ ਬੁਨਿਆਦੀ ਸਿੱਧ ਹੋਏ ਸਨ। ਇਸ ਕਰਕੇ ਅੰਗਰੇਜ਼ੀ ਹਕੂਮਤ ਅਜਿਹੀਆਂ ਜਥੇਬੰਦੀਆਂ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਵੇਖ ਰਹੀ ਸੀ। ਅਜਿਹੇ ਸਮੇਂ ਵਿਚ ਸਿੰਘ ਸਭਾਈ ਸਿਆਣੇ ਅੰਗਰੇਜ਼ੀ ਰਾਜ ਦਾ ਹੱਥ ਘੁੱਟ ਕੇ ਆਪਣੀ ਕੌਮ ਲਈ ਕੁਝ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਪੱਖ ਤੋਂ ਇਹ ਕਾਮਯਾਬ ਸਨ। ਸਿੱਖ ਜਾਗ੍ਰਿਤੀ ਦੇ ਸਿੱਟੇ ਵਜੋਂ ਅੰਮ੍ਰਿਤਸਰ ਵਿਖੇ ਖ਼ਾਲਸਾ ਦੀਵਾਨ 1883 ਬਣਾਈ ਗਈ। ਫਿਰ 1886 ਵਿਚ ਖ਼ਾਲਸਾ ਦੀਵਾਨ ਲਾਹੌਰ ਬਣੀ। ਅਖ਼ੀਰ ਇਨ੍ਹਾਂ ਲਈ ਸਾਂਝੀ ਜਥੇਬੰਦੀ ਚੀਫ਼ ਖ਼ਾਲਸਾ ਦੀਵਾਨ ਬਣਾਈ ਗਈ। 'ਸਿੰਘ ਸਭਾ ਲਹਿਰ' ਤੇ 'ਚੀਫ਼ ਖ਼ਾਲਸਾ ਦੀਵਾਨ' ਨੂੰ ਕਾਇਮ ਕਰਨ ਵਾਲੇ ਚਾਰ ਤਰ੍ਹਾਂ ਦੇ ਸਿੱਖਾਂ ਦਾ ਰਲੇਵਾਂ ਸੀ। ਪਹਿਲੀ ਧਿਰ ਕੁਝ ਰਿਆਸਤੀ ਸਿੱਖ ਰਾਜਿਆਂ ਤੇ ਪੁਰਾਣੇ ਰਾਜ ਦਰਬਾਰੀਆਂ ਦੀ ਸੀ। ਦੂਜੀ ਧਿਰ ਕੁਝ ਰਈਸ ਸਿੱਖਾਂ ਦੀ ਸੀ। ਤੀਜੀ ਧਿਰ ਵਿਚ ਵਿਦਵਤਾ ਭਰਪੂਰ ਭਾਈ ਤੇ ਗਿਆਨੀ ਤਖ਼ੱਲਸ ਵਾਲੇ ਵਿਦਵਾਨ ਸਨ। ਚੌਥੀ ਧਿਰ ਵਿਚ ਪ੍ਰੈੱਸ, ਪੱਤਰਕਾਰੀ ਤੇ ਅਖ਼ਬਾਰ ਨਵੀਸੀ ਦੀ ਮੁਹਾਰਤ ਵਾਲੇ ਸਿੱਖ ਸਨ। ਇਹ ਚੌਖੜਾ ਬਿਨਾਂ ਕਿਸੇ ਊਚ-ਨੀਚ ਦੇ ਸਿੱਖ ਜਾਗ੍ਰਿਤੀ ਸੰਬੰਧੀ ਆਪਣੇ ਸਾਂਝੇ ਆਦਰਸ਼ ਨੂੰ ਸਮਰਪਿਤ ਹੋ ਗਿਆ ਸੀ। ਸ੍ਰੀ ਗੁਰੂ ਸਿੰਘ ਸਭਾ ਵੱਲੋਂ ਖ਼ਾਲਸਾ ਟਰੈਕਟ ਸੁਸਾਇਟੀ (1893) ਨਿਰਗੁਣਿਆਰਾ ਪੱਤ੍ਰਿਕਾ, ਗੁਰਮੁਖੀ ਅਖ਼ਬਾਰ, ਖ਼ਾਲਸਾ ਸਮਾਚਾਰ (1899) ਤੇ ਵਜ਼ੀਰ ਹਿੰਦ ਪ੍ਰੈੱਸ ਦੀ ਸਥਾਪਨਾ ਕੀਤੀ। ਵੱਡੀ ਪੱਧਰ 'ਤੇ ਗੁਰਮੁਖੀ ਤੇ ਪੰਜਾਬੀ ਪੱਤਰਕਾਰੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਲਹਿਰਾਂ ਇਸਤਰੀ ਵਿੱਦਿਆ ਦੀਆਂ ਵੀ ਅਲੰਬਰਦਾਰ ਸਨ। ਕਦੀ ਪਿੰਡਾਂ ਵਿਚ ਪੜ੍ਹਾਈ ਲਈ ਮਹਾਰਾਜਾ ਰਣਜੀਤ ਸਿੰਘ ਨੇ ਕਾਇਦਾ-ਏ-ਨੂਰ ਇਕ ਵੱਡੇ ਮਾਧਿਅਮ ਵਜੋਂ ਵਰਤਿਆ ਸੀ। ਪਰ ਅੰਗਰੇਜ਼ ਹਕੂਮਤ ਨੇ ਇਹ ਕਾਇਦਾ ਬੰਦ ਕਰ ਦਿੱਤਾ ਸੀ। ਪਰ ਇਨ੍ਹਾਂ ਮੁੱਢਲੇ ਸਿੱਖ ਸੰਗਠਨਾਂ ਨੇ ਆਪਣੇ ਮਿਲਵਰਤਨੀ ਤਰੀਕੇ ਨਾਲ ਸਿੱਖਿਆ ਦਾ ਮੁੜ ਪਿੜ ਬੰਨ੍ਹ ਦਿੱਤਾ ਸੀ। ਅੰਗਰੇਜ਼ ਹਕੂਮਤ ਦੇ ਈਸਾਈ ਕੇਂਦਰਾਂ ਵੱਲੋਂ ਜੋ ਪ੍ਰਚਾਰ ਸਾਧਨ ਵਰਤੇ ਜਾ ਰਹੇ ਸਨ, ਤਿਵੇਂ ਦੇ ਪ੍ਰਚਾਰ ਸਾਧਨ ਹੀ ਸਿੱਖ ਸਮੁਦਾਇ ਵੱਲੋਂ ਸ਼ੁਰੂ ਕੀਤੇ ਜਾ ਰਹੇ ਸਨ। 'ਸਿੰਘ ਸਭਾ ਲਹਿਰ' ਤੇ 'ਚੀਫ਼ ਖ਼ਾਲਸਾ ਦੀਵਾਨ' ਵਲੋਂ 'ਖ਼ਾਲਸਾ ਐਡਵੋਕੇਟ' ਤੇ 'ਖ਼ਾਲਸਾ ਸਮਾਚਾਰ' ਤੇ 'ਨਿਰਗੁਣਿਆਰਾ' ਵਰਗੇ ਸਪਤਾਹਿਕ ਅਖ਼ਬਾਰ ਵੀ ਕੱਢੇ ਗਏ ਸਨ। ਭਾਈ ਵੀਰ ਸਿੰਘ ਦੇ ਨਾਵਲ ਸੁੰਦਰੀ (1897), ਬਿਜੈ ਸਿੰਘ (1898), ਸਤਵੰਤ ਕੌਰ (1899) ਅਤੇ ਬਾਬਾ ਨੌਧ ਸਿੰਘ (1917) ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦਾ ਪ੍ਰਤਿ-ਉੱਤਰ ਹੀ ਸਨ। ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ 'ਚ ਸਿੱਖ ਔਰਤਾਂ, ਸਿੱਖ ਜਥੇਦਾਰਾਂ ਅਤੇ ਸਿੱਖ ਬਜ਼ੁਰਗਾਂ ਨੂੰ ਆਪਣੀ ਇਕ ਸ਼ਾਨਦਾਰ ਵਿਰਾਸਤ ਵਜੋਂ ਪੇਸ਼ ਕੀਤਾ ਹੈ। ਸੁੰਦਰੀ ਨਾਵਲ ਪੜ੍ਹ ਕੇ ਹੀ ਨਾਨਕ ਚੰਦ ਸਿੱਖੀ ਵਿਚ ਸ਼ਾਮਿਲ ਹੋ ਕੇ ਮਾਸਟਰ ਤਾਰਾ ਸਿੰਘ ਵਜੋਂ ਪ੍ਰਸਿੱਧ ਹੁੰਦਾ ਹੈ। ਈਸਾਈਅਤ ਦੇ ਪ੍ਰਚਾਰ ਵਾਲੀਆਂ ਰਚਨਾਵਾਂ ਦੇ ਸਮਾਨਾਂਤਰ ਹੋਰਨਾਂ ਸਿੱਖ ਵਿਦਵਾਨਾਂ ਦੇ ਨਾਲ-ਨਾਲ ਭਾਈ ਵੀਰ ਸਿੰਘ ਨੇ ਵੱਡਾ ਸਾਹਿਤਕ ਪਿੜ ਤਿਆਰ ਕੀਤਾ। ਭਾਈ ਵੀਰ ਸਿੰਘ ਨੇ ਆਪਣੀ ਸਾਹਿਤਕਾਰੀ ਨਾਲ ਸਿੱਖ ਇਤਿਹਾਸ, ਸਿੱਖ ਨਾਇਕਾਂ, ਸਿੱਖ ਇਸਤਰੀਆਂ ਤੇ ਸਿੱਖ ਪਰੰਪਰਾਵਾਂ ਦੀ ਉਸਤਤਿ ਸੰਬੰਧੀ ਇਕ ਵੱਡੀ ਲਹਿਰ ਪੈਦਾ ਕੀਤੀ। ਸਿੱਖ ਮਸਲਿਆਂ ਨੂੰ ਬਿਨਾਂ ਕਿਸੇ ਤਿੱਖੀ ਸੁਰ ਦੇ ਆਪਣੇ ਬਚਾਅ ਪੱਖ ਤੋਂ ਸਿੱਖ ਪੱਤਰਕਾਰੀ ਤੇ ਸਿੱਖ ਸਾਹਿਤ ਵਿਚ ਪੇਸ਼ ਕੀਤਾ ਜਾ ਰਿਹਾ ਸੀ। 'ਸਿੰਘ ਸਭਾ ਲਹਿਰ' ਤੇ 'ਚੀਫ਼ ਖ਼ਾਲਸਾ ਦੀਵਾਨ' ਨਾਲ ਹੀ ਸਾਡੇ ਖ਼ਾਲਸਾ ਵਿਦਿਅਕ ਅਦਾਰਿਆਂ ਦਾ ਮੁੱਢ ਬੱਝਦਾ ਹੈ। ਇਸ ਦੀ ਪ੍ਰਤੀਨਿਧ ਮਿਸਾਲ ਖ਼ਾਲਸਾ ਕਾਲਜ ਸਕੂਲ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ (1892) ਹੈ। ਅਜਿਹੇ ਸਕੂਲ ਪੂਰੇ ਪੰਜਾਬ ਵਿਚ ਕਈ ਦਰਜਨਾਂ ਦੀ ਗਿਣਤੀ ਵਿਚ ਸਥਾਪਿਤ ਹੋਏ। ਇਨ੍ਹਾਂ ਸਕੂਲਾਂ/ਕਾਲਜਾਂ ਦਾ ਮਹੱਤਵ ਵੀ ਦੋਹਰੀ ਕਿਸਮ ਦਾ ਸੀ। ਇਕ ਪਾਸੇ ਇਹ ਵਿੱਦਿਅਕ ਸੰਸਥਾਵਾਂ ਆਧੁਨਿਕ ਵਿੱਦਿਆ ਨਾਲ ਨੌਕਰੀਆਂ ਦੇ ਪੱਖ ਤੋਂ ਕੌਮ ਨੂੰ ਨਵੇਂ ਯੁੱਗ ਦੇ ਹਾਣੀ ਬਣਾ ਰਹੀਆਂ ਸਨ, ਦੂਜੇ ਪਾਸੇ ਇਹ ਆਪਣੇ ਧਰਮ, ਇਤਿਹਾਸ ਤੇ ਭਾਸ਼ਾ ਦੀ ਜਾਗ੍ਰਿਤੀ ਲਈ ਵੱਡੀ ਮੁਹਿੰਮ ਦਾ ਸਾਧਨ ਬਣੀਆਂ ਸਨ। ਇਨ੍ਹਾਂ ਵਿਦਿਅਕ ਸੰਸਥਾਵਾਂ ਤੋਂ ਆਈ ਜਾਗ੍ਰਿਤੀ ਨਾਲ ਅਸੀਂ

ਸਿੱਖੀ ਦੇ ਪ੍ਰਚਾਰ ਤੇ ਪਾਸਾਰ ਦੇ ਰਸਤੇ ਚਲਦੇ ਹੋਏ ਆਪਣੇ ਧਰਮ-ਅਸਥਾਨਾਂ ਦੇ ਸੁਧਾਰ ਦੀ ਸਾਂਭ-ਸੰਭਾਲ ਤੇ ਫਿਰ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਵੱਡੀ ਪੱਧਰ 'ਤੇ ਸਰਗਰਮ ਹੋਏ।

ਅੰਗਰੇਜ਼ੀ ਰਾਜ ਦੌਰਾਨ ਸ਼ੁਰੂ ਵਿਚ ਬਾਰਾਂ ਆਬਾਦ ਹੋਣ ਤੇ ਪਾਣੀ ਦੀ ਨਵੀਂ ਨਹਿਰੀ ਪ੍ਰਣਾਲੀ ਨਾਲ ਪੰਜਾਬ ਵਿਚ ਆਮਦਨ ਵਧੀ ਸੀ। 1870 ਵਿਚ ਦਸ ਰੁਪਏ ਕਿੱਲਾ ਵਾਲੀ ਜ਼ਮੀਨ 1890 ਵਿਚ ਸੌ ਰੁਪਏ ਕਿੱਲਾ ਹੋ ਗਈ ਸੀ। ਇਸ ਖੁਸ਼ਹਾਲੀ ਨਾਲ ਧਾਰਮਿਕ ਅਸਥਾਨਾਂ ਵਿਚ ਵੀ ਚੜ੍ਹਾਵੇ ਦੀ ਰਾਸ਼ੀ ਵਧ ਗਈ ਸੀ। ਅੰਗਰੇਜ਼ੀ ਰਾਜ ਅਧੀਨ ਕੁਰਪੱਟ ਮਹੰਤ ਤੇ ਪੁਜਾਰੀ ਸਿੱਖ ਧਾਰਮਿਕ ਸਥਾਨਾਂ ਉੱਤੇ ਕਾਬਜ਼ ਹੋ ਚੁੱਕੇ ਸਨ। ਗੁਰਦੁਆਰਿਆਂ ਨਾਲ ਵੱਡੀ ਆਮਦਨ ਤੇ ਤਾਕਤ ਜੁੜੀ ਹੋਈ ਸੀ। ਇਸ ਕਰਕੇ ਅੰਗਰੇਜ਼ ਸਰਕਾਰ ਪੁਜਾਰੀਆਂ ਦੀ ਪਿੱਠ ਉੱਤੇ ਸੀ। ਪਰ ਇਨ੍ਹਾਂ ਪੁਜਾਰੀਆਂ ਦਾ ਵਤੀਰਾ ਸਿੱਖੀ ਦੇ ਮੂਲ ਸਿਧਾਂਤਾਂ ਤੋਂ ਵੱਖਰਾ ਸੀ। ਇਹ ਅੱਯਾਸ਼ ਵੀ ਸਨ ਤੇ ਮਨਮਤੀਏ ਵੀ। ਅਜਿਹੇ ਵਿਹਾਰ ਤਹਿਤ ਹੀ ਇਨ੍ਹਾਂ ਨੇ ਦਲਿਤ ਸ਼੍ਰੇਣੀਆਂ ਦੀ ਖ਼ਾਲਸਾ ਬਿਰਾਦਰੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਦਾਖ਼ਲ ਹੋਣ ਤੋਂ ਰੋਕ ਦਿੱਤਾ ਸੀ। ਇਸ ਬਿਰਾਦਰੀ ਨੂੰ ਸਿੰਘ ਸਭਾ ਲਹਿਰ ਤੇ ਚੀਫ਼ ਖ਼ਾਲਸਾ ਦੀਵਾਨ ਦੇ ਕੁਝ ਸਿਆਣਿਆਂ ਦੀ ਹਮਾਇਤ ਹਾਸਿਲ ਸੀ। ਇਹ ਬਿਰਾਦਰੀ ਸੰਗਤੀ ਰੂਪ ਵਿਚ 12 ਅਕਤੂਬਰ ਨੂੰ ਜਲ੍ਹਿਆਂ ਵਾਲੇ ਬਾਗ ਵਿਚ ਕੀਤੀ ਗਈ ਵਿਚਾਰ-ਚਰਚਾ ਤੋਂ ਬਾਅਦ ਦਰਬਾਰ ਸਾਹਿਬ ਵਿਖੇ ਕੜਾਹ-ਪ੍ਰਸ਼ਾਦਿ ਦੀ ਦੇਗ ਕਰਾਉਣ ਲਈ ਰਵਾਨਾ ਹੋਈ ਸੀ। ਇਨ੍ਹਾਂ ਦੇ ਜਥੇ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਤਿੰਨ ਪ੍ਰੋਫ਼ੈਸਰ (ਪ੍ਰੋ. ਤੇਜਾ ਸਿੰਘ, ਪ੍ਰੋ. ਬਾਵਾ ਹਰਕ੍ਰਿਸ਼ਨ ਸਿੰਘ ਤੇ ਪ੍ਰੋ. ਨਰਿੰਜਨ ਸਿੰਘ) ਅਤੇ ਕੁਝ ਵਿਦਿਆਰਥੀ ਵੀ ਸ਼ਾਮਿਲ ਸਨ। ਪਰ ਹਰਿਮੰਦਰ ਸਾਹਿਬ ਵਿਚ ਭਾਈ ਗੁਰਬਚਨ ਸਿੰਘ ਨਾਂ ਦੇ ਪੁਜਾਰੀ ਨੇ ਕੜਾਹ-ਪ੍ਰਸ਼ਾਦਿ ਦੀ ਦੇਗ ਚੜ੍ਹਾਉਣ ਤੇ ਅਰਦਾਸ ਕਰਨ ਤੋਂ ਨਾਂਹ ਕਰ ਦਿੱਤੀ ਸੀ। ਕੁਝ ਹੋਰ ਧੜੱਲੇਦਾਰ ਸਿੱਖ ਸਿਆਣਿਆਂ ਦੀ ਹਮਾਇਤ ਅਤੇ ਇਨ੍ਹਾਂ ਤਿੰਨਾਂ ਪ੍ਰੋਫ਼ੈਸਰ ਸਾਹਿਬਾਨ ਦੀ ਸਿੱਖੀ ਸੰਬੰਧੀ ਸੂਝ ਭਰੀ ਵਿਆਖਿਆ ਨੇ ਪੁਜਾਰੀ ਨੂੰ ਨਿਰ-ਉੱਤਰ ਕਰ ਦਿੱਤਾ। ਇਸ ਕਾਰਨ ਹਰਿਮੰਦਰ ਸਾਹਿਬ ਦਾ ਪੁਜਾਰੀ ਖਿਸਕ ਗਿਆ। ਇਹੀ ਜਥਾ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਗਿਆ ਸੀ। ਜਥੇ ਦੇ ਵੱਡੇ ਪ੍ਰਭਾਵ ਨੂੰ ਦੇਖ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਸ. ਅਰੂੜ ਸਿੰਘ ਵੀ ਅਲੋਪ ਹੋ ਗਿਆ। ਇਸ ਘਟਨਾ ਤੋਂ ਹੀ ਅੱਗੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਗੁਰਦੁਆਰਾ ਸੁਧਾਰ ਲਹਿਰ (ਅਕਤੂਬਰ 1920) ਅਤੇ ਅਕਾਲੀ ਲਹਿਰ (ਨਵੰਬਰ 1920) ਦਾ ਆਰੰਭ ਹੁੰਦਾ ਹੈ। ਅਜਿਹੀ ਜਾਗ੍ਰਿਤੀ ਦੇ ਮੰਚ ਵਜੋਂ ਹੀ ਅੱਗੇ 'ਅਕਾਲੀ' ਨਾਂਅ ਦਾ ਅਖ਼ਬਾਰ (1920) ਆਰੰਭ ਹੋਇਆ। ਇਸ ਸ਼ਬਦ ਦਾ ਸੰਬੰਧ ਗੁਰੂ ਸਾਹਿਬ ਦੇ ਫਲਸਫ਼ੇ ਅਤੇ ਛੇਵੇਂ ਗੁਰੂ ਸਾਹਿਬਾਨ ਵਲੋਂ ਦਰਬਾਰ ਸਾਹਿਬ ਦੇ ਨਜ਼ਦੀਕ ਉਸਾਰੇ ਗਏ 'ਅਕਾਲ ਤਖ਼ਤ' ਸਾਹਿਬ ਨਾਲ ਜੁੜਦਾ ਹੈ। ਗੁਰਦੁਆਰਾ ਸੁਧਾਰ ਦੀ ਅਕਾਲੀ ਲਹਿਰ ਲਈ 'ਅਕਾਲੀ' ਸ਼ਬਦ ਬਹੁਤ ਢੁੱਕਵਾਂ ਤੇ ਪ੍ਰੇਰਕ ਸ਼ਕਤੀ ਸੀ। 'ਅਕਾਲੀ ਦਲ' ਦੇ ਹੋਂਦ ਵਿਚ ਆਉਣ ਨਾਲ ਹੀ ਸਿੱਖ ਸਿਆਸਤ ਦਾ ਨਵਾਂ ਯੁੱਗ ਸ਼ੁਰੂ ਹੋਇਆ। ਇਸ ਸੰਗਠਨ ਜਾਂ ਜਥੇਬੰਦੀ ਦੇ ਬਣਨ ਨਾਲ ਹੀ ਗੁਰਦੁਆਰਿਆਂ ਦੇ ਸੁਧਾਰ ਲਈ ਅਕਾਲੀ ਮੋਰਚਿਆਂ ਦਾ ਵਿਧੀਵਧ ਰੂਪ ਵਿਚ ਸ਼ਾਂਤਮਈ ਸੰਘਰਸ਼ ਆਰੰਭ ਹੋਇਆ।

'ਸਿੰਘ ਸਭਾ ਲਹਿਰ' ਤੇ 'ਚੀਫ਼ ਖ਼ਾਲਸਾ ਦੀਵਾਨ' ਜਿਥੇ ਸ਼ਹਿਰੀ ਖੇਤਰ ਵਿਚ ਵਿੱਦਿਆ ਤੇ ਸਿੱਖੀ ਦੇ ਪ੍ਰਚਾਰ ਦਾ ਆਧਾਰ ਤੇ ਕਾਰਨ ਬਣੀਆਂ ਸਨ, ਉਥੇ ਫਿਰ 'ਸ਼ ?ਰੋਮਣੀ ਅਕਾਲੀ ਦਲ' ਨਾਲ ਅਕਾਲੀ ਲਹਿਰ ਕੁਰਬਾਨੀਆਂ ਤੇ ਸ਼ਹੀਦੀਆਂ ਦੁਆਰਾ ਗੁਰਦੁਆਰਾ ਪ੍ਰਬੰਧ ਦਾ ਵੱਡਾ ਹੱਕ ਹਾਸਲ ਕਰਨ ਵਿਚ ਕਾਮਯਾਬ ਹੋਈ ਸੀ। ਅਕਾਲੀ ਦਲ ਵੱਲੋਂ ਕੀਤੇ ਸੰਘਰਸ਼ ਦੇ ਸਿੱਟੇ ਵਜੋਂ ਹੀ ਮੈਲਕਮ ਹੈਲੀ (ਗਵਰਨਰ ਪੰਜਾਬ) ਨੇ 09 ਜੁਲਾਈ 1925 ਨੂੰ ਪੰਜਾਬ ਕੌਂਸਲ ਵਿਚ 'ਗੁਰਦੁਆਰਾ ਐਕਟ ਪਾਸ ਕੀਤਾ। ਇਸ ਦੇ ਨਾਲ ਹੀ ਅੱਗੇ 13 ਸਤੰਬਰ 1926 ਨੂੰ ਅਕਾਲੀ ਦਲ ਨੂੰ 'ਕਾਨੂੰਨ ਵਿਰੋਧੀ ਜਮਾਤ' ਮੰਨਣ ਵਾਲਾ ਸਰਕਾਰੀ ਹੁਕਮ ਵਾਪਸ ਹੋ ਗਿਆ ਸੀ। ਇਹ ਪ੍ਰਾਪਤੀ ਅਨੇਕਾਂ ਸ਼ਹੀਦੀਆਂ, ਜੇਲ੍ਹ ਸਜ਼ਾਵਾਂ ਤੇ ਨੌਕਰੀਆਂ ਤੋਂ ਬਰਖ਼ਾਸਤ ਹੋਣ ਵਰਗੀਆਂ ਕੁਰਬਾਨੀਆਂ ਦੇ ਸਿੱਟੇ ਵਜੋਂ ਸੀ। ਅਕਾਲੀ ਦਲ ਦਾ ਅਜਿਹਾ ਸੰਘਰਸ਼ ਕਿਸੇ ਖਲਾਅ ਦੇ ਓਪਰੇ ਰੂਪ ਵਿਚੋਂ ਨਹੀਂ, ਬਲਕਿ ਆਪਣੀ ਗੌਰਵਸ਼ੀਲ ਸਿੱਖ ਵਿਰਾਸਤ ਵਿਚੋਂ ਉਪਜਿਆ ਸੀ। ਸਿੱਖਾਂ ਲਈ ਗੁਰੂ ਸਾਹਿਬਾਨ ਤੋਂ ਬਾਅਦ ਬਾਣੀ ਗੁਰੂ-ਰੂਪ ਹੈ ਤੇ ਗੁਰਦੁਆਰੇ ਗੁਰੂ-ਘਰ। ਅਕਾਲੀ ਦਲ ਦਾ ਗੁਰਮਤਿ ਤੇ ਪੰਥਕ ਪਿਆਰ ਆਪਣੇ ਸਮਿਆਂ ਵਿਚ ਆਪਣੇ ਸਰਬ ਸਾਂਝੇ ਸਮੂਹਿਕ ਹਿੱਤਾਂ ਤੋਂ ਪ੍ਰੇਰਿਤ ਸੀ। ਇਸ ਵਿਚ ਨਿੱਜੀ ਸਵਾਰਥ ਨੂੰ ਕੋਈ ਥਾਂ ਨਹੀਂ ਸੀ। ਅਕਾਲੀ ਦਲ ਨੇ ਆਪਣੇ ਮੋਰਚਿਆਂ ਦੌਰਾਨ ਆਪਣੀਆਂ ਪੰਥਕ ਰਵਾਇਤਾਂ ਦੀ ਹੀ ਪੁਨਰ ਜਾਗ੍ਰਿਤੀ ਕੀਤੀ ਸੀ। ਉੱਨ੍ਹੀਵੀਂ ਸਦੀ ਦੇ ਅਖ਼ੀਰ ਤੇ ਵੀਹਵੀਂ ਸਦੀ ਦੇ ਆਰੰਭ ਨੂੰ ਵੱਡਾ ਸੰਕ੍ਰਾਂਤੀ/ਜਾਗ੍ਰਿਤੀ/ਤਬਦੀਲੀ ਕਾਲ ਮੰਨਿਆ ਜਾਂਦਾ ਹੈ। ਇਨ੍ਹਾਂ ਸਾਰੀਆਂ ਲਹਿਰਾਂ ਦੀ ਰੂਹੇ-ਰਵਾਂ ਸਿੰਘ ਸਭਾ ਲਹਿਰ ਹੀ ਸੀ। ਇਸ ਤਰ੍ਹਾਂ ਸਿੰਘ ਸਭਾ ਲਹਿਰ ਨੂੰ ਇਕ ਤਰ੍ਹਾਂ ਨਾਲ ਮਾਂ ਲਹਿਰ ਹੋਣ ਦਾ ਰੁਤਬਾ ਹਾਸਿਲ ਹੈ। ਉੱਨ੍ਹੀਵੀਂ ਸਦੀ ਵਿਚ ਆਏ ਅੰਗਰੇਜ਼ੀ ਰਾਜ ਦੌਰਾਨ ਸਿੱਖਾਂ ਨੂੰ ਚੇਤਨ ਤੇ ਲਾਮਬੰਦ ਕਰਨ ਵਾਲੀ ਪਹਿਲੀ ਵੱਡੀ ਤੇ ਪ੍ਰਭਾਵੀ ਲਹਿਰ ਸਿੰਘ ਸਭਾ ਹੀ ਸੀ। ਇਸ ਲਹਿਰ ਦੇ ਸਿੱਟੇ ਵਜੋਂ ਆਈ ਵਿਦਿਅਕ ਜਾਗ੍ਰਿਤੀ ਦੀਆਂ ਫਿਰ ਆਪਣੀਆਂ ਬਰਕਤਾਂ ਸਨ। 'ਸਿੰਘ ਸਭਾ ਲਹਿਰ' ਦੁਆਰਾ ਜਾਗਰਤੀ ਦੇ ਉਸਾਰੇ ਮਹਿਲ ਸਦਕਾ ਹੀ ਸਿੱਖਾਂ ਨੇ ਸ਼ਾਂਤਮਈ ਤਰੀਕੇ ਨਾਲ ਸ਼ਾਨਾਮੱਤੀਆਂ ਪ੍ਰਾਪਤੀਆਂ ਕੀਤੀਆਂ ਸਨ। ਸਾਡੇ ਇਤਿਹਾਸ ਵਿਚ ਇਕ ਪਾਸੇ '1857 ਦਾ ਵਿਦਰੋਹ', 'ਕੂਕਾ ਲਹਿਰ' (1872), 'ਗ਼ਦਰ ਲਹਿਰ' (1914), 'ਬੱਬਰ ਅਕਾਲੀ ਲਹਿਰ', 'ਨਕਸਲਬਾੜੀ ਲਹਿਰ' (1971) ਅਤੇ 'ਖਾੜਕੂ ਲਹਿਰ' (1980) ਵਗੈਰਾ ਹਥਿਆਰਬੰਦ ਲਹਿਰਾਂ ਹਨ। ਦੂਜੇ ਪਾਸੇ 'ਸਿੰਘ ਸਭਾ ਲਹਿਰ' (1873), 'ਗੁਰਦੁਆਰਾ ਸੁਧਾਰ ਲਹਿਰ' ਤੇ 'ਅਕਾਲੀ ਲਹਿਰ' (1920) ਹੈ। ਇਨ੍ਹਾਂ ਦੋ ਵੱਖ-ਵੱਖ ਵਿਚਾਰਧਾਰਾਈ ਧਿਰਾਂ ਦੀਆਂ ਪ੍ਰਾਪਤੀਆਂ ਦਾ ਜਦ ਕਦੀ ਤੱਕੜੀ ਤੋਲ ਹੋਵੇਗਾ ਤਾਂ ਅਵੱਸ਼ ਹੀ ਸ਼ਾਂਤਮਈ ਪ੍ਰਚਾਰ ਵਾਲੇ ਸੰਗਠਨਾਂ ਤੇ ਸ਼ਾਂਤਮਈ ਸੰਘਰਸ਼/ਅੰਦੋਲਨ ਨਾਲ ਜੁੜੀਆਂ ਲਹਿਰਾਂ ਦੀਆਂ ਪ੍ਰਾਪਤੀਆਂ ਦਾ ਪੱਲੜਾ ਭਾਰਾ ਤੇ ਗੌਰਵਮਈ ਨਜ਼ਰ ਆਵੇਗਾ। ਸਾਨੂੰ ਭਵਿੱਖ ਵਿਚ ਅਜਿਹੀ ਪ੍ਰਾਪਤੀਆਂ ਵਾਲੀ ਗੌਰਵਸ਼ਾਲੀ ਵਿਰਾਸਤ ਤੋਂ ਸਿੱਖਣ ਤੇ ਸਮਝਣ ਦੀ ਲੋੜ ਹੈ। ਇਹੀ ਸ਼ਤਾਬਦੀ ਸਮਾਰੋਹ ਪ੍ਰਤੀ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ।

# ਸਿੰਘ ਸਭਾ ਲਹਿਰ ਦੀ ਪੰਜਾਬੀ ਭਾਸ਼ਾ ਨੂੰ ਦੇਣ

ਡਾ. ਇੰਦਰਜੀਤ ਸਿੰਘ ਗੋਗੋਆਣੀ

ਸਿੰਘ ਸਭਾ ਲਹਿਰ ਦੀ ਸਥਾਪਨਾ ਮਿਤੀ 01 ਅਕਤੂਬਰ, 1873 ਈ. ਨੂੰ ਮੰਜੀ ਸਾਹਿਬ ਦੇ ਸਥਾਨ 'ਤੇ ਵੱਡੇ ਪੰਥਕ ਇਕੱਠ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਹੋਈ ਸੀ। ਉਪਰੰਤ 2 ਨਵੰਬਰ 1879 ਈ. ਨੂੰ ਸਿੰਘ ਸਭਾ ਲਾਹੌਰ ਦੀ ਸਥਾਪਨਾ ਹੋਈ। ਦੋਵਾਂ ਹੀ ਸਿੰਘ ਸਭਾਵਾਂ ਦੇ ਕੌਮੀ ਉਦੇਸ਼ ਸਾਂਝੇ ਸਨ। ਜਿੱਥੇ ਸਿੱਖ ਧਰਮ ਦੀ ਵਿਲੱਖਣਤਾ ਕਾਇਮ ਕਰਨੀ, ਨਵੇਂ ਸਕੂਲ, ਕਾਲਜ ਸਥਾਪਤ ਕਰਨੇ ਤੇ ਗੁਰਦੁਆਰਿਆਂ ਦਾ ਸੁਧਾਰ ਕਰਨਾ ਉਦੇਸ਼ ਸੀ, ਉਥੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਪਸਾਰ ਲਈ ਵਿਸ਼ੇਸ਼ ਮਦ ਸੀ ਕਿ 'ਪੰਜਾਬੀ ਭਾਸ਼ਾ ਦਾ ਪ੍ਰਚਾਰ ਤੇ ਪੰਜਾਬੀ ਸਾਹਿਤ ਦਾ ਵਿਕਾਸ ਕਰਨਾ ਅਤੇ ਪੁਸਤਕਾਂ, ਅਖ਼ਬਾਰਾਂ, ਰਸਾਲੇ ਆਦਿ ਛਾਪ ਕੇ ਪਾਠਕਾਂ ਤੱਕ ਪੁੱਜਦੇ ਕਰਨੇ।'

ਸਿੰਘ ਸਭਾ ਲਾਹੌਰ ਵਲੋਂ ਪਹਿਲਾਂ 'ਵਿਦਯਾ ਪ੍ਰਚਾਰਕ ਮਹਾਂਵਾਰੀ ਰਸਾਲਾ' ਸ਼ੁਰੂ ਹੋਇਆ। ਫਿਰ 'ਗੁਰਮੁਖੀ ਅਖ਼ਬਾਰ' ਪ੍ਰੋ. ਗੁਰਮੁਖ ਸਿੰਘ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਹੋਇਆ। ਉੱਧਰ ਸਿੰਘ ਸਭਾਵਾਂ ਕਾਫੀ ਵੱਡੀ ਗਿਣਤੀ ਵਿਚ ਸਥਾਪਤ ਹੋ ਗਈਆਂ ਸਨ। ਸੰਨ 1883ਈ. ਵਿਚ ਖ਼ਾਲਸਾ ਦੀਵਾਨ

ਅੰਮ੍ਰਿਤਸਰ ਦੀ ਸਥਾਪਨਾ ਹੋਈ ਅਤੇ ਸੰਨ 1886 ਵਿਚ ਵੱਖਰਾ ਖ਼ਾਲਸਾ ਦੀਵਾਨ ਲਾਹੌਰ ਸਥਾਪਤ ਹੋਇਆ। ਖ਼ਾਲਸਾ ਦੀਵਾਨ ਲਾਹੌਰ ਨੇ ਆਪਣੇ ਆਸ਼ਿਆਂ ਤੇ ਉਦੇਸ਼ਾਂ ਨੂੰ ਹਰ ਪੱਖੋਂ ਪੂਰਿਆਂ ਕਰਨ ਲਈ ਆਪਣੇ ਕਾਰਜ ਆਰੰਭ ਕੀਤੇ। ਮਿਤੀ 13 ਜੂਨ 1886 ਨੂੰ 'ਖ਼ਾਲਸਾ ਅਖ਼ਬਾਰ' (ਸਪਤਾਹਿਕ) ਲਾਹੌਰ ਤੋਂ ਸ਼ੁਰੂ ਹੋਇਆ। ਇਸ ਦੇ ਪਹਿਲੇ ਕੁਝ ਅੰਕਾਂ ਦੀ ਸੰਪਾਦਨਾ ਪ੍ਰੋ. ਗੁਰਮੁਖ ਸਿੰਘ ਨੇ ਕੀਤੀ ਅਤੇ ਬਾਅਦ ਵਿਚ 10 ਜੁਲਾਈ 1886 ਤੋਂ ਇਸ ਦਾ ਮੁੱਖ ਟਾਈਟਲ 'ਖ਼ਾਲਸਾ ਅਖ਼ਬਾਰ ਲਾਹੌਰ' ਹੋ ਗਿਆ ਅਤੇ ਗਿ: ਦਿੱਤ ਸਿੰਘ ਹੋਰੀਂ ਇਸ ਦੇ ਸੰਪਾਦਕ ਬਣੇ। ਸਿੰਘ ਸਭੀਆਂ ਦੀ ਪੰਜਾਬੀ ਭਾਸ਼ਾ ਪ੍ਰਤੀ ਦਿਆਨਤਦਾਰੀ ਦੀ ਗੱਲ ਕਰੀਏ ਤਾਂ ਜਦ 22 ਅਕਤੂਬਰ 1893 ਈ. ਨੂੰ ਅੰਮ੍ਰਿਤਸਰ ਵਿਖੇ ਖ਼ਾਲਸਾ ਕਾਲਜ ਮਿਡਲ ਸਕੂਲ ਦੀ ਸ਼ੁਰੂਆਤ ਸਮੇਂ ਅਰਦਾਸ ਹੋਈ ਤਾਂ ਉਸ ਦਿਨ ਖ਼ਾਲਸਾ ਕਾਲਜ ਕੌਂਸਲ ਦੇ ਸਕੱਤਰ ਸ. ਜਵਾਹਰ ਸਿੰਘ ਦੇ ਭਾਸ਼ਨ 'ਚ ਪੰਜਾਬੀ ਭਾਸ਼ਾ ਬਾਰੇ ਵਿਸ਼ੇਸ਼ ਮਤਾ ਸੀ, ਜੋ 30 ਅਕਤੂਬਰ 1893 ਈ. ਦੇ ਖ਼ਾਲਸਾ ਅਖਬਾਰ



ਗਿਆਨੀ ਦਿੱਤ ਸਿੰਘ



ਪ੍ਰੋ. ਗੁਰਮੁਖ ਸਿੰਘ

ਲਾਹੌਰ ਵਿਚ ਇਉਂ ਪ੍ਰਕਾਸ਼ਿਤ ਹੋਇਆ, 'ਖ਼ਾਲਸਾ ਸਕੂਲ ਦੀ ਤਾਲੀਮ ਇਕ ਨਿਰਾਲੇ ਢੰਗ ਦੀ ਹੈ, ਜੋ ਅਸੀਂ ਪੰਜਾਬੀ ਨਾਲ ਜੋ ਮਾਦਰੀ ਜ਼ੁਬਾਨ ਹੈ ਤਾਲੀਮ ਦੇਵਾਂਗੇ। ਜੈਸਾ ਬੰਗਾਲ, ਮਦਰਾਸ ਵਿਚ ਆਪਣੀ ਮਾਦਰੀ ਜ਼ੁਬਾਨ ਵਿਚ ਤਾਲੀਮ ਦੇਣੇ ਤੇ ਲੋਕ ਲਾਇਕ ਬਣ ਗਏ ਹਨ, ਇਸੀ ਤਰ੍ਹਾਂ ਪੰਜਾਬ ਬੀ ਪਿੱਛੇ ਨਹੀਂ ਰਹੇਗਾ, ਇਸ ਵਾਸਤੇ ਐ ਸਾਹਿਬੋ ਆਪ ਆਪਣੇ ਲੜਕਿਆਂ ਨੂੰ ਭੇਜੋ ਇਸ ਤਾਲੀਮ ਦੇ ਪਾਉਣੇ ਲਈ।'

ਇਕ ਗੱਲ ਸਪੱਸ਼ਟ ਹੈ ਕਿ ਸਿੰਘ ਸਭਾ ਲਹਿਰ ਨੇ ਸਮਾਜ ਸੁਧਾਰ ਦੇ ਨਾਲ-ਨਾਲ ਸਿੱਖਿਆ ਤੇ ਸਾਹਿਤ ਦੇ ਖੇਤਰ 'ਚ ਵੱਡੀ ਕਰਾਂਤੀ ਲਿਆਂਦੀ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਦੇ ਨਾਲ ਲੜਕੀਆਂ ਦੀ ਵਿੱਦਿਆ ਲਈ ਸਿੱਖ ਕੰਨਿਆਂ ਮਹਾਂਵਿਦਿਆਲਾ ਫਿਰੋਜ਼ਪੁਰ ਦੀ ਸਥਾਪਨਾ ਇਕ ਵਿਸ਼ੇਸ਼ ਉਦਮ ਸੀ। ਇਹ ਵਿੱਦਿਆ ਕੇਂਦਰ ਗਿ. ਦਿੱਤ ਸਿੰਘ ਦੇ ਸ਼ਾਗਿਰਦ ਭਾਈ ਤਖ਼ਤ ਸਿੰਘ ਦੀ ਪ੍ਰਾਪਤੀ ਸੀ। ਇਸ ਦੇ ਨਾਲ ਪੁਸਤਕਾਂ, ਟਰੈਕਟ ਤੇ ਛਾਪਾ-ਖਾਨਾ ਹੋਂਦ ਵਿਚ ਆਉਣਾ ਇਕ ਵੱਡਾ ਉਪਰਾਲਾ ਸੀ। ਆਪਣੀ ਮਾਤ ਭਾਸ਼ਾ ਪੰਜਾਬੀ ਪ੍ਰਤੀ ਸਮਰਪਿਤ ਭਾਵਨਾ ਸਦਕਾ ਪ੍ਰੋ. ਗੁਰਮੁਖ ਸਿੰਘ, ਗਿ: ਦਿੱਤ ਸਿੰਘ, ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਗਿਆਨ ਸਿੰਘ, ਭਾਈ ਮਈਆ ਸਿੰਘ ਆਦਿ ਸਿੱਖ ਚਿੰਤਕਾਂ ਦੀਆਂ ਰਚਨਾਵਾਂ ਨੇ ਸਿੰਘ ਸਭਾ ਲਹਿਰ ਦੇ ਆਸ਼ਿਆਂ ਤੇ ਉਦੇਸ਼ਾਂ ਦੀ ਪੂਰਤੀ ਲਈ ਫ਼ਖਰਯੋਗ ਪ੍ਰਾਪਤੀਆਂ ਕੀਤੀਆਂ।

ਸਿੰਘ ਸਭਾ ਲਹਿਰ ਦੇ ਸਮੇਂ ਦੀਆਂ ਅਖ਼ਬਾਰਾਂ ਦਾ ਅਧਿਐਨ ਕਰਦਿਆਂ ਇਕ ਗੱਲ ਸਾਹਮਣੇ ਆਈ ਕਿ ਸੰਨ 1893 ਈ. ਵਿਚ ਸਿੰਘ ਸਭੀਆਂ ਦੀ ਅੰਗਰੇਜ਼ ਸਰਕਾਰ ਤੱਕ ਕੀਤੀ ਪਹੁੰਚ ਸਦਕਾ ਇਕ ਵਾਰ ਗੁਰਮੁਖੀ ਦੀ ਲਾਜ਼ਮੀ ਪੜ੍ਹਾਈ ਸੰਬੰਧੀ ਆਦੇਸ਼ ਜਾਰੀ ਹੋਇਆ ਸੀ, ਪਰ ਵਕਤ ਦੀ ਅਫ਼ਸਰਸ਼ਾਹੀ ਸਭ ਕੁਝ ਜਾਣਦਿਆਂ ਤੇ ਕੁਝ ਕੁ ਆਮ ਲੋਕ ਅਗਿਆਨਤਾ ਵਿਚ ਪੰਜਾਬੀ ਭਾਸ਼ਾ ਤੋਂ ਬਾਗੀ ਸਨ। ਮਿਤੀ 31 ਜੁਲਾਈ, 1893 ਈ. ਦੇ ਖ਼ਾਲਸਾ ਅਖ਼ਬਾਰ ਲਾਹੌਰ ਦੀ ਸੰਪਾਦਕੀ ਹੈ 'ਪੰਜਾਬੀ ਤੇ ਪੰਜਾਬ'। ਇਸ ਲੇਖ ਨੂੰ ਹੂ-ਬ-ਹੂ ਪ੍ਰਕਾਸ਼ਿਤ ਕਰਦਿਆਂ ਸਾਡੀ ਭਾਵਨਾ ਇਹ ਹੈ ਕਿ ਅਜੋਕੇ ਸਮੇਂ 'ਚ ਵੀ ਪੰਜਾਬੀ ਦੇ ਪ੍ਰਚਾਰ ਤੇ ਪਾਸਾਰ ਵਿਚ ਰੁਕਾਵਟਾਂ ਪਾਉਣ ਵਾਲੀਆਂ ਨੀਤੀਆਂ ਸੰਬੰਧੀ ਪੰਜਾਬੀਆਂ ਨੂੰ ਅਹਿਸਾਸ ਹੋ ਜਾਵੇ। ਇਹ ਸੰਪਾਦਕੀ ਇਸ ਪ੍ਰਕਾਰ ਹੈ:

'ਇਸ ਬਾਤ ਨੂੰ ਹਰ ਕੋਈ ਜਾਨਦਾ ਹੈ, ਜੋ ਸਾਰੇ ਦੇਸਾਂ ਵਿਚ ਆਪੋ ਆਪਨੀ ਬੋਲੀ, ਬੋਲੀ ਜਾਂਦੀ ਹੈ। ਉਸੀ ਦੇਸ ਦੀ ਬੋਲੀ ਵਿਚ ਉਸੇ ਦੇਸ਼ ਦੀ ਵਿੱਦਯਾ ਅਤੇ ਕਾਰੋ-ਬਿਹਾਰ ਹੁੰਦੇ ਹਨ ਅਤੇ

ਹਰ ਇਨਸਾਨ ਤਿੰਨ ਮਾਵਾਂ ਦੇ ਸਦਕਾ ਪੂਰਨ ਵਿਕਾਸ ਕਰਦਾ ਹੈ, ਪਹਿਲੀ ਮਾਂ ਜਨਨੀ, ਦੂਜੀ ਮਾਂ ਬੋਲੀ ਤੇ ਤੀਜੀ ਮਾਂ ਧਰਤੀ। ਇਨ੍ਹਾਂ ਤਿੰਨਾਂ ਦਾ ਸੁਮੇਲ ਕਿਸੇ ਸ਼ਖ਼ਸੀਅਤ ਦੀ ਸੰਪੂਰਨ ਉਸਾਰੀ ਦਾ ਆਧਾਰ ਹੁੰਦਾ ਹੈ। ਕਾਸ਼! ਇਹ ਭਾਵਨਾ ਸਿੰਘ ਸਭੀਆਂ ਵਾਂਗ ਸਾਡੇ ਸਮੂਹ ਪੰਜਾਬੀਆਂ ਦੇ ਹਿਰਦਿਆ ਵਿਚ ਸਮਾ ਜਾਵੇ, ਇਹ ਸਾਡੀ ਕਾਮਨਾ ਹੈ।

ਇਹ ਬਾਤ ਭੀ ਗੁੱਝੀ ਨਹੀਂ ਹੈ। ਜੋ ਸਾਰੇ ਦੇਸਾਂ ਨੈ ਅਪਨੀ ਉਨਤੀ ਅਪਨੀ ਦੇਸੀ ਭਾਸ਼ਾ ਨਾਲ ਹੀ ਕੀਤੀ ਹੈ। ਜੈਸਾ ਕਿ ਇੰਗਲਸਤਾਨ ਵਿਚ ਅੰਗ੍ਰੇਜ਼ੀ, ਜਰਮਨ ਵਿਚ ਜਰਮਨੀ, ਰੂਸ ਵਿਚ ਰੂਸੀ, ਅਰਬ ਵਿਚ ਅਰਬੀ, ਫ਼ਾਰਸ ਵਿਚ ਫ਼ਾਰਸੀ, ਚੀਨ ਵਿਚ ਚੀਨੀ ਭਾਸ਼ਾ ਹੈ। ਅੱਜ ਤੱਕ ਉਨ੍ਹਾਂ ਦੇਸ਼ਾਂ ਦੇ ਵਸਨੀਕ ਅਪਨੀ ਮਾਦਰੀ ਭਾਸ਼ਾ ਪੜ੍ਹ ਕੇ ਹੀ ਅਪਨੀ ਉਨਤੀ ਸਮਝਦੇ ਹਨ।

ਹੋਰਨਾਂ ਟਾਪੂਆਂ ਦੀ ਗੱਲ ਛੱਡ ਕੇ ਹਿੰਦੁਸਤਾਨ ਦਾ ਹਾਲ ਹੀ ਦੇਖੋ ਜੋ ਬੰਗਾਲ ਵਿਚ ਬੰਗਾਲੀ, ਮਦਰਾਸ ਵਿਚ ਮਦਰਾਸੀ ਬੋਲੀ-ਬੋਲੀ ਜਾਂਦੀ ਹੈ ਅਤੇ ਉਸਨੂੰ ਉਥੇ ਹੀ ਯੂਨੀਵਰਸਿਟੀਆਂ ਨੇ ਮਨਜ਼ੂਰ ਕੀਤਾ ਹੋਇਆ ਹੈ, ਤਾਲੀਮੀ ਮਹਕਮੇ ਵਿਚ ਉਸਦਾ ਹਿੱਸਾ ਬਰਾਬਰ ਹੈ। ਇਸ ਗੱਲ ਨੂੰ ਸਭ ਜਾਨਦੇ ਹਨ ਪ੍ਰੰਤੂ ਪੰਜਾਬ ਦੀ ਭਾਸ਼ਾ ਅਰਥਾਤ ਬੋਲੀ ਜੋ ਪੰਜਾਬੀ ਹੈ ਜੋ ਗੁਰਮੁਖੀ ਅੱਖਰਾਂ ਵਿਚ ਲਿਖੀ ਜਾਂਦੀ ਹੈ, ਉਸਦੀ ਬੋਲ ਚਾਲ ਪੰਜਾਬ ਵਿਚੋਂ ਦੂਰ ਹੁੰਦੀ ਜਾਂਦੀ ਹੈ ਅਤੇ ਇਸ ਦਾ ਪ੍ਰਚਾਰ ਅੱਗੇ ਇਸਤ੍ਰੀਆਂ ਵਿਚ ਸੀ ਪਰ ਹੁਣ ਸਰਕਾਰੀ ਪਾਠਸ਼ਾਲਾ ਹੋਣ ਕਰਕੇ ਉਨ੍ਹਾਂ ਵਿਚ ਭੀ ਉਰਦੂ ਜੋ ਇਸ ਦੇਸ ਦੀ ਬੋਲੀ ਨਹੀਂ ਹੈ ਪ੍ਰਚਾਰ ਹੁੰਦਾ ਜਾਂਦਾ ਹੈ। ਅਰ ਪੰਜਾਬੀ ਅੱਖਰਾਂ ਵਿਚ ਭੀ ਬਹੁਤ ਬੋਲ ਚਾਲ ਉਰਦੂ ਦੀ ਪੈਂਦੀ ਜਾਂਦੀ ਹੈ। ਦੇਸ ਦੇ ਉਪਕਾਰੀ ਸਿੰਘਾਂ ਨੇ ਸਰਕਾਰ ਅੱਗੇ ਇਹ ਬੇਨਤੀ ਕੀਤੀ ਸੀ ਕਿ ਦੇਸ ਦੀ ਬੋਲੀ ਗੁਰਮੁਖੀ ਅੱਖਰਾਂ ਦੁਆਰਾ ਪ੍ਰਚਾਰ ਕਰਨੀ ਚਾਹੀਏ, ਜਿਸ ਤੇ ਦੇਸ ਦੀ ਉਨਤੀ ਹੋਵੇ। ਜਿਸ ਪਰ ਸਰਕਾਰ ਨੇ ਵੱਡੀ ਕ੍ਰਿਪਾ ਕਰਕੇ ਜ਼ਿਮੀਦਾਰੀ ਦੀ ਪੜ੍ਹਾਈ ਜੋ ਸਕੂਲਾਂ ਵਿਚ ਰੱਖੀ ਹੈ ਉਸ ਵਿਚ ਗੁਰਮੁਖੀ ਭੀ ਰਖਾ ਦਿੱਤੀ ਅਰ ਕਈ ਲੋਗ ਪੜ੍ਹਨ ਭੀ ਲਗੇ, ਪਰ ਅਤੀ ਸ਼ੋਕ ਦੀ ਗੱਲ ਹੈ ਜੋ ਉਨ੍ਹਾਂ ਸਕੂਲਾਂ ਦੇ ਇੰਨਸਪੈਕਟਰ ਜੋ ਹਿੰਦੁਸਤਾਨੀ ਹਨ ਜੋ ਸਾਨੂੰ ਦੀ ਥਾਇ (ਹਮ) ਤੁਸਾਨੂੰ ਦੀ ਥਾਇ (ਤੁਮ), ਚਿੱਕੜ ਦੀ ਥਾਇ (ਕੀਚੜ), ਨੇੜੇ ਦੀ ਥਾਇ (ਨਗੀਚ), ਯਾ ਨਜਦੀਕ ਬੋਲਨ ਵਾਲੇ ਹਨ ਸੋ ਪੰਜਾਬੀ ਦੇ ਦਿਲੋਂ ਵਿਰੋਧੀ ਹਨ, ਜਿਸਤੇ ਉਹ ਸਾਫ਼ ਆਖਦੇ ਹਨ ਕਿ ਗੁਰਮੁਖੀ ਕੋਈ ਨਾ ਲੇਵੇ, ਸਭ ਉਰਦੂ ਲੈਣ। ਦੇਸ ਉਨਤੀ ਦੇ ਪਯਾਰਿਆਂ ਨੂੰ ਚਾਹੀਦਾ ਹੈ ਜੋ ਇਸ ਬਾਤ ਪਰ ਧਯਾਨ ਦੇਨ ਅਤੇ ਓਨਾ ਇੰਨਸਪੈਕਟਰਾਂ ਦੀ ਇਸ ਪ੍ਰਕਾਰ ਦੀ ਕਾਰਵਾਈ ਸਰਕਾਰ ਅਗੇ ਪ੍ਰਗਟ ਕਰਨ ਅਤੇ ਅਪਨੀ ਦੇਸੀ ਭਾਸ਼ਾ ਦੀ ਉਨਤੀ ਲਈ ਪੁਰਖਾਰਥ ਕਰਨ ਅਤੇ ਹਰ ਇਕ ਨੂੰ ਇਸ ਸਵਾਲ ਪਰ ਅਪਨਾ ਸਮਯ ਵਿਚਾਰ ਵਿਚ ਦੇਣਾ ਚਾਹੀਏ।'

ਅੱਜ ਸਿੰਘ ਸਭਾ ਲਹਿਰ ਦਾ 150 ਸਾਲਾ ਸਥਾਪਨਾ ਦਿਵਸ ਮਨਾਉਂਦਿਆਂ ਇਕ ਗੱਲ ਵਿਚਾਰਨਯੋਗ ਹੈ ਕਿ ਜਿਵੇਂ ਪੰਜਾਬੀ ਦਾ ਅਖਾਣ ਹੈ, "ਖੇਡਾਂ ਤੇ ਮਾਵਾਂ ਮੁੱਕਣ 'ਤੇ ਹੀ ਚੇਤੇ ਆਉਂਦੀਆਂ ਹਨ" ਭਾਵ ਇਨ੍ਹਾਂ ਦੀ ਅਹਿਮੀਅਤ ਤੇ ਮਮਤਾ ਦਾ ਅਹਿਸਾਸ ਤੇ ਕੀਮਤ ਦਾ ਬਾਅਦ 'ਚ ਪਤਾ ਲਗਦਾ ਹੈ। ਸਿੰਘ ਸਭਾ ਲਹਿਰ ਦੇ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਪ੍ਰਤੀ ਜਿੰਨਾ ਨਿੱਠ ਕੇ ਕਾਰਜ ਕੀਤਾ, ਉਸ ਦੀ ਦਾਦ ਦੇਣੀ ਬਣਦੀ ਹੈ ਅਤੇ ਅਜਿਹੀਆਂ ਰੂਹਾਂ ਨੂੰ ਸਦ ਨਮਸਕਾਰ ਹੈ। ਇਸ ਤੋਂ ਪ੍ਰੇਰਨਾ ਲੈ ਕੇ ਅਜੋਕੇ ਸਮੇਂ ਵਿਚ ਵੀ ਸਮਾਜ ਤੇ ਸਰਕਾਰਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਪੰਜਾਬੀ ਰੁਜ਼ਗਾਰ ਦੀ ਭਾਸ਼ਾ ਵੀ ਬਣੇ, ਸਰਕਾਰੇ ਦਰਬਾਰੇ ਇਸ ਦੀ ਪੂਰੀ ਮਾਨਤਾ ਹੋਵੇ ਅਤੇ ਜੋ ਲੋਕ ਆਪਣੇ ਵਿੱਦਿਅਕ ਅਦਾਰਿਆਂ ਵਿਚ ਪੰਜਾਬੀ ਬੋਲਣ ਤੋਂ ਹੀ ਪੰਜਾਬੀ ਬੱਚਿਆਂ ਨੂੰ ਵਰਜਦੇ ਹਨ ਜਾਂ ਜੋ ਘਰਾਂ ਵਿਚ ਪੰਜਾਬੀ ਬੋਲਣ ਤੋਂ ਸ਼ਰਮਾਉਂਦੇ ਹਨ, ਉਹ ਆਪਣੀ ਮਾਂ ਬੋਲੀ ਦੀ ਅਹਿਮੀਅਤ ਨੂੰ ਜ਼ਰੂਰ ਸਮਝਣ। ਹਰ ਇਨਸਾਨ ਤਿੰਨ ਮਾਵਾਂ ਦੇ ਸਦਕਾ ਪੂਰਨ ਵਿਕਾਸ ਕਰਦਾ ਹੈ, ਪਹਿਲੀ ਮਾਂ ਜਨਨੀ, ਦੂਜੀ ਮਾਂ ਬੋਲੀ ਤੇ ਤੀਜੀ ਮਾਂ ਧਰਤੀ। ਇਨ੍ਹਾਂ ਤਿੰਨਾਂ ਦਾ ਸੁਮੇਲ ਕਿਸੇ ਸ਼ਖ਼ਸੀਅਤ ਦੀ ਸੰਪੂਰਨ ਉਸਾਰੀ ਦਾ ਆਧਾਰ ਹੁੰਦਾ ਹੈ। ਕਾਸ਼! ਇਹ ਭਾਵਨਾ ਸਿੰਘ ਸਭੀਆਂ ਵਾਂਗ ਸਾਡੇ ਸਮੂਹ ਪੰਜਾਬੀਆਂ ਦੇ ਹਿਰਦਿਆ ਵਿਚ ਸਮਾ ਜਾਵੇ, ਇਹ ਸਾਡੀ ਕਾਮਨਾ ਹੈ।

# ਸਰਕਾਰ ਖ਼ਾਲਸਾ ਦਾ ਸ਼ਾਹੀ ਬਾਗ ਰਾਮਬਾਗ, ਅੰਮ੍ਰਿਤਸਰ



ਸ੍ਰੀ ਗੁਰੂ ਰਾਮਦਾਸ ਜੀ ਦੀ ਵਰੋਸਾਈ ਨਗਰੀ ਸ੍ਰੀ ਅੰਮ੍ਰਿਤਸਰ ਜਿਸ ਨੂੰ ਕੁਲ ਆਲਮ ਵਿਚ 'ਸਿਫ਼ਤੀ ਦੇ ਘਰ' ਵਜੋਂ ਜਾਣਿਆ ਜਾਂਦਾ ਹੈ। ਇਸ ਦੀ ਖ਼ੂਬਸੂਰਤੀ ਵਿਚ ਇੱਥੋਂ ਦਾ ਪ੍ਰਸਿੱਧ ਇਤਿਹਾਸਕ 'ਰਾਮਬਾਗ' ਹੋਰ ਵੀ ਵਾਧਾ ਕਰਦਾ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵਲੋਂ ਇਸ ਪਵਿੱਤਰ ਸ਼ਹਿਰ ਵਿਚ ਬਣਾਏ ਰਾਮਬਾਗ ਦੀ ਸੁੰਦਰਤਾ ਅੱਜ ਵੀ ਬਾ-ਕਮਾਲ ਹੈ ਅਤੇ ਇਸ ਨੂੰ ਦੇਖ ਕੇ ਲਾਹੌਰ ਦਰਬਾਰ ਦੀ ਸ਼ਾਨ-ਸ਼ੌਕਤ ਦਾ ਅੰਦਾਜ਼ਾ ਮਹਿਜੇ ਹੀ ਲਗਾਇਆ ਜਾ ਸਕਦਾ ਹੈ।

ਹਾਲਾਂਕਿ ਅੰਮ੍ਰਿਤਸਰ ਵਿਚ ਰੋਜ਼ਾਨਾ ਇਕ ਲੱਖ ਤੋਂ ਵੱਧ ਸ਼ਰਧਾਲੂ (ਯਾਤਰੂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਜਾਂਦੇ ਹਨ ਪਰ ਜਾਣਕਾਰੀ ਨਾ ਹੋਣ ਕਾਰਨ ਬਹੁਤ ਘੱਟ ਯਾਤਰੀ ਹੀ 'ਰਾਮਬਾਗ' ਵਿਖੇ ਪਹੁੰਚਦੇ ਹਨ। ਆਓ, ਇਸ ਲੇਖ ਜ਼ਰੀਏ ਰਾਮਬਾਗ ਦੇ ਇਤਿਹਾਸ ਪ੍ਰਤੀ ਰੂ-ਬਰੂ ਹੁੰਦੇ ਹਾਂ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅੰਮ੍ਰਿਤਸਰ ਸ਼ਹਿਰ ਨੂੰ ਬਹੁਤ ਪਿਆਰ ਕਰਦੇ ਸਨ। ਭਾਵੇਂ ਕਿ ਸਰਕਾਰ-ਏ-ਖ਼ਾਲਸਾ ਦੀ ਰਾਜਧਾਨੀ ਲਾਹੌਰ ਸੀ ਪਰ ਸਿੱਖ ਮਾਨਸਿਕਤਾ ਵਿਚ ਹਮੇਸ਼ਾ ਹੀ ਅੰਮ੍ਰਿਤਸਰ ਦਾ ਸਿਰਮੌਰ ਸਥਾਨ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਜੋ ਕਿ ਅਕਸਰ ਹੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਸੀਸ ਨਿਵਾਉਣ ਆਉਂਦੇ ਰਹਿੰਦੇ ਸਨ, ਉਨ੍ਹਾਂ ਨੇ ਇਸ ਪਾਵਨ ਸ਼ਹਿਰ ਵਿਚ ਲਾਹੌਰ ਦੇ ਸ਼ਾਲਾਮਾਰ ਬਾਗ ਵਾਂਗ ਇਕ ਖ਼ੂਬਸੂਰਤ ਬਾਗ ਬਣਾਉਣ ਦੀ ਸੋਚੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਹੁਕਮਾਂ 'ਤੇ ਸੰਨ 1819 ਵਿਚ ਸਰਕਾਰ ਖ਼ਾਲਸਾ ਨੇ ਅੰਮ੍ਰਿਤਸਰ ਸ਼ਹਿਰ ਦੀ ਉੱਤਰ ਬਾਹੀ 'ਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਕਰੀਬ ਇਕ ਕਿੱਲੋਮੀਟਰ ਦੂਰ ਇਕ ਖ਼ੂਬਸੂਰਤ ਬਾਗ ਨੂੰ ਬਣਾਉਣਾ ਸ਼ੁਰੂ ਕੀਤਾ। ਸ਼ੇਰ-ਏ-ਪੰਜਾਬ ਨੇ ਇਸ ਬਾਗ ਨੂੰ ਬਣਾਉਣ ਦੀ ਜ਼ਿੰਮੇਵਾਰੀ ਮਸ਼ਹੂਰ ਮੁਸਲਿਮ ਆਰਕੀਟੈਕਟ ਮੁਹੰਮਦ ਯਾਰ ਨੂੰ ਦਿੱਤੀ। ਫ਼ਕੀਰ ਇਮਾਮ-ਉਦ-ਦੀਨ ਨੂੰ ਇਸ ਬਾਗ ਦੀ ਉਸਾਰੀ ਵਿਚ ਜੋ ਵੀ ਖਰਚਾ ਆਉਣਾ ਸੀ, ਉਸ ਦਾ ਹਿਸਾਬ ਰੱਖਣ ਦੀ ਜ਼ਿੰਮੇਵਾਰੀ ਦਿੱਤੀ ਗਈ। ਸੰਨ 1831 ਵਿਚ ਇਹ ਬਾਗ ਬਣ ਕੇ ਮੁਕੰਮਲ ਹੋਇਆ ਅਤੇ ਇਸ ਉੱਪਰ ਉਸ ਸਮੇਂ 1,45,000 ਰੁਪਏ ਖਰਚਾ ਆਇਆ, ਜੋ ਕਿ ਅੱਜ ਦੇ ਕਰੋੜਾਂ ਰੁਪਏ ਦੇ ਬਰਾਬਰ ਹੈ।

ਬਾਗ ਵਿਚ ਬਹੁਤ ਸੁੰਦਰ ਬਗੀਚੇ, ਫਲ-ਫੁੱਲ ਅਤੇ ਛਾਂ-ਦਾਰ ਪੌਦੇ ਲਗਾਏ ਗਏ। ਫੁੱਲ-ਬੂਟਿਆਂ ਨੂੰ ਪਾਣੀ ਦੇਣ ਅਤੇ ਬਾਗ ਦੀ ਸੁੰਦਰਤਾ ਨੂੰ ਵਧਾਉਣ ਲਈ ਫੁਹਾਰੇ ਲਗਾਏ ਗਏ। ਮਹਾਰਾਜੇ ਦੀ ਰਿਹਾਇਸ਼ ਦੇ ਲਈ ਬਾਗ ਦੇ ਵਿਚਕਾਰ ਬਾਰਾਂਦਰੀ ਵਰਗੀ ਇਕ ਬਹੁਤ ਖ਼ੂਬਸੂਰਤ ਇਮਾਰਤ ਬਣਾਈ ਗਈ, ਜਿਸ ਨੂੰ ਸ਼ੀਸ਼ ਮਹਿਲ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਤੋਂ ਇਲਾਵਾ ਡਿਓੜੀ ਅਤੇ ਹੋਰ ਇਮਾਰਤਾ ਵੀ ਬਾਗ ਵਿਚ ਉਸਾਰੀਆਂ ਗਈਆਂ। ਇਹ ਇਮਾਰਤਾਂ ਸਿੱਖ ਭਵਨ ਕਲਾ ਦਾ ਸ਼ਾਹਕਾਰ ਨਮੂਨਾ ਹਨ, ਜੋ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ।

ਸੰਨ 1831 ਵਿਚ ਅੰਮ੍ਰਿਤਸਰ ਸ਼ਹਿਰ ਵਿਖੇ ਜਦੋਂ ਇਹ ਬਾਗ ਪੂਰੀ ਤਰ੍ਹਾਂ ਮੁਕੰਮਲ ਹੋ ਗਿਆ ਤਾਂ ਦਰਬਾਰੀਆਂ ਨੇ ਮਹਾਰਾਜੇ ਨੂੰ ਇਸ ਦਾ ਨਾਂਅ ਰਣਜੀਤ ਸਿੰਘ ਬਾਗ ਰੱਖਣ ਦੀ ਬੇਨਤੀ ਕੀਤੀ। ਦਰਬਾਰੀਆਂ ਦੀ ਇਸ ਮੰਗ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਿਰੇ ਤੋਂ ਨਕਾਰਦੇ ਹੋਏ ਕਿਹਾ ਕਿ ਇਹ ਬਾਗ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਸ਼ਹਿਰ ਵਿਚ ਹੈ ਅਤੇ ਇਸ ਦਾ ਨਾਂਅ ਵੀ 'ਰਾਮਬਾਗ' ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂਅ ਉੱਪਰ ਇਸ ਬਾਗ ਦਾ ਨਾਂਅ 'ਰਾਮਬਾਗ' ਰੱਖ ਦਿੱਤਾ।

ਸ਼ੇਰ-ਏ-ਪੰਜਾਬ ਜਦੋਂ ਵੀ ਅੰਮ੍ਰਿਤਸਰ ਆਉਂਦੇ ਤਾਂ ਉਨ੍ਹਾਂ ਦੀ ਰਿਹਾਇਸ਼ ਰਾਮਬਾਗ ਵਿਚਲੇ

**ਇੰਦਰਜੀਤ ਸਿੰਘ ਹਰਪੁਰਾ**

ਆਪਣੇ ਮਹਿਲ ਵਿਚ ਹੁੰਦੀ। ਇਸ ਤਰ੍ਹਾਂ 'ਰਾਮਬਾਗ' ਸਰਕਾਰ ਖ਼ਾਲਸਾ ਦਾ ਧੁਰਾ ਬਣ ਗਿਆ ਅਤੇ ਮਹਾਰਾਜਾ ਨੇ ਇੱਥੋਂ ਹੀ ਆਪਣੇ ਰਾਜ ਦੇ ਕਈ ਅਹਿਮ ਫ਼ੈਸਲੇ ਕੀਤੇ। ਸਿੱਖ ਰਾਜ ਸਮੇਂ ਅੰਮ੍ਰਿਤਸਰ ਦੇ 'ਰਾਮਬਾਗ' ਦੀ ਸੁੰਦਰਤਾ ਦੀ ਧੁੰਮ ਸਾਰੇ ਪਾਸੇ ਸੀ ਅਤੇ ਜੋ ਕੋਈ ਵੀ ਬਾਗ ਨੂੰ ਦੇਖਦਾ ਤਾਂ ਇਸ ਦੀ ਖ਼ੂਬਸੂਰਤੀ ਦਾ ਕਾਇਲ ਹੋ ਜਾਂਦਾ।

ਜਦੋਂ ਸੰਨ 1849 ਵਿਚ ਈਸਟ ਇੰਡੀਆ ਕੰਪਨੀ ਨੇ ਦੇਸ਼-ਪੰਜਾਬ ਉੱਪਰ ਕਬਜ਼ਾ ਕਰ ਲਿਆ ਤਾਂ 'ਰਾਮਬਾਗ' ਵਿਚ ਵੀ ਈਸਟ ਇੰਡੀਆ ਕੰਪਨੀ ਦੇ ਅਧਿਕਾਰੀ ਰਹਿਣ ਲੱਗ ਪਏ। ਈਸਟ ਇੰਡੀਆ ਕੰਪਨੀ ਵਲੋਂ ਕਬਜ਼ਾ ਕਰਨ ਨਾਲ ਰਾਮਬਾਗ ਦੀ ਥਾਂ ਇਸ ਦਾ ਨਵਾਂ ਨਾਂਅ 'ਕੰਪਨੀ ਬਾਗ' ਪ੍ਰਚਲਿਤ ਕੀਤਾ ਗਿਆ। ਹੁਣ ਸੋਚਣ ਵਾਲੀ ਗੱਲ ਹੈ ਕਿ ਈਸਟ ਇੰਡੀਆ ਕੰਪਨੀ ਦਾ ਕਬਜ਼ਾ ਖ਼ਤਮ ਹੋਏ ਕਿੰਨਾ ਸਮਾਂ ਬੀਤ ਗਿਆ ਪਰ ਅਜੇ ਵੀ ਬਹੁਤੇ ਲੋਕ ਇਸ ਬਾਗ ਨੇ 'ਕੰਪਨੀ ਬਾਗ' ਹੀ ਕਹਿੰਦੇ ਹਨ। ਜਦੋਂ ਇਸ ਬਾਗ਼ ਨੂੰ ਬਣਾਉਣ ਵਾਲੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਦਾ ਨਾਂਅ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂਅ ਉੱਪਰ 'ਰਾਮਬਾਗ' ਰੱਖਿਆ ਸੀ ਤਾਂ ਹਰ ਕਿਸੇ ਨੂੰ ਇਸ ਦਾ ਨਾਂਅ 'ਰਾਮਬਾਗ' ਹੀ ਲੈਣਾ ਚਾਹੀਦਾ ਹੈ। ਜੇਕਰ ਕਿਤੇ ਸਰਕਾਰੀ ਰਿਕਾਰਡ ਵਿਚ ਵੀ ਕੰਪਨੀ ਬਾਗ ਹੈ ਤਾਂ ਉਸ ਨੂੰ ਵੀ 'ਰਾਮਬਾਗ' ਕੀਤਾ ਜਾਵੇ ਅਤੇ ਬੋਰਡ ਆਦਿ ਵੀ ਸਿਰਫ਼ 'ਰਾਮਬਾਗ' ਦੇ ਹੀ ਲਗਾਏ ਜਾਣ।

ਹੁਣ ਗੱਲ ਕਰਦੇ ਹਾਂ ਅਜੋਕੇ 'ਰਾਮਬਾਗ' ਦੀ। ਰਾਮਬਾਗ ਵਿਚ ਇਕ ਬਹੁਤ ਹੀ ਖ਼ੂਬਸੂਰਤ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਹੈ। ਸੰਨ 2001 ਦੀ 18 ਨਵੰਬਰ ਨੂੰ ਤਤਕਾਲੀਨ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਵਲੋਂ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਅਤੇ 20 ਜੁਲਾਈ 2006 ਵਿਚ ਤਤਕਾਲੀਨ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਇਸ ਦਾ ਉਦਘਾਟਨ ਕੀਤਾ ਸੀ। ਇਸ ਪੈਨੋਰਮਾ ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੀ ਝਲਕ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤੀ ਗਈ ਹੈ। ਮਹਾਰਾਜਾ ਰਣਜੀਤ ਸਿੰਘ ਦੇ ਵੱਡ ਅਕਾਰੀ ਚਿੱਤਰ, ਮੋਮ ਦੇ ਬੁੱਤਾਂ ਰਾਹੀਂ ਉਨ੍ਹਾਂ ਦੇ ਦਰਬਾਰ ਦੀ ਸ਼ਾਨ, ਵੱਖ-ਵੱਖ ਜੰਗਾਂ ਅਤੇ ਇਤਿਹਾਸਕ ਘਟਨਾਵਾਂ ਨੂੰ ਬਾਖ਼ੂਬੀ ਬਿਆਨ ਕੀਤਾ ਗਿਆ ਹੈ। ਸਿਰਫ਼ 10 ਰੁਪਏ ਦੀ ਟਿਕਟ ਲੈ ਕੇ ਇਸ ਨੂੰ ਦੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੇ ਮਹਿਲ ਵਿਚ ਮਿਊਜ਼ੀਅਮ ਵੀ ਚੱਲ ਰਿਹਾ ਹੈ।

ਭਾਵੇਂ ਕਿ ਸਰਕਾਰ ਵਲੋਂ ਪੈਨੋਰਮਾ ਤੇ ਮਿਊਜ਼ੀਅਮ ਦੇ ਰਾਹੀਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਾਰੇ ਜਾਣਕਾਰੀ ਦੇਣ ਦਾ ਵਧੀਆ ਉਪਰਾਲਾ ਕੀਤਾ ਗਿਆ ਹੈ ਪਰ ਯਾਤਰੂਆਂ ਕੋਲ ਇਸ ਪੈਨੋਰਮੇ ਤੇ ਮਿਊਜ਼ੀਅਮ ਦੀ ਜਾਣਕਾਰੀ ਨਾ ਹੋਣ ਕਾਰਨ ਬਹੁਤ ਘੱਟ ਲੋਕ ਹੀ ਇੱਥੇ ਪਹੁੰਚਦੇ ਹਨ। ਲੋੜ ਹੈ ਇਸ ਦੇ ਪ੍ਰਚਾਰ ਤੇ ਪਸਾਰ ਦੀ। ਰਾਮਬਾਗ ਵਿਚ ਅੱਜ ਵੀ ਮਹਾਰਾਜਾ ਰਣਜੀਤ ਸਿੰਘ ਦੀਆਂ ਇਮਾਰਤਾਂ ਮੌਜੂਦ ਹਨ। ਉਸ ਸਮੇਂ ਦੇ ਬਹੁਤ ਸਾਰੇ ਦਰੱਖਤ ਵੀ ਬਾਗ ਵਿਚ ਦੇਖੇ ਜਾ ਸਕਦੇ ਹਨ। ਰਾਮਬਾਗ ਬਹੁਤ ਹੀ ਖ਼ੂਬਸੂਰਤ ਹੈ ਅਤੇ ਇਸ ਦੀ ਹਰਿਆਲੀ, ਸੁੰਦਰਤਾ ਅਤੇ ਸ਼ਾਨਾਮੱਤੀ ਵਿਰਾਸਤ ਹਰ ਕਿਸੇ ਨੂੰ ਕੀਲ ਕੇ ਰੱਖ ਦਿੰਦੀ ਹੈ। ਰਾਮਬਾਗ ਵਿਚ ਕਈ ਕਲੱਬ ਵੀ ਚੱਲ ਰਹੇ ਹਨ ਅਤੇ ਨਾਲ ਇਕ ਮਹਾਰਾਜਾ ਰਣਜੀਤ ਸਿੰਘ ਟੈਨਿਸ ਕੋਰਟ ਵੀ ਹੈ। ਬੱਚਿਆਂ ਦੇ ਮਨੋਰੰਜਨ ਲਈ ਬਹੁਤ ਸਾਰੇ ਪੰਘੂੜੇ ਹਨ। ਅਗਲੀ ਵਾਰ ਜਦੋਂ ਤੁਸੀਂ ਅੰਮ੍ਰਿਤਸਰ ਗਏ ਤਾਂ ਰਾਮਬਾਗ ਦੀ ਸੈਰ ਵੀ ਕਰਕੇ ਆਇਓ। ਕਈ ਏਕੜ ਵਿਚ ਫੈਲੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਇਸ 'ਰਾਮਬਾਗ' ਦੀ ਸੈਰ ਤੁਹਾਨੂੰ ਇਤਿਹਾਸ ਤੇ ਕੁਦਰਤ ਦਾ ਖ਼ੂਬਸੂਰਤ ਸੁਮੇਲ ਲੱਗੇਗੀ।

# ਗੁਰਬਾਣੀ ਕੀਰਤਨ ਦਾ ਦਿਲਰੁਬਾ ਸਾਜ਼

**ਪ੍ਰੋ. ਜਗਪਿੰਦਰਪਾਲ ਸਿੰਘ**

ਗੁਰਬਾਣੀ ਸੰਗੀਤ ਦੀ ਤੰਤੀ ਸਾਜ਼ ਪਰੰਪਰਾ 'ਚ ਦਿਲਰੁਬਾ ਬਹੁਤ ਮਹੱਤਵਪੂਰਨ ਅਤੇ ਲੋਕਪ੍ਰਿਯਾ ਸਾਜ਼ ਹੈ। 'ਦਿਲਰੁਬਾ' ਸ਼ਬਦ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਪਿਆਰਾ ਜਾਂ ਮਾਸ਼ੂਕ। ਦਿਲਰੁਬਾ ਦੀ ਆਵਾਜ਼ ਸੱਚਮੁੱਚ ਹੀ ਦਿਲ ਨੂੰ ਛੂਹਣ ਵਾਲੀ ਹੁੰਦੀ ਹੈ। ਇਸ ਦੀ ਉਤਪਤੀ ਸੰਬੰਧੀ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਕੁਝ ਵਿਦਵਾਨ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਤਾਊਸ ਸਾਜ਼ ਆਕਾਰ 'ਚ ਵੱਡਾ ਹੋਣ ਕਾਰਨ ਇਸ ਨੂੰ ਛੋਟਾ ਅਤੇ ਹਲਕਾ ਕਰਕੇ ਹੋਂਦ 'ਚ ਲਿਆਂਦਾ ਗਿਆ ਤਾਂ ਕਿ ਸਿੰਘਾਂ ਲਈ ਲੜਾਈਆਂ ਯੁੱਧਾਂ 'ਚ ਕੀਰਤਨ ਲਈ ਸਾਜ਼ ਨੂੰ ਨਾਲ ਰੱਖਣਾ ਸੌਖਾ ਰਹੇ ਅਤੇ ਗੁਰਬਾਣੀ ਕੀਰਤਨ ਮੁਸ਼ਕਿਲ ਹਾਲਾਤ 'ਚ ਵੀ ਕੀਤਾ ਜਾ ਸਕੇ। ਕੁਝ ਵਿਦਵਾਨਾਂ ਅਨੁਸਾਰ ਦਿਲਰੁਬਾ ਸਾਜ਼ ਇਸਰਾਜ ਸੱਜ ਤੋਂ ਕੁਝ ਸਮਾਂ ਬਾਅਦ ਹੋਂਦ 'ਚ ਆਇਆ। ਸਿਧਾਂਤਕ ਤੌਰ 'ਤੇ ਦੋਨਾਂ ਸਾਜ਼ਾਂ ਦੀ ਬਨਾਵਟ ਵਿਧੀ ਬਹੁਤ ਘੱਟ ਅੰਤਰ ਹੈ। ਕੁਝ ਵਿਦਵਾਨ ਇਸ ਦਾ ਨਾਂਅ ਫ਼ਾਰਸੀ 'ਚ ਹੋਣ ਕਾਰਨ ਇਸ ਨੂੰ ਇਸਲਾਮਿਕ ਸੰਗੀਤ 'ਚੋਂ ਮੰਨਦੇ ਹਨ, ਪਰੰਤੂ ਇਸ ਦਾ ਪ੍ਰਮਾਣ ਨਹੀਂ ਮਿਲਦਾ। ਦਿਲਰੁਬਾ ਸਾਜ਼ ਜਿੰਨਾ ਗੁਰਬਾਣੀ ਸੰਗੀਤ ਵਿਚ ਲੋਕਪ੍ਰਿਯਾ ਹੈ, ਓਨਾ ਕਿਸੇ ਹੋਰ ਸੰਗੀਤ ਪਰੰਪਰਾ 'ਚ ਨਹੀਂ ਹੈ ਪਰੰਤੂ ਅਜੋਕੇ ਸਮੇਂ ਸ਼ਾਸਤਰੀ ਸੰਗੀਤ ਅਤੇ ਸੁਗਮ ਸੰਗੀਤ 'ਚ ਵੀ ਇਸ ਦਾ ਪ੍ਰਚਲਨ ਵਧਿਆ ਹੈ। ਬ੍ਰਿਟਿਸ਼ ਕਾਲ 'ਚ ਵੀ ਕੀਰਤਨ ਲਈ ਪ੍ਰਯੋਗ ਹੋਣ ਵਾਲੇ ਸਾਜ਼ਾਂ ਦੀ ਸੂਚੀ 'ਚ ਦਿਲਰੁਬਾ ਮਿਲਦਾ ਹੈ, ਜਿਸ ਦੇ ਪ੍ਰਮਾਣ ਵਜੋਂ ਭਾਈ ਕਾਨ੍ਹ ਸਿੰਘ ਨਾਭਾ ਦੇ ਗ੍ਰੰਥ 'ਮਹਾਨ ਕੋਸ਼' 'ਚ ਦਿਲਰੁਬਾ



ਦਾ ਚਿੱਤਰ ਮਿਲਦਾ ਹੈ। ਦਿਲਰੁਬਾ ਸਿਤਾਰ ਅਤੇ ਸਾਰੰਗੀ ਸਾਜ਼ਾਂ ਦਾ ਮਿਸ਼ਰਨ ਹੈ, ਕਿਉਂਕਿ ਸਿਤਾਰ ਵਾਂਗ ਪਰਦੇ ਅਤੇ ਸਾਰੰਗੀ ਦੀ ਤਰ੍ਹਾਂ ਗਜ਼ ਨਾਲ ਵਜਾਇਆ ਜਾਂਦਾ ਹੈ, ਇਸ ਦਾ ਡਾਂਡ ਵੀ ਦੇਖਣ ਨੂੰ ਸਿਤਾਰ ਵਰਗਾ ਹੀ ਲਗਦਾ ਹੈ, ਹੇਠਲਾ ਹਿੱਸਾ ਚਮੜੇ ਨਾਲ ਮੜਿਆ ਹੁੰਦਾ ਹੈ, ਜਿਸ ਨੂੰ 'ਕੁੱਤ' ਕਹਿੰਦੇ ਹਨ। ਡਾਂਡ ਉੱਤੇ 19 ਜਾਂ 20 ਪਿੱਤਲ ਦੇ ਪਰਦੇ ਬੰਨ੍ਹੇ ਹੁੰਦੇ ਹਨ। ਇਸੇ ਦੇ ਮੁੱਖ ਚਾਰ ਤਾਰ ਹੁੰਦੇ ਹਨ, ਜਿਨ੍ਹਾਂ 'ਚ ਤਿੰਨ ਲੋਹੇ ਦੇ ਅਤੇ ਇਕ ਪਿੱਤਲ ਦਾ ਹੁੰਦਾ ਹੈ। ਪਹਿਲਾ ਤਾਰ ਬਾਜ ਦਾ ਤਾਰ ਮੰਦਰ ਦੇ ਮ ਸਵਰ, ਜੋੜੇ ਦੇ ਦੋਨੋਂ ਤਾਰਾਂ ਮੰਦਰ ਸਪਤਕ ਦੇ ਸ ਅਤੇ ਮੰਦਰ ਸਪਤਕ ਦੇ 5 ਸਵਰ, ਚੌਥਾ ਪਿੱਤਲ ਦਾ ਅਤੀ ਮੰਦਰ ਸਪਤਕ ਦੇ ਸ ਸਵਰ 'ਤੇ ਸੁਰ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ 21 ਤਰਬਾਂ ਦੇ ਤਾਰ ਹੁੰਦੇ ਹਨ। ਪਟਿਆਲਾ ਘਰਾਣੇ ਦੇ ਉਸਤਾਦ ਅਲੀ ਬਖ਼ਸ਼ ਬਹੁਤ ਵਧੀਆ ਦਿਲਰੁਬਾਵਾਦਕ ਸਨ। ਪਟਿਆਲਾ ਰਾਜ ਦਰਬਾਰ ਦੇ ਮਹੰਤ ਗੱਜਾ ਸਿੰਘ ਤਾਊਸ ਦੇ ਨਾਲ-ਨਾਲ ਦਿਲਰੁਬਾ ਵੀ ਵਜਾਉਂਦੇ ਸਨ। ਨਾਮਧਾਰੀ ਸੰਪਰਦਾ 'ਚ ਗੁਰਬਾਣੀ ਕੀਰਤਨ ਲਈ ਦਿਲਰੁਬਾ ਸਾਜ਼ ਦਾ ਪ੍ਰਯੋਗ ਸਭ ਤੋਂ ਵੱਧ ਕੀਤਾ ਜਾਂਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਬਹੁਤ ਗੰਧਰਭ ਦਿਲਰੁਬਾਵਾਦਕ ਅਤੇ ਕੀਰਤਨਕਾਰ ਸਨ। ਭਾਈ ਬਲਜੀਤ ਸਿੰਘ, ਭਾਈ ਗੁਰਮੀਤ ਸਿੰਘ ਨਾਮਧਾਰੀ ਦਿੱਲੀ ਦਿਲਰੁਬਾ ਨਾਲ ਲੰਮੇ ਸਮੇਂ ਤੋਂ ਗੁਰਮਤਿ ਸੰਗੀਤ ਪਰੰਪਰਾ 'ਚ ਯੋਗਦਾਨ ਪਾ ਰਹੇ ਹਨ। ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਗਣ ਵਾਲੀਆਂ ਕੀਰਤਨ ਚੌਕੀਆਂ 'ਚ ਦਿਲਰੁਬਾ ਦੀ ਸੰਗਤ ਵਧੇਰੇ ਦੇਖਣ ਨੂੰ ਮਿਲਦੀ ਹੈ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਕਰਵਾਏ ਜਾਂਦੇ ਯੁਵਕ ਮੇਲਿਆਂ 'ਚ ਸੋਲੋ ਸਾਜ਼ ਅਤੇ ਸ਼ਬਦ ਗਾਇਨ ਦੇ ਮੁਕਾਬਲਿਆਂ 'ਚ ਦਿਲਰੁਬਾ ਸਾਜ਼ ਬਹੁਤ ਹਰਮਨ ਪਿਆਰਾ ਹੈ। ਦੇਸ਼-ਵਿਦੇਸ਼ਾਂ 'ਚ ਵੀ ਬਹੁਤ ਸਾਰੇ ਦਿਲਰੁਬਾਵਾਦਕ ਇਸ ਦੀ ਸਿਖਲਾਈ ਦੇ ਰਹੇ ਹਨ। ਇਸ ਤੋਂ ਇਲਾਵਾ ਭਾਰਤ 'ਚ ਹੋਏ ਜੀ-20 ਸਿਖ਼ਰ ਸੰਮੇਲਨ 'ਚ ਭਾਰਤੀ ਸੰਸਕ੍ਰਿਤੀ ਦੀ ਝਲਕ ਪੇਸ਼ ਕਰਨ ਹਿੱਤ ਸ਼ਾਸਤਰੀ ਸੰਗੀਤ ਦੇ ਸਾਜ਼ਾਂ ਦੇ ਨਾਲ ਦਿਲਰੁਬਾ ਅਤੇ ਇਸਰਾਜ ਦਾ ਵਾਦਨ ਕਰਵਾਇਆ ਗਿਆ, ਜੋ ਕਿ ਬਹੁਤ ਸ਼ਲਾਘਾਯੋਗ ਉੱਦਮ ਹੈ।

# ਹਾਂ-ਪੱਖੀ ਸੋਚ ਅਤੇ ਸੁੰਦਰਤਾ

ਲੋਕ ਚੰਗਾ ਤੇ ਸੁੰਦਰ ਬਣਨਾ ਅਤੇ ਦਿਸਣਾ ਚਾਹੁੰਦੇ ਹਨ। ਇਸ ਦੇ ਮਾਧਿਅਮ ਨਾਲ ਉਹ ਦੂਜਿਆਂ ਦਾ ਸਨੇਹ, ਸਨਮਾਨ ਅਤੇ ਸਹਿਯੋਗ ਹਾਸਲ ਕਰਨਾ ਚਾਹੁੰਦੇ ਹਨ। ਜ਼ਿਆਦਾਤਰ ਅਜਿਹਾ ਹੋ ਨਹੀਂ ਪਾਉਂਦਾ ਕਿਉਂਕਿ ਵਿਅਕਤੀ ਦੀ ਇੱਛਾ ਅਤੇ ਉਸ ਮੁਤਾਬਕ ਕਰਮ ਵਿਚਾਲੇ ਅੰਤਰ ਆ ਜਾਂਦਾ ਹੈ। ਜਿਹੋ ਜਿਹੀ ਇੱਛਾ ਹੈ, ਉਸ ਮੁਤਾਬਕ ਸੋਚ, ਵਿਚਾਰ, ਬੋਲ-ਬਾਣੀ ਤੇ ਵਿਵਹਾਰ ਨਹੀਂ ਹੋ ਪਾਉਂਦਾ ਹੈ। ਇਸ ਵਿਚ ਦੂਜਿਆਂ ਨੂੰ ਦੋਸ਼ ਦੇਣ ਦੀ ਥਾਂ ਖ਼ੁਦ ਨੂੰ ਬਦਲਣਾ ਜ਼ਰੂਰੀ ਹੈ। ਆਪਣੇ ਵਿਚਾਰਾਂ ਨੂੰ ਹਾਂ-ਪੱਖੀ ਬਣਾਉਣਾ ਜ਼ਰੂਰੀ ਹੈ। ਸੁੰਦਰ ਬਣਨ ਜਾਂ ਸਭ ਤੋਂ ਇੱਜ਼ਤ-ਮਾਣ ਹਾਸਲ ਕਰਨ ਦਾ ਇਕ ਹੀ ਮੂਲ ਮੰਤਰ ਹੈ-ਸੁੰਦਰ ਸੋਚਣੀ ਨੂੰ ਅਪਣਾਉਣਾ। ਸੁੰਦਰ ਸੋਚ ਹਾਂ-ਪੱਖੀ ਸੋਚ ਹੈ। ਕਈ ਵਾਰ ਇਸ ਨੂੰ ਅਪਣਾਉਣਾ ਕਠਿਨ ਹੁੰਦਾ ਹੈ ਕਿਉਂਕਿ ਬੁਰੇ ਵਰਤਾਅ ਕਾਰਨ ਸਾਡਾ ਮਨ ਗੁੱਸੇ ਨਾਲ ਭਰ ਜਾਂਦਾ ਹੈ। ਉਹ ਉਸ ਨੂੰ ਸਜ਼ਾ ਮਿਲਦੀ ਦੇਖਣਾ ਚਾਹੁੰਦਾ ਹੈ।

ਇਨ੍ਹਾਂ ਨਾਂਹ-ਪੱਖੀ ਵਿਚਾਰਾਂ ਕਾਰਨ ਵਿਅਕਤੀ ਨੂੰ ਨਫ਼ਰਤ, ਕਰੋਧ ਆਦਿ ਦੁੱਖਾਂ ਨੂੰ ਸਹਿਣਾ ਪੈਂਦਾ ਹੈ। ਦੇਖਿਆ ਜਾਵੇ ਤਾਂ ਲੋਕਾਂ ਅਤੇ ਹਾਲਾਤ 'ਤੇ ਸਾਡਾ ਕੋਈ ਕਾਬੂ ਨਹੀਂ ਹੁੰਦਾ ਹੈ ਪਰ ਪ੍ਰਤੀਕਰਮ ਵਜੋਂ ਸਾਡੇ ਜੋ ਵਿਚਾਰ ਉਪਜਦੇ ਹਨ, ਉਹ ਸਾਡੇ ਆਪਣੇ ਹੱਥ-ਵੱਸ ਹੁੰਦੇ ਹਨ। ਇਹ ਸਾਡਾ ਆਪਣਾ ਫ਼ੈਸਲਾ ਹੁੰਦਾ ਹੈ ਕਿ ਅਸੀਂ ਕਿਸੇ ਪ੍ਰਤੀ ਕਿਹੋ ਜਿਹਾ ਦ੍ਰਿਸ਼ਟੀਕੋਣ ਰੱਖੀਏ। ਤੁਸੀਂ ਜੋ ਬੋਲਦੇ ਹੋ, ਉਹ ਸ਼ਬਦ ਆਪਣੇ-ਆਪ ਮੁੱਖ ਤੋਂ ਨਹੀਂ ਨਿਕਲਦੇ, ਉਨ੍ਹਾਂ ਨੂੰ ਅਸੀਂ ਚੁਣਦੇ ਹਾਂ।

ਜੇ ਅਸੀਂ ਚੌਕਸ ਹੋ ਕੇ ਸੋਚ ਲਈਏ ਅਤੇ ਮਿੱਥ ਲਈਏ ਕਿ ਇਸ ਸਥਿਤੀ ਵਿਚ ਸਾਨੂੰ ਅਲੱਗ ਤਰ੍ਹਾਂ ਪ੍ਰਤੀਕਰਮ ਦੇਣਾ ਹੈ ਅਤੇ ਉਸ ਨੂੰ ਵਾਰ-ਵਾਰ ਦੁਹਰਾਵਾਂਗੇ ਤਾਂ ਉਹ ਸਾਡੀ ਆਦਤ ਹੋ ਜਾਵੇਗੀ। ਅਜਿਹੀਆਂ ਆਦਤਾਂ ਨਾਲ ਅਸੀਂ ਪਰਿਵਰਤਨ ਲਿਆਉਣ ਦੇ ਸਮਰੱਥ ਹੁੰਦੇ ਹਾਂ। ਜੇ ਅਸੀਂ ਆਪਣੇ ਬੋਲਾਂ, ਕਰਮਾਂ, ਵਿਵਹਾਰ ਤੇ ਜੀਵਨ-ਸ਼ੈਲੀ ਵਿਚ ਸੁਖਾਵਾਂ ਬਦਲਾਅ ਲਿਆਉਣਾ ਹੈ ਤਾਂ ਆਪਣੇ ਸੋਚ, ਵਿਚਾਰ ਤੇ ਸੰਕਲਪਾਂ ਨੂੰ ਹਾਂ-ਪੱਖੀ ਬਣਾਉਣਾ ਹੋਵੇਗਾ।

ਸੁੱਖਾਂ ਵਾਲੇ ਸੰਕਲਪਾਂ ਦੇ ਸੰਗਠਿਤ ਬਲ ਨਾਲ ਹੀ ਪੂਰੀ ਸ੍ਰਿਸ਼ਟੀ ਸੁੱਖ ਦੇਣ ਵਾਲੀ ਬਣ ਸਕਦੀ ਹੈ। ਉੱਥੇ ਹਰ ਵਿਅਕਤੀ ਸੁੰਦਰ ਬਣ ਸਕਦਾ ਹੈ। ਸ਼ਕਲ-ਸੂਰਤ ਤੋਂ ਖ਼ੂਬਸੂਰਤ ਹੋਣਾ ਸੁੰਦਰਤਾ ਦਾ ਪੈਮਾਨਾ ਨਹੀਂ ਹੋਣਾ ਚਾਹੀਦਾ ਸਗੋਂ ਸੀਰਤ ਦੀ ਸੁੰਦਰਤਾ ਨੂੰ ਅਹਿਮੀਅਤ ਮਿਲਣੀ ਚਾਹੀਦੀ ਹੈ। ਭਾਵੇਂ ਸੋਹਣਾ ਚਿਹਰਾ ਹਰ ਕਿਸੇ ਦਾ ਧਿਆਨ ਖਿੱਚਦਾ ਹੈ ਪਰ ਕਦਰ ਸੀਰਤ ਦੀ ਸੁੰਦਰਤਾ ਦੀ ਹੀ ਪੈਂਦੀ ਹੈ।

-ਬ੍ਰਹਮ ਕੁਮਾਰੀ ਸ਼ਿਵਾਨੀ

# ਸਵਾਮੀਨਾਥਨ: ਭਾਰਤ ਦੀ ਹਰੀ ਕ੍ਰਾਂਤੀ ਦਾ ਸਿਰਜਕ


**ਦਵਿੰਦਰ ਸ਼ਰਮਾ**

ਪ੍ਰੋਫੈਸਰ ਐੱਮ. ਐੱਸ. ਸਵਾਮੀਨਾਥਨ ਨੂੰ ਅਕਸਰ ਭਾਰਤ ਦੀ ਹਰੀ ਕ੍ਰਾਂਤੀ ਦਾ ਪਿਤਾਮਾ ਆਖਿਆ ਜਾਂਦਾ ਹੈ। ਉਹ ਅਜਿਹੇ ਆਦਰਸ਼ ਸਾਇੰਸਦਾਨ-ਪ੍ਰਸ਼ਾਸਕ ਸਨ ਜਨਿ੍ਹਾਂ ਨੂੰ ਪਹਿਲੇ ਵਿਸ਼ਵ ਖ਼ੁਰਾਕ ਪੁਰਸਕਾਰ ਨਾਲ ਨਵਿਾਜ਼ਿਆ ਗਿਆ ਸੀ। ਉਨ੍ਹਾਂ ਦੇ ਦੇਹਾਂਤ ਨਾਲ ਇਕ ਯੁੱਗ ਖ਼ਤਮ ਹੋ ਗਿਆ ਹੈ।

ਇਕ ਵਾਰ ਉਨ੍ਹਾਂ ਮੈਨੂੰ ਦੱਸਿਆ ਸੀ "ਹਰੀ ਕ੍ਰਾਂਤੀ ਦਾ ਇਤਿਹਾਸ ਦਰਅਸਲ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਮੇਰੇ ਅੱਧੇ ਕੁ ਘੰਟੇ ਦੇ ਕਾਰ ਦੇ ਸਫ਼ਰ ਦੌਰਾਨ ਲਿਖਿਆ ਗਿਆ ਸੀ।" ਜਦੋਂ ਮੈਂ ਉਨ੍ਹਾਂ ਤੋਂ ਪੁੱਛਿਆ ਕਿ ਖੇਤੀਬਾੜੀ ਕ੍ਰਾਂਤੀ ਦਾ ਮੁੱਢ ਬੰਨ੍ਹਣ ਸਮੇਂ ਲੋੜੀਂਦੀ ਸਿਆਸੀ ਇੱਛਾ ਹਾਸਲ ਕਰਨ ਵਿਚ ਕਿੰਨੀ ਕੁ ਔਕੜ ਦਾ ਸਾਹਮਣਾ ਕਰਨਾ ਪਿਆ ਸੀ ਤਾਂ ਉਨ੍ਹਾਂ ਨੇ ਦੱਸਿਆ ਕਿ ਉਹ ਉਦੋਂ ਨਵੀਂ ਦਿੱਲੀ ਵਿਚ ਭਾਰਤੀ ਖੇਤੀਬਾੜੀ ਖੋਜ ਸੰਸਥਾਨ ਦੇ ਡਾਇਰੈਕਟਰ ਸਨ ਅਤੇ ਇਕ ਵਾਰ ਪੂਸਾ ਭਵਨ ਵਿਚ ਇਕ ਇਮਾਰਤ ਦਾ ਉਦਘਾਟਨ ਕਰਨ ਜਾਣ ਲਈ ਉਹ ਸ਼੍ਰੀਮਤੀ ਗਾਂਧੀ ਨਾਲ ਗਏ ਸਨ। ਰਸਤੇ ਵਿਚ ਪ੍ਰਧਾਨ ਮੰਤਰੀ ਨੇ ਉਨ੍ਹਾਂ ਤੋਂ ਪੁੱਛਿਆ "ਸਵਾਮੀ, ਤੁਸੀਂ ਕਣਕ ਦੀਆਂ ਜਿਹੜੀਆਂ ਮਧਰੀਆਂ ਕਿਸਮਾਂ ਦੀ ਗੱਲ ਕਰਦੇ ਹੋ, ਮੈਂ ਉਨ੍ਹਾਂ ਨੂੰ ਪ੍ਰਵਾਨ ਕਰਾਂਗੀ, ਪਰ ਤੁਸੀਂ ਮੇਰੇ ਨਾਲ ਵਾਅਦਾ ਕਰੋ ਕਿ ਆਉਣ ਵਾਲੇ ਦੋ ਕੁ ਸਾਲਾਂ ਵਿਚ ਤੁਸੀਂ ਮੈਨੂੰ 10 ਮਿਲੀਅਨ ਟਨ ਵਾਧੂ ਅਨਾਜ ਪੈਦਾ ਕਰ ਕੇ ਦਿਓਗੇ ਕਿਉਂਕਿ ਮੈਂ ਆਪਣੇ ਮੋਢਿਆਂ ਤੋਂ ਲਾਹਣਤੀ ਅਮਰੀਕੀਆਂ ਨੂੰ ਲਾਹੁਣਾ ਚਾਹੁੰਦੀ ਹਾਂ।" ਸਵਾਮੀਨਾਥਨ ਨੇ ਇਹ ਵਚਨ ਦੇ ਦਿੱਤਾ ਅਤੇ ਬਾਕੀ ਸਭ ਇਤਿਹਾਸ ਦਾ ਹਿੱਸਾ ਹੈ।

ਭਾਰਤ ਦੇ ਹਾਲਾਤ ਉਦੋਂ ਇਹੋ ਜਿਹੇ ਸਨ ਕਿ ਬਾਹਰੋਂ ਮੰਗਵਾਇਆ ਜਾਂਦਾ ਅਨਾਜ ਸਿੱਧਾ ਲੋਕਾਂ ਦੇ ਮੂੰਹ ਵਿਚ ਚਲਾ ਜਾਂਦਾ ਸੀ ਅਤੇ ਫਿਰ ਖੇਤੀਬਾੜੀ ਵਿਚ ਇਕ ਅਜਿਹਾ ਮੋੜ ਆਇਆ ਕਿ ਭਾਰਤ ਨਾ ਕੇਵਲ ਖ਼ੁਰਾਕ ਪੱਖੋਂ ਆਤਮਨਿਰਭਰ ਬਣ ਗਿਆ ਸਗੋਂ ਹੌਲੀ ਹੌਲੀ ਅਨਾਜ ਦਾ ਬਰਾਮਦਕਾਰ ਵੀ ਬਣ ਗਿਆ। ਢੁੱਕਵੀਆਂ ਨੀਤੀਆਂ ਦੇ ਆਧਾਰ 'ਤੇ ਸ਼ੁਰੂ ਹੋਈ ਹਰੀ ਕ੍ਰਾਂਤੀ ਦੀ ਗਾਥਾ ਦਾ ਮੂਲ ਉਦੇਸ਼ ਦੇਸ਼ ਨੂੰ ਭੁੱਖਮਰੀ ਦੇ ਚੱਕਰ 'ਚੋਂ ਕੱਢਣਾ ਸੀ। 1943 ਦੇ ਬੰਗਾਲ ਵਿਚ ਪਏ ਅਕਾਲ ਤੋਂ ਚਾਰ ਕੁ ਸਾਲਾਂ ਬਾਅਦ ਆਜ਼ਾਦੀ ਆ ਗਈ, ਪਰ ਦੇਸ਼ ਸਾਹਮਣੇ ਭੁੱਖਮਰੀ 'ਚੋਂ ਉੱਭਰਨ ਦੀ ਚੁਣੌਤੀ ਹਾਲੇ ਵੀ ਬਰਕਰਾਰ ਸੀ। ਦਹਾਕਿਆਂ ਤੋਂ ਉੱਤਰੀ ਅਮਰੀਕਾ ਤੋਂ ਪੀਐੱਲ-480 ਤਹਿਤ ਅਨਾਜ ਮੰਗਵਾਇਆ ਜਾ ਰਿਹਾ ਸੀ। ਕੁਝ ਲੋਕਾਂ ਵੱਲੋਂ ਇਹ ਕਿਆਸ ਲਾਏ ਜਾ ਰਹੇ ਸਨ ਕਿ 1970ਵਿਆਂ ਦੇ ਮੱਧ ਤੱਕ ਭਾਰਤ ਦੀ ਅੱਧੀ ਆਬਾਦੀ ਭੁੱਖਮਰੀ ਦਾ ਸ਼ਿਕਾਰ ਹੋ ਜਾਵੇਗੀ। ਪ੍ਰੋ. ਸਵਾਮੀਨਾਥਨ ਦਾ ਭੁੱਖਮਰੀ ਖ਼ਿਲਾਫ਼ ਸੰਘਰਸ਼ ਦੁਨੀਆ ਵਿਚ ਸਭ ਤੋਂ ਵੱਧ ਅਹਿਮ ਆਰਥਿਕ ਘਟਨਾਕ੍ਰਮਾਂ ਵਿਚ ਸ਼ੁਮਾਰ ਕੀਤਾ ਜਾਵੇਗਾ।

ਹਰੀ ਕ੍ਰਾਂਤੀ ਦੇ ਘਾੜੇ ਵਜੋਂ ਪ੍ਰੋ. ਸਵਾਮੀਨਾਥਨ ਸੰਘਣੀ ਖੇਤੀ ਦੇ ਨਾਂਹਮੁਖੀ ਸਿੱਟਿਆਂ ਤੋਂ ਵੀ ਸੁਚੇਤ ਸਨ। ਕਈ ਪੱਖਾਂ ਤੋਂ ਉਹ ਇਕ ਦੂਰ ਦ੍ਰਿਸ਼ਟੀਵੇਤਾ ਸਨ ਜਨਿ੍ਹਾਂ ਨੇ ਇਸ ਖੇਤੀ ਜੁਗਤ ਦੇ ਅੱਗੇ ਚੱਲ ਕੇ ਨਿਕਲਣ ਵਾਲੇ ਨੁਕਸਾਨਾਂ ਬਾਰੇ ਕਈ ਵਾਰ ਖ਼ਬਰਦਾਰ ਕੀਤਾ ਸੀ। ਹਰੀ ਕ੍ਰਾਂਤੀ ਤੋਂ ਕੁਝ ਸਾਲਾਂ ਬਾਅਦ ਉਨ੍ਹਾਂ ਨੇ ਲਿਖਿਆ ਸੀ "ਜ਼ਮੀਨ ਦੇ ਉਪਜਾਊਪਣ ਅਤੇ ਭੌਂ ਢਾਂਚੇ ਦੀ ਸਾਂਭ ਸੰਭਾਲ ਕੀਤੇ ਬਿਨਾ ਸੰਘਣੀ ਕਾਸ਼ਤਕਾਰੀ ਨਾਲ ਅੰਤ ਨੂੰ ਜ਼ਮੀਨ ਬੰਜਰ ਹੋ ਜਾਵੇਗੀ। ਕੀਟਨਾਸ਼ਕਾਂ, ਉੱਲੀਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਨਾਲ ਜ਼ਹਿਰੀਲੇ ਮਾਦਿਆਂ ਕਰ ਕੇ ਕੈਂਸਰ ਅਤੇ ਕਈ



ਹੋਰ ਭਿਆਨਕ ਬਿਮਾਰੀਆਂ ਪੈਦਾ ਹੋਣ ਦਾ ਖ਼ਤਰਾ ਹੈ। ਜ਼ਮੀਨ ਹੇਠਲੇ ਪਾਣੀ ਦੀ ਗ਼ੈਰ ਵਿਗਿਆਨਕ ਵਰਤੋਂ ਕਰ ਕੇ ਇਹ ਬੇਸ਼ਕੀਮਤੀ ਸਰਮਾਇਆ ਬਰਬਾਦ ਹੋ ਜਾਵੇਗਾ।"

ਫਿਲਪੀਨਜ਼ ਵਿਚ ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ (ਆਈਆਰਆਰਆਈ) ਦੇ ਡਾਇਰੈਕਟਰ ਜਨਰਲ ਵਜੋਂ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੂੰ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਸੁਹਾਰਤੋ ਦਾ ਇਕ ਅਚੰਭੇ ਭਰਿਆ ਸੰਦੇਸ਼ ਮਿਲਿਆ ਸੀ। ਬ੍ਰਾਊਨ ਪਲਾਂਟਹੌਪਰ ਦੇ ਹਮਲੇ ਕਰ ਕੇ ਇੰਡੋਨੇਸ਼ੀਆ ਦੀ ਝੋਨੇ ਦੀ ਫ਼ਸਲ ਬਰਬਾਦ ਹੋ ਗਈ ਸੀ ਅਤੇ ਰਾਸ਼ਟਰਪਤੀ ਸੁਹਾਰਤੋ ਚਾਹੁੰਦੇ ਸਨ ਕਿ ਪ੍ਰੋ. ਸਵਾਮੀਨਾਥਨ ਇਸ ਦਾ ਕੋਈ ਹੱਲ ਲੱਭਣ। ਉਨ੍ਹਾਂ ਸਾਇੰਸਦਾਨਾਂ ਦੀ ਇਕ ਟੀਮ ਬਣਾਈ ਜਿਸ ਨੇ ਇੰਡੋਨੇਸ਼ੀਆ ਦਾ ਦੌਰਾ ਕਰ ਕੇ ਸੁਹਾਰਤੋ ਨੂੰ ਝੋਨੇ ਦੀ ਫ਼ਸਲ 'ਤੇ ਕੀਤੇ ਜਾਂਦੇ ਕੀਟਨਾਸ਼ਕਾਂ 'ਤੇ ਪਾਬੰਦੀ ਲਾਉਣ ਦੀ ਸਲਾਹ ਦਿੱਤੀ ਅਤੇ ਇਸ ਦੇ ਨਾਲ ਹੀ ਇਕਜੁੱਟ ਕੀਟ ਪ੍ਰਬੰਧਨ ਪ੍ਰੋਗਰਾਮ ਸ਼ੁਰੂ ਕਰ ਦਿੱਤਾ। ਰਾਸ਼ਟਰਪਤੀ ਸੁਹਾਰਤੋ ਨੇ ਫਰਮਾਨ ਜਾਰੀ ਕਰਦਿਆਂ 57 ਕੀਟਨਾਸ਼ਕਾਂ 'ਤੇ ਪਾਬੰਦੀ ਲਗਾਈ ਸੀ।

ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਪ੍ਰੋ. ਸਵਾਮੀਨਾਥਨ ਤਕਨਾਲੋਜੀ ਦੇ ਅੰਨ੍ਹੇ ਮੁਰੀਦ ਨਹੀਂ ਸਨ। ਜਦੋਂ ਜੀਨ ਸੋਧਿਤ (ਜੀਐੱਮ) ਫ਼ਸਲਾਂ ਖ਼ਿਲਾਫ਼ ਮੁਹਿੰਮ ਜ਼ੋਰਾਂ 'ਤੇ ਚੱਲ ਰਹੀ ਸੀ ਤਾਂ ਉਸ ਵੇਲੇ ਦੇ ਵਾਤਾਵਰਨ ਮੰਤਰੀ ਜੈਰਾਮ ਰਮੇਸ਼ ਨੂੰ ਪ੍ਰਾਪਤ ਹੋਈ ਉਨ੍ਹਾਂ ਦੀ ਪ੍ਰਤੀਕਿਰਿਆ ਬੀਟੀ ਬੈਂਗਣ ਦੀ ਤਜਾਰਤੀ ਕਾਸ਼ਤਕਾਰੀ 'ਤੇ ਰੋਕ ਲਾਉਣ ਦਾ ਅਹਿਮ ਆਧਾਰ ਬਣੀ ਸੀ। ਚੇਨਈ ਸਥਿਤ ਐੱਮਐੱਸ ਸਵਾਮੀਨਾਥਨ ਰਿਸਰਚ ਫਾਊਂਡੇਸ਼ਨ ਵਿਖੇ ਇਕ ਕਾਨਫਰੰਸ ਦੌਰਾਨ ਉਨ੍ਹਾਂ ਸੁਹਾਂਜਣ ਦੀ ਇਕ ਫ਼ਲੀ ਦੀ ਸਲਾਈਡ ਪੇਸ਼ ਕਰਦਿਆਂ ਜੀਐੱਮ ਚੌਲਾਂ ਵਿਚ ਵਿਟਾਮਿਨ ਏ ਦੀ ਲੋੜ ਬਾਰੇ ਸਵਾਲ ਉਠਾਇਆ ਸੀ। ਉਨ੍ਹਾਂ ਦਾ ਨੁਕਤਾ ਇਹ ਸੀ ਕਿ ਸਾਡੀ ਰਵਾਇਤੀ ਖ਼ੁਰਾਕ ਵਿਚ ਚੌਲਾਂ ਨਾਲ ਸੁਹਾਂਜਣ ਦੇ ਪੱਤੇ ਪਕਾਏ ਜਾਣ ਨਾਲ ਆਪਣੇ ਆਪ ਹੀ ਵਿਟਾਮਿਨ 'ਏ' ਮਿਲ ਜਾਂਦਾ ਹੈ।

ਜੇ ਪ੍ਰੋ. ਸਵਾਮੀਨਾਥਨ ਵੱਲੋਂ ਸਮੇਂ ਸਮੇਂ 'ਤੇ ਉਭਾਰੇ ਜਾਂਦੇ ਵਾਤਾਵਰਨ ਦੇ ਸਰੋਕਾਰਾਂ 'ਤੇ ਨੀਤੀਘਾੜਿਆਂ ਵੱਲੋਂ ਕੰਨ ਧਰਿਆ ਜਾਂਦਾ ਤਾਂ ਅੱਜ ਭਾਰਤੀ ਖੇਤੀਬਾੜੀ ਲਈ ਹੰਢਣਸਾਰਤਾ ਦਾ ਜੋ ਸੰਕਟ ਬਣਿਆ ਹੋਇਆ ਹੈ, ਉਹ ਟਾਲਿਆ ਜਾ ਸਕਦਾ ਸੀ। ਉਹ ਪਲਾਂਟ ਜੈਨੇਟਿਕ ਰਿਸੋਰਸ ਆਫ ਸੀਜੀਆਈਏਆਰ (ਜੋ ਕੌਮਾਂਤਰੀ ਖੇਤੀਬਾੜੀ ਖੋਜ ਕੇਂਦਰਾਂ ਦਾ ਇਕ ਸਮੂਹ ਹੈ) ਦੇ ਕੇਂਦਰੀ ਸਲਾਹਕਾਰੀ ਬੋਰਡ ਦੇ ਮੁਖੀ ਵੀ ਰਹੇ ਸਨ। ਉਨ੍ਹਾਂ ਨੇ ਆਲਮੀ ਪੱਧਰ 'ਤੇ ਮਿਲਦੇ ਪਲਾਂਟ ਜੈਨੇਟਿਕ ਸਰੋਤ ਪ੍ਰਾਈਵੇਟ ਕੰਪਨੀਆਂ ਨੂੰ ਥੋਕ ਦੇ ਭਾਅ ਵੇਚਣ ਦੇ ਅਮਲ ਨੂੰ ਠੱਲ੍ਹ ਪਾਉਣ ਲਈ ਮਿਸਾਲੀ ਭੂਮਿਕਾ ਨਿਭਾਈ ਸੀ।

ਜਦੋਂ ਪ੍ਰੋ. ਸਵਾਮੀਨਾਥਨ ਨੂੰ 2004 ਵਿਚ ਕੌਮੀ ਕਿਸਾਨ ਕਮਿਸ਼ਨ (ਐੱਨਐੱਫਸੀ) ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਤਾਂ ਉਨ੍ਹਾਂ ਕਮਿਸ਼ਨ ਦੀ ਰਿਪੋਰਟ ਬਾਰੇ ਜ਼ੀਰੋ ਡਰਾਫਟ ਲਿਖਣ ਲਈ ਮੈਨੂੰ ਸੱਦਿਆ ਸੀ ਅਤੇ ਇਸ ਰਿਪੋਰਟ ਨੂੰ ਅੰਤਮ ਰੂਪ ਦੇਣ ਤੋਂ ਪਹਿਲਾਂ ਇਸ ਬਾਰੇ ਸਮੁੱਚੇ ਦੇਸ਼ ਅੰਦਰ ਨਿੱਠ ਕੇ ਚਰਚਾ ਕਰਵਾਈ ਸੀ। ਮੇਰਾ ਜ਼ਿੰਮਾ ਇਹ ਸੀ ਕਿ ਕਿਸਾਨਾਂ ਨੂੰ ਇਸ ਦੇ ਕੇਂਦਰ ਵਿਚ ਰੱਖਿਆ ਜਾਵੇ ਅਤੇ ਫਿਰ ਦੇਖਿਆ ਜਾਵੇ ਕਿ ਹਾਲਾਤ ਵਿਚ ਕਿੰਨਾ ਕੁ ਸੁਧਾਰ ਲਿਆਂਦਾ ਜਾ ਸਕਦਾ ਹੈ। ਜਦੋਂ ਬਾਅਦ ਵਿਚ ਮੈਨੂੰ ਇਹ ਕਿਹਾ ਗਿਆ ਕਿ ਸਿਰਫ਼ ਕਿਸਾਨਾਂ 'ਤੇ ਹੀ ਧਿਆਨ ਕੇਂਦਰਿਤ ਨਾ ਕੀਤਾ ਜਾਵੇ ਸਗੋਂ ਹੋਰਨਾਂ ਧਿਰਾਂ ਨੂੰ ਵੀ ਸ਼ਾਮਲ ਕੀਤਾ ਜਾਵੇ ਤਾਂ ਮੈਂ ਇਸ ਤੋਂ ਮੁਆਫ਼ੀ ਮੰਗੀ। ਉਂਝ, ਇਸ ਦੌਰਾਨ ਪ੍ਰੋ. ਸਵਾਮੀਨਾਥਨ ਦਾ ਧਿਆਨ ਕਿਸਾਨਾਂ ਦੀ ਆਮਦਨ ਸੁਰੱਖਿਆ ਯਕੀਨੀ ਬਣਾਉਣ 'ਤੇ ਕੇਂਦਰਿਤ ਰਿਹਾ। ਉਨ੍ਹਾਂ ਖ਼ੁਰਾਕ ਦੇ ਉਤਪਾਦਨ ਵਿਚ ਵਾਧੇ ਲਈ ਕਿਸਾਨਾਂ ਵੱਲੋਂ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ, ਪਰ ਕਿਸਾਨੀ ਭਾਈਚਾਰੇ ਦੀ ਦੁਰਗਤ ਦੇਖ ਕੇ ਉਹ ਹਮੇਸ਼ਾਂ ਦੁਖੀ ਹੋ ਜਾਂਦੇ ਸਨ।

ਸਾਲ 2004 ਤੋਂ 2006 ਦੇ ਅਰਸੇ ਦੌਰਾਨ ਪੇਸ਼ ਕੀਤੀ ਗਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦਾ ਉਦੇਸ਼ ਭਾਰਤੀ ਖੇਤੀਬਾੜੀ ਦੀ ਉਤਪਾਦਕਤਾ, ਲਾਹੇਵੰਦੀ ਅਤੇ ਹੰਢਣਸਾਰਤਾ ਨੂੰ ਵਧਾਉਣਾ ਸੀ। ਇਹ ਰਿਪੋਰਟ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਨੂੰ ਇਕਜੁੱਟ ਕਰਨ ਵਾਲਾ ਨੁਕਤਾ ਬਣੀ ਹੋਈ ਹੈ। ਰਿਪੋਰਟ ਵਿਚ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦੇ ਮੁੱਲ 'ਤੇ 50 ਫ਼ੀਸਦ ਲਾਭ ਦੇਣ ਦਾ ਸੁਝਾਅ ਦਿੱਤਾ ਗਿਆ ਸੀ, ਪਰ ਕਿਸੇ ਵੀ ਸਰਕਾਰ ਨੇ ਇਸ 'ਤੇ ਅਮਲ ਨਹੀਂ ਕੀਤਾ। ਉਨ੍ਹਾਂ ਨੂੰ ਸੱਚੇ ਮਨੋਂ ਸ਼ਰਧਾਂਜਲੀ ਭੇਟ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹੀ ਹੋਵੇਗਾ ਕਿ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਸਹੀ ਮਾਅਨਿਆਂ ਵਿਚ ਲਾਗੂ ਕੀਤਾ ਜਾਵੇ।


# ਇੰਜ ਬੱਝਿਆ ਗ਼ਦਰ ਲਹਿਰ ਦਾ ਮੁੱਢ

**-ਪ੍ਰਿਥੀਪਾਲ ਸਿੰਘ ਮਾੜੀਮੇਘਾ**

ਪੰਜਾਬੀਆਂ ਦੀ ਕੁਰਬਾਨੀ ਦੀ ਅਦੁੱਤੀ ਮਿਸਾਲ ਕਾਮਾਗਾਟਾਮਾਰੂ ਸਾਕਾ ਹੈ। ਇਸ ਲਹਿਰ ਦੇ ਮੁੱਖ ਆਗੂ ਬਾਬਾ ਗੁਰਦਿੱਤ ਸਿੰਘ ਸਰਹਾਲੀ ਸਨ। ਉਹ ਆਪਣੇ ਪਿਤਾ ਕੋਲ ਕੰਮਕਾਰ ਲਈ ਮਲਾਇਆ ਗਏ ਤੇ ਠੇਕੇਦਾਰੀ ਦਾ ਕੰਮ ਕਰਨ ਲੱਗ ਪਏ। ਆਪ ਪਿੰਡ ਸਰਹਾਲੀ ਤੋਂ ਮੱਝਾਂ ਲਿਜਾ ਕੇ ਮਲਾਇਆ ਵਿਖੇ ਵੇਚਦੇ ਸਨ। ਵਪਾਰ ਕਰਨ ਸਦਕਾ ਉਨ੍ਹਾਂ ਦੇ ਗਿਆਨ ਵਿਚ ਵਾਧਾ ਹੋਇਆ। ਇਸ ਵਪਾਰ 'ਚੋਂ ਹੀ ਉਨ੍ਹਾਂ ਜਾਣਿਆ ਕਿ ਅੰਗਰੇਜ਼ ਸਾਡੇ ਦੇਸ਼ 'ਤੇ ਰਾਜ ਇਸ ਕਰਕੇ ਕਰ ਰਹੇ ਹਨ ਕਿ ਉਹ ਸਾਡੇ ਕਿਰਤੀ ਕਿਸਾਨਾਂ ਦੀ ਕਿਰਤ-ਕਮਾਈ ਨੂੰ ਲੁੱਟ ਕੇ ਆਪਣੇ ਦੇਸ਼ ਲਿਜਾਂਦੇ ਹਨ। ਇਸ ਲਈ ਦੇਸ਼ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਉਣਾ ਅਤਿ ਜ਼ਰੂਰੀ ਹੈ। ਬਾਬਾ ਗੁਰਦਿੱਤ ਸਿੰਘ ਨਾਲ ਮਲਾਇਆ ਵਿਚ ਇਕ ਘਟਨਾ ਵਾਪਰ ਗਈ। ਉਨ੍ਹਾਂ ਦਾ ਹਿੱਸੇਦਾਰ ਮੂਲ ਚੰਦ 1200 ਡਾਲਰ ਲੈ ਕੇ ਹਾਂਗਕਾਂਗ ਦੌੜ ਗਿਆ। ਬਾਬਾ ਜੀ ਉਸ ਤੋਂ ਪੈਸੇ ਲੈਣ ਵਾਸਤੇ ਹਾਂਗਕਾਂਗ ਗਏ। ਪੈਸੇ ਤਾਂ ਮਿਲੇ ਨਾ ਪਰ ਗੁਰਦੁਆਰੇ ਵਿਚ 3 ਜਨਵਰੀ 1914 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ 'ਤੇ ਦੀਵਾਨ ਲੱਗਾ ਹੋਇਆ ਸੀ।

ਆਪ ਨੇ ਦੀਵਾਨ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ,"ਮੈਂ ਗ਼ਦਰ ਲਹਿਰ ਦੀ ਗਰਮਜੋਸ਼ੀ ਨਾਲ ਹਮਾਇਤ ਕਰਦਾ ਹਾਂ ਤੇ ਹਰ ਸਿੱਖ ਦਾ ਵੀ ਫ਼ਰਜ਼ ਹੈ ਕਿ ਉਹ ਗ਼ਦਰ ਪਾਰਟੀ ਵਿਚ ਸ਼ਾਮਲ ਹੋਵੇ ਤੇ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲਵੇ। ਸਾਡੀ ਸੋਚ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਨੂੰ ਮੁਗ਼ਲ ਹਾਕਮਾਂ ਤੋਂ ਬਚਾਉਣ ਲਈ ਪਰਿਵਾਰ ਸਮੇਤ ਕੁਰਬਾਨੀ ਦਿੱਤੀ ਸੀ।" ਗੁਰਦੁਆਰੇ ਵਿਚ ਬਾਬਾ ਗੁਰਦਿੱਤ ਸਿੰਘ ਹਿੰਦੁਸਤਾਨੀ ਕਿਰਤੀਆਂ ਦੇ ਦੁੱਖੜੇ ਸੁਣ ਕੇ ਹੈਰਾਨ ਹੋ ਗਏ ਜਿਨ੍ਹਾਂ ਵਿਚ ਵਧੇਰੇ ਪੰਜਾਬੀ ਸਿੱਖ ਸਨ।

ਇਹ ਪੰਜਾਬੀ ਜ਼ਮੀਨਾਂ-ਜਾਇਦਾਦਾਂ ਵੇਚ ਕੇ ਵਿਦੇਸ਼ਾਂ ਵਿਚ ਕਿਰਤ ਕਰਨ ਲਈ ਜਾਣ ਵਾਸਤੇ ਇੱਥੇ ਆਏ ਸਨ। ਪਰ ਅੰਗਰੇਜ਼ਾਂ ਤੋਂ ਡਰਦੀਆਂ ਦੂਜੇ ਦੇਸ਼ਾਂ ਦੀਆਂ ਜਹਾਜ਼ੀ ਕੰਪਨੀਆਂ ਉਨ੍ਹਾਂ ਨੂੰ ਲਿਜਾਂਦੀਆਂ ਨਹੀਂ ਸਨ। ਇਨ੍ਹਾਂ ਹਾਲਤਾਂ ਵਿਚ ਬਾਬਾ ਗੁਰਦਿੱਤ ਸਿੰਘ ਨੇ ਫ਼ੈਸਲਾ ਕੀਤਾ ਕਿ ਇਨ੍ਹਾਂ ਦੁਖਿਆਰਿਆਂ ਨੂੰ ਉਸ ਦੇਸ਼ 'ਚ ਲਿਜਾਇਆ ਜਾਵੇ ਜਿੱਥੇ ਉਹ ਜਾਣਾ ਚਾਹੁੰਦੇ ਹਨ ਤੇ ਵਪਾਰ ਵੀ ਕੀਤਾ ਜਾਵੇ।



ਬਾਬਾ ਗੁਰਦਿੱਤ ਸਿੰਘ ਨੇ ਵਿਦੇਸ਼ ਜਾਣ ਦੇ ਚਾਹਵਾਨ ਹਿੰਦੁਸਤਾਨੀਆਂ ਨੂੰ ਕਿਹਾ ਕਿ ਮੈਂ ਇਕ ਜਹਾਜ਼ ਪਟੇ 'ਤੇ ਲੈ ਕੇ ਤਹਾਨੂੰ ਵਿਦੇਸ਼ ਲੈ ਕੇ ਜਾਵਾਂਗਾ ਤੇ ਉਹ ਤਿਆਰ ਹੋ ਗਏ। ਉਕਤ ਮਕਸਦ ਦੀ ਪੂਰਤੀ ਲਈ ਬਾਬਾ ਗੁਰਦਿੱਤ ਸਿੰਘ ਨੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਬਣਾ ਕੇ ਮੁਸਾਫ਼ਰਾਂ ਨੂੰ ਟਿਕਟਾਂ ਦੇਣ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਜਾਪਾਨੀ ਕੰਪਨੀ ਕੋਲੋਂ ਇਕ ਪੁਰਾਣਾ ਜਹਾਜ਼ 'ਕਾਮਾਗਾਟਾਮਾਰੂ' ਪਟੇ 'ਤੇ ਲੈ ਲਿਆ ਜਿਸ ਦਾ ਨਾਂ 'ਨਾਨਕ ਨਾਮ ਜਹਾਜ਼' ਰੱਖ ਦਿੱਤਾ। ਜਹਾਜ਼ ਦੀ ਰਿਪੇਅਰ ਕੀਤੀ ਤੇ ਕਾਗਜ਼-ਪੱਤਰ ਵੀ ਤਿਆਰ ਕਰ ਲਏ। ਅੰਗਰੇਜ਼ ਆਨੇ-ਬਹਾਨੇ ਜਹਾਜ਼ ਨੂੰ ਤੁਰਨ ਨਾ ਦੇਣ। ਅੰਗਰੇਜ਼ਾਂ ਦੇ ਇਸ ਵਤੀਰੇ ਨੂੰ ਵੇਖ ਕੇ ਹਾਂਗਕਾਂਗ ਦੀ ਫ਼ੌਜ ਮੁਸਾਫ਼ਰਾਂ ਦੇ ਹੱਕ ਵਿਚ ਬਗ਼ਾਵਤ 'ਤੇ ਉਤਰ ਆਈ ਜਿਸ ਵਿਚ ਵਧੇਰੇ ਸਿੱਖ ਸਨ। ਅੰਗਰੇਜ਼ਾਂ ਨੇ ਫ਼ੌਜ ਦੀ ਬਗ਼ਾਵਤ ਨੂੰ ਵੇਖਦੇ ਹੋਏ ਜਹਾਜ਼ ਨੂੰ ਤੁਰਨ ਦੀ ਆਗਿਆ ਦੇ ਦਿੱਤੀ।

ਬਾਬਾ ਗੁਰਦਿੱਤ ਸਿੰਘ ਜੀ ਜਹਾਜ਼ ਵਿੱਚ 372 ਮੁਸਾਫ਼ਰ ਬਿਠਾ ਕੇ 3 ਅਪ੍ਰੈਲ 1914 ਨੂੰ ਚੱਲ ਪਏ ਤੇ ਜਹਾਜ਼ 22 ਮਈ 1914 ਨੂੰ ਵੈਨਕੂਵਰ ਪਹੁੰਚ ਗਿਆ। ਅੱਗੋਂ ਅੰਗਰੇਜ਼ ਹਾਕਮਾਂ ਨੇ ਕੈਨੇਡਾ ਸਰਕਾਰ ਨੂੰ ਹੁਕਮ ਦਿੱਤਾ ਹੋਇਆ ਸੀ ਕਿ ਕਾਮਾਗਾਟਾਮਾਰੂ ਜਹਾਜ਼ ਨੂੰ ਘਾਟ 'ਤੇ ਨਹੀਂ ਲੱਗਣ ਦੇਣਾ ਤੇ ਡੂੰਘੇ ਪਾਣੀ ਵਿਚ ਰੋਕੀ ਰੱਖਣਾ ਹੈ। ਉਸ ਵਕਤ ਕੈਨੇਡਾ ਵੀ ਅੰਗਰੇਜ਼ਾਂ ਦੀ ਬਸਤੀ ਭਾਵ ਗੁਲਾਮ ਸੀ। ਪਰ ਅੰਗਰੇਜ਼ਾਂ ਨੇ ਕੈਨੇਡਾ ਵਾਸੀਆਂ ਨੂੰ ਕੁਝ ਅਧਿਕਾਰ ਦਿੱਤੇ ਹੋਏ ਸਨ। ਅੰਗਰੇਜ਼ ਭਾਰਤੀਆਂ ਨੂੰ ਇਸ ਕਰਕੇ ਕੈਨੇਡਾ ਵਿਚ ਕਿਰਤ ਨਹੀਂ ਸਨ ਕਰਨ ਦੇਣਾ ਚਾਹੁੰਦੇ ਕਿ ਜੇ ਇਹ ਆਰਥਿਕ ਤੌਰ 'ਤੇ ਤਕੜੇ ਹੋ ਗਏ ਤਾਂ ਫਿਰ ਇਹ ਹਿੰਦੁਸਤਾਨ ਵਿਚ ਸਾਡੇ ਰਾਜ ਲਈ ਖ਼ਤਰਾ ਬਣਨਗੇ। ਇਸੇ ਸਮੇਂ ਇੰਗਲੈਂਡ ਵਿਚ ਬੇਰੁਜ਼ਗਾਰੀ ਫੈਲ ਰਹੀ ਸੀ ਤੇ ਅੰਗਰੇਜ਼ ਆਪਣੇ ਬੇਰੁਜ਼ਗਾਰਾਂ ਨੂੰ ਵੀ ਕੈਨੇਡਾ ਵਿਚ ਵਸਾਉਣਾ ਚਾਹੁੰਦੇ ਸਨ ਕਿਉਂਕਿ ਉਹ ਬੇਰੁਜ਼ਗਾਰ ਇੰਗਲੈਂਡ ਲਈ ਖ਼ਤਰਾ ਸਨ।

ਇਸ ਹਾਲਾਤ ਵਿਚ ਅੰਗਰੇਜ਼ਾਂ ਨੇ ਆਪਣੇ ਬੇਰੁਜ਼ਗਾਰਾਂ ਨੂੰ ਕੈਨੇਡਾ ਵਿਚ ਵਸਾਇਆ ਤੇ ਹਿੰਦੁਸਤਾਨੀ ਕਿਰਤੀਆਂ ਨੂੰ ਕੈਨੇਡਾ ਦੀ ਧਰਤੀ 'ਤੇ ਪੈਰ ਨਾ ਰੱਖਣ ਦਿੱਤਾ। ਜਹਾਜ਼ ਦੇ ਮੁਸਾਫ਼ਰਾਂ ਨੇ ਛੇ ਕੁ ਮਹੀਨੇ ਸਮੁੰਦਰ 'ਚੋਂ ਅੰਗਰੇਜ਼ਾਂ ਵਿਰੁੱਧ ਲੜਾਈ ਲੜੀ। ਕੈਨੇਡਾ ਪੁਲਿਸ ਨੇ ਜਹਾਜ਼ ਮੁਸਾਫ਼ਰਾਂ ਨੂੰ ਸਮੁੰਦਰ ਵਿਚ ਡੋਬ ਕੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਾ ਹੋਈ। ਮੁਸਾਫ਼ਰਾਂ ਦੀ ਮਦਦ ਲਈ ਗ਼ਦਰ ਪਾਰਟੀ ਤੇ ਕੈਨੇਡਾ ਦੇ ਭਾਰਤੀ (ਕਿਰਤੀ) ਵੱਡੇ ਪੱਧਰ 'ਤੇ ਘਾਟ 'ਤੇ ਪਹੁੰਚੇ ਹੋਏ ਸਨ। ਕੈਨੇਡਾ ਦੇ ਮੂਲ ਵਾਸੀ ਇਸ ਘਟਨਾ ਨੂੰ ਤਮਾਸ਼ਾ ਸਮਝਦੇ ਤੇ ਵੇਖਣ ਲਈ ਸਮੁੰਦਰ ਦੇ ਕੰਢੇ ਪਹੁੰਚ ਜਾਂਦੇ ਸਨ। ਅਖ਼ੀਰ ਕੈਨੇਡਾ ਦੇ ਭਾਰਤੀ ਕਿਰਤੀਆਂ ਨੇ ਐਲਾਨ ਕਰ ਦਿੱਤਾ ਕਿ ਜੇ ਮੁਸਾਫ਼ਰਾਂ ਨੂੰ ਕੁਝ ਹੋ ਗਿਆ ਤਾਂ ਕੈਨੇਡਾ ਸਾੜ ਦਿੱਤਾ ਜਾਵੇਗਾ।

ਫਿਰ ਹਕੂਮਤ ਡਰੀ ਤੇ ਸਮਝੌਤੇ ਤਹਿਤ ਮੁਸਾਫ਼ਰ ਹਿੰਦੁਸਤਾਨ ਨੂੰ ਵਾਪਸ ਭੇਜ ਦਿੱਤੇ। ਗ਼ਦਰ ਪਾਰਟੀ ਦਾ ਜਹਾਜ਼ ਦੇ ਮੁਸਾਫ਼ਰਾਂ ਦੇ ਨਾਲ ਵੈਨਕੂਵਰ ਵਿਖੇ ਤਾਲਮੇਲ ਹੋ ਚੁੱਕਾ ਸੀ ਤੇ ਉਸ ਯੋਜਨਾ ਮੁਤਾਬਕ ਬਾਬਾ ਸੋਹਣ ਸਿੰਘ ਭਕਨਾ ਮੁਸਾਫ਼ਰਾਂ ਨੂੰ ਜਾਪਾਨ 'ਚ ਮਿਲੇ ਤੇ ਗ਼ਦਰ ਪਾਰਟੀ ਦੀ ਸਾਰੀ ਯੋਜਨਾ ਸਮਝਾਈ ਕਿ ਜੋ ਕੁਝ ਤੁਹਾਡੇ ਨਾਲ ਵਾਪਰਿਆ ਹੈ, ਇਹ ਸਾਡੀ ਗੁਲਾਮੀ ਕਰਕੇ ਹੈ। ਇਸ ਲਈ ਹਿੰਦੁਸਤਾਨ ਜਾ ਕੇ ਗ਼ਦਰ ਪਾਰਟੀ ਨਾਲ ਜੁੜ ਜਾਵੋ ਤੇ ਦੇਸ਼ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਉਣ ਲਈ ਗ਼ਦਰ ਪਾਰਟੀ ਦਾ ਸਾਥ ਦੇਵੋ। ਬਾਬਾ ਜੀ ਨੇ ਉਨ੍ਹਾਂ ਨੂੰ ਪਿਸਤੌਲ ਤੇ ਗੋਲੀਆਂ ਵੀ ਦਿੱਤੀਆਂ।

ਜਹਾਜ਼ ਵਾਪਸੀ 'ਤੇ ਜਿੱਥੇ-ਜਿੱਥੇ ਰੁਕਦਾ ਸੀ, ਉਸ ਦੇਸ਼ ਵਿਚ ਰਹਿੰਦੇ ਭਾਰਤੀ ਕਿਰਤੀ ਮੁਸਾਫ਼ਰਾਂ ਨੂੰ ਜਹਾਜ਼ 'ਚੋਂ ਉਤਾਰ ਕੇ ਉਨ੍ਹਾਂ ਦਾ ਖ਼ੂਬ ਮਾਣ-ਸਨਮਾਨ ਕਰਦੇ ਤੇ ਸ਼ਹਿਰਾਂ ਵਿਚ ਉਨ੍ਹਾਂ ਦੇ ਗਲਾਂ ਵਿਚ ਹਾਰ ਪਾ ਕੇ ਮਾਰਚ ਕਰਦੇ ਸਨ। ਬਾਬਾ ਗੁਰਦਿੱਤ ਸਿੰਘ ਮੁਸਾਫ਼ਰਾਂ ਸਮੇਤ ਜਹਾਜ਼ ਵਾਪਸ ਹਿੰਦੁਸਤਾਨ ਲੈ ਆਏ।

ਅੰਗਰੇਜ਼ਾਂ ਨੇ ਇੱਥੇ ਵੀ ਜਹਾਜ਼ ਨੂੰ ਦੋ ਦਿਨ ਸਮੁੰਦਰੀ ਘਾਟ 'ਤੇ ਲੱਗਣ ਨਾ ਦਿੱਤਾ। ਫਿਰ ਉਨ੍ਹਾਂ ਨੇ ਜਹਾਜ਼ ਬਜਬਜ ਘਾਟ 'ਤੇ ਲਾਇਆ। ਮੁਸਾਫ਼ਰ ਪਹਿਲਾਂ 6 ਮਹੀਨੇ ਜਲ ਵਿਚ ਕੈਦ ਹੋ ਕੇ ਜ਼ਿੰਦਗੀ ਤੇ ਮੌਤ ਨਾਲ ਸੰਘਰਸ਼ ਕਰਦੇ ਰਹੇ ਅਤੇ ਜਦੋਂ ਜਹਾਜ਼ 29 ਸਤੰਬਰ 1914 ਨੂੰ ਬਜਬਜ ਘਾਟ (ਕਲਕੱਤਾ) 'ਤੇ ਲੱਗਾ ਤਾਂ ਅੰਗਰੇਜ਼ ਪੁਲਿਸ ਨੇ ਸਵਾਰਾਂ ਨੂੰ ਉਤਾਰ ਕੇ ਆਪਣੀ ਧਰਤੀ 'ਤੇ ਆਜ਼ਾਦ ਕਰਨ ਦੀ ਥਾਂ ਗਿ੍ਰਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ।

ਇਸ ਕਾਰਵਾਈ ਤੋਂ ਭੜਕੇ ਮੁਸਾਫ਼ਰਾਂ ਨੇ ਸਖ਼ਤ ਵਿਰੋਧ ਕੀਤਾ ਅਤੇ ਇਸ ਤਕਰਾਰਬਾਜ਼ੀ ਵਿਚ ਪੁਲਿਸ ਨੇ 21 ਮੁਸਾਫ਼ਰ ਗੋਲੀਆਂ ਨਾਲ ਭੁੰਨ ਕੇ ਸ਼ਹੀਦ ਕਰ ਦਿੱਤੇ ਅਤੇ 9 ਜ਼ਖ਼ਮੀ ਹੋਏ। ਅੰਗਰੇਜ਼ਾਂ ਨੇ 202 ਮੁਸਾਫ਼ਰਾਂ ਨੂੰ ਗਿ੍ਰਫ਼ਤਾਰ ਕਰ ਕੇ ਉਨ੍ਹਾਂ ਵਿੱਚੋਂ 62 ਘਰਾਂ ਨੂੰ ਭੇਜ ਦਿੱਤੇ ਜਦਕਿ ਬਾਕੀ ਜੇਲ੍ਹਾਂ ਵਿਚ ਡੱਕ ਦਿੱਤੇ। ਉਕਤ ਘਟਨਾ ਵਿਚ ਬਾਬਾ ਗੁਰਦਿੱਤ ਸਿੰਘ ਸਮੇਤ 28 ਮੁਸਾਫ਼ਰ ਲਾਪਤਾ ਹੋ ਗਏ। ਉਨ੍ਹਾਂ ਦੇ ਬੱਚੇ ਬਲਵੰਤ ਸਿੰਘ ਨੂੰ ਅੰਗਰੇਜ਼ ਪੁਲਿਸ ਨੇ ਗਿ੍ਰਫ਼ਤਾਰ ਕਰ ਕੇ ਅਲੀਪੁਰ ਜੇਲ੍ਹ ਵਿਚ ਬੰਦ ਕਰੀ ਰੱਖਿਆ ਅਤੇ ਫਿਰ ਸਰਹਾਲੀ ਛੱਡ ਆਏ।

# ਨਸ਼ਿਆਂ ਸਬੰਧੀ ਮਾਪੇ ਆਪਣੀ ਔਲਾਦ ਪ੍ਰਤੀ ਰੋਲ ਮਾਡਲ ਵਾਲਾ ਫਰਜ਼ ਨਿਭਾਉਣ



*ਸਮਾਜ ਵਿੱਚ ਨਸ਼ਿਆਂ ਦੀ ਹੋਮ ਡਿਲੀਵਰੀ ਨੇ ਜਿੱਥੇ ਕਈ ਘਰਾਂ ਵਿੱਚ ਸੱਥਰ ਵਿਛਾਏ ਹਨ, ਉੱਥੇ ਹੀ ਸਮਾਜ ਵਿੱਚ ਪਸਰੀ ਸੋਗੀ ਹਵਾ ਨੇ ਹਰ ਚੇਤਨ ਵਰਗ ਨੂੰ ਹਲੂਣਿਆ ਹੈ ਅਤੇ ਲੋਕ ਹੁਣ ਸਮਾਜਿਕ ਰੁਝੇਵਿਆਂ, ਮਤਭੇਦ ਅਤੇ ਉੱਚੇ-ਨੀਵੇਂ ਰੁਤਬੇ ਨੂੰ ਭੁੱਲ ਕੇ ਨਸ਼ਿਆਂ ਵਿਰੁੱਧ ਇੱਕ ਪਲੇਟਫਾਰਮ ਤੇ ਇਕੱਠੇ ਹੋ ਰਹੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਜੰਗਲ ਦੀ ਅੱਗ ਦੀ ਤਰ੍ਹਾਂ ਜੇਕਰ ਇਸ ਉੱਤੇ ਕਾਬੂ ਨਾ ਪਾਇਆ ਗਿਆ ਤਾਂ ਹਰ ਘਰ ਵਿੱਚ ਸੱਥਰ ਉਨ੍ਹਾਂ ਦਾ ਨਸੀਬ ਬਣ ਜਾਵੇਗਾ।*

ਕਿਤੇ ਨੌਜਵਾਨ ਨਸ਼ਈ ਦੀ ਲਾਸ਼ ਝਾੜੀਆਂ ਵਿੱਚ ਡਿਗੀ ਵਿਖਾਈ ਦਿੰਦੀ ਹੈ। ਕਿਤੇ ਸੜਕ ’ਤੇ ਜ਼ਿੰਦਗੀ ਨੂੰ ਅਲਵਿਦਾ ਕਹਿ ਕੇ ਨੌਜਵਾਨ ਡਿੱਗਿਆ ਪਿਆ ਹੈ। ਕਿਤੇ ਬੱਸ ਸਟੈਂਡ ਦੇ ਗੁਸਲਖਾਨੇ ਵਿੱਚ ਸਰਿੰਜਾਂ ਨਾਲ ਵਿੰਨ੍ਹੀ ਬਾਂਹ ਵਾਲੇ ਨੌਜਵਾਨ ਦੀ ਲਾਵਾਰਸ ਲਾਸ਼ ਦਾ ਪਤਾ ਲੱਗਦਾ ਹੈ। ਕਿਤੇ ਇਕਲੌਤੇ ਨੌਜਵਾਨ ਪੁੱਤ ਦੀ ਲਾਸ਼ ’ਤੇ ਪੱਥਰਾਂ ਨੂੰ ਵੀ ਰਵਾਉਣ ਵਾਲੇ ਮਾਂ ਦੇ ਕੀਰਨੇ ਵੇਖਣ ਵਾਲਿਆਂ ਦੇ ਨੈਣਾਂ ਵਿੱਚੋਂ ਵੀ ਅੱਥਰੂ ਲਿਆ ਦਿੰਦੇ ਹਨ। ਕਿਤੇ ਖ਼ੂਨ ਦੇ ਅੱਥਰੂ ਵਹਾਉਂਦਿਆਂ ਭੈਣ ਆਪਣੇ ਇਕਲੌਤੇ ਅਣਵਿਆਹੇ ਵੀਰ ਦੀ ਲਾਸ਼ ਤੇ ਸਿਹਰੇ ਬੰਨ੍ਹ ਕੇ ਮਾਹੌਲ ਨੂੰ ਗ਼ਮਗੀਨ ਕਰ ਦਿੰਦੀ ਹੈ। ਕਿਤੇ ਬਲਦੇ ਸਿਵੇ ਦੀ ਅੱਗ ਮੱਠੀ ਹੋਣ ’ਤੇ ਗੁਰਦੁਆਰਾ ਸਾਹਿਬ ਦਾ ਭਾਈ ਅੰਤਮ ਅਰਦਾਸ ਕਰਨ ਉਪਰੰਤ ਸੰਗਤ ਵੱਲ ਮੂੰਹ ਕਰਦਿਆਂ ਗੱਚ ਭਰ ਕੇ ਕਹਿੰਦਾ ਹੈ, “ਸਾਧ ਸੰਗਤ ਜੀ, ਆਪਣੇ ਪਿੰਡ ਵਿੱਚੋਂ 15-20 ਦਿਨਾਂ ਬਾਅਦ ਇੱਕ ਨੌਜਵਾਨ ਦਾ ਸਿਵਾ ਬਲਦਾ ਹੈ। ਰੱਬ ਦਾ ਵਾਸਤਾ ਕੋਈ ਹੂਲਾ ਫੱਕੋ, ਬੰਨ੍ਹ ਸੁੱਬ ਕਰੋ, ਇਕੱਠੇ ਹੋ ਕੇ ਨਸ਼ਾ ਵੇਚਣ ਵਾਲਿਆਂ ਦਾ ਨਸ਼ਾ ਬੰਦ ਕਰੋ। ਹੁਣ ਮੇਰੇ ਕੋਲੋਂ ਅੰਤਮ ਅਰਦਾਸਾਂ ਨਹੀਂ ਹੋਣੀਆਂ। ਇੱਕ ਸਿਵਾ ਬਾਹਰ ਬਲਦਾ ਹੈ ਅਤੇ ਦੂਜਾ ਸਿਵਾ ਸਾਡੇ ਅੰਦਰ ਬਲਦਾ ਹੈ।” ਅਜਿਹੀਆਂ ਨਿਰਾਸ਼ਾਜਨਕ, ਖ਼ੌਫਨਾਕ ਅਤੇ ਦਿਲ ਕੰਬਾਊ ਘਟਨਾਵਾਂ ਮਾਂ-ਬਾਪ ਦਾ ਲੱਕ ਤੋੜ ਰਹੀਆਂ ਹਨ। ਆਪਣੇ ਜਵਾਨ ਪੁੱਤ ਦੀ ਲਾਸ਼ ਨੂੰ ਮੋਢਾ ਦੇਣਾ ਮਾਂ-ਬਾਪ ਲਈ ਸਭ ਤੋਂ ਵੱਡਾ ਦੁਖਾਂਤ ਹੈ ਅਤੇ ਇਹ ਦੁਖਾਂਤ ਅਨੇਕਾਂ ਮਾਪਿਆਂ ਦੇ ਹਿੱਸੇ ਹਰ ਰੋਜ਼ ਆ ਰਿਹਾ ਹੈ।

ਇੱਕ ਨਸ਼ਾ ਛੁਡਾਊ ਕੇਂਦਰ ਦੇ ਨਿਰਦੇਸ਼ਕ ਵਜੋਂ ਮੇਰਾ ਹਜ਼ਾਰਾਂ ਅਜਿਹੇ ਮਾਪਿਆਂ ਨਾਲ ਵਾਹ ਪਿਆ ਹੈ ਜਿਨ੍ਹਾਂ ਦੇ ਪੁੱਤ ਇਸ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਕੇ ਮਾਨਸਿਕ ਅਤੇ ਸਰੀਰਕ ਤੌਰ ’ਤੇ ਖੁੰਘਲ ਹੋਏ ਹਨ ਅਤੇ ਨਾਲ ਹੀ ਮਾਪਿਆਂ ਨੂੰ ਵੀ ਕੱਖੋਂ ਹੌਲੇ ਕਰ ਦਿੱਤਾ ਹੈ। ਜਦੋਂ ਪੀੜਤ ਮਾਪਿਆਂ ਨੂੰ ਇਹ ਪੁੱਛਿਆ ਜਾਂਦਾ ਸੀ ਕਿ ਤੁਹਾਡਾ ਪੁੱਤਰ ਕਿੰਨੇ ਕੁ ਚਿਰ ਦਾ ਨਸ਼ਾ ਕਰਦਾ ਹੈ ਤਾਂ ਉਹ ਪੀੜਤ ਲਹਿਜ਼ੇ ਵਿੱਚ ਕਹਿੰਦੇ ਸਨ, “ਸਾਨੂੰ ਤਾਂ ਜੀ ਮਹੀਨਾ ਕੁ ਪਹਿਲਾਂ ਹੀ ਪਤਾ ਲੱਗਿਆ ਹੈ। ਹੁਣ ਜਦੋਂ ਪੁੱਛ ਪੜਤਾਲ ਕੀਤੀ ਹੈ ਤਾਂ ਇਹ ਪਤਾ ਲੱਗਿਆ ਹੈ ਬਈ ਇਹ ਤਾਂ 2-3 ਸਾਲ ਦਾ ਇਸ ਕੁੱਤੇ ਕੰਮ ਵਿੱਚ ਪਿਆ ਹੋਇਆ ਹੈ।” ਉਨ੍ਹਾਂ ਦੀ ਗੱਲਬਾਤ ਅਤੇ ਪ੍ਰਗਟਾਏ ਤੌਖਲੇ ਤੋਂ ਮਾਪਿਆਂ ਦਾ ਅਵੇਸਲਾਪਨ ਸਾਹਮਣੇ ਆਉਂਦਾ ਹੈ। ਇਸ ਸਬੰਧ ਵਿੱਚ ਮਾਪਿਆਂ ਨੂੰ ਹੇਠ ਲਿਖੇ ਅਨੁਸਾਰ ਗੰਭੀਰ ਹੋ ਕੇ ਆਪਣੇ ਬੱਚਿਆਂ ’ਤੇ ਗੌਰ ਕਰਨਾ ਚਾਹੀਦਾ ਹੈ:

ਆਪਣੀ ਔਲਾਦ ਨੂੰ ਮਹਿੰਗਾ ਮੋਟਰਸਾਈਕਲ, ਮਹਿੰਗਾ ਮੋਬਾਇਲ, ਹੋਰ ਸੁਖ ਸਹੂਲਤਾਂ ਦੇ ਨਾਲ-ਨਾਲ ਮਹਿੰਗੀ ਟਿਊਸ਼ਨ ਰੱਖਣ ਨਾਲ ਹੀ ਮਾਪਿਆਂ ਦੇ ਫ਼ਰਜਾਂ ਦੀ ਪੂਰਤੀ ਨਹੀਂ ਹੋ ਜਾਂਦੀ। ਸਗੋਂ ਮਾਪਿਆਂ ਦਾ ਅਹਿਮ ਫ਼ਰਜ਼ ਉਨ੍ਹਾਂ ਲਈ ਆਪ ਰੋਲ ਮਾਡਲ ਬਣਨਾ ਹੈ। ਅੱਜ ਦੇ ਬੱਚੇ ਸੁਣਨ ਸੁਣਾਉਣ ਵਿੱਚ ਨਹੀਂ, ਸਗੋਂ ਨਕਲ ਕਰਨ ਵਿੱਚ ਯਕੀਨ ਕਰਦੇ ਹਨ। ਮਾਂ-ਬਾਪ ਆਪਣੀ ਔਲਾਦ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਟੋਕਾ-ਟਾਕੀ ਤਦ ਹੀ ਕਰ ਸਕਦੇ ਹਨ, ਜੇ ਉਹ ਆਪ ਸੋਲਾਂ ਕਲਾਂ ਸੰਪੂਰਨ ਹਨ। ਇਸਦੇ ਲਈ ਘਰ ਦੇ ਮਾਹੌਲ ਨੂੰ ਨਸ਼ਾ ਰਹਿਤ ਰੱਖਣਾ ਅਤਿਅੰਤ ਜ਼ਰੂਰੀ ਹੈ। ਬਹੁਤ ਸਾਰੇ ਅਜਿਹੇ ਕੇਸ ਸਾਹਮਣੇ ਆਏ ਹਨ, ਜਿੱਥੇ ਬਾਪ-ਦਾਦੇ ਵੱਲੋਂ ਪੀਤੀਆਂ ਸ਼ਰਾਬ ਦੀਆਂ ਬੋਤਲਾਂ ਮੰਜੇ ਹੇਠਾਂ ਸੁੱਟਣ ਉਪਰੰਤ ਉਨ੍ਹਾਂ ਦੀ ਔਲਾਦ ਨੇ ਬੋਤਲਾਂ ਵਿੱਚ ਪਈਆਂ ਬੂੰਦਾਂ ਦਾ ਸਵਾਦ ਚੱਖਣ ਤੋਂ ਬਾਅਦ ਇਸ ਪਾਸੇ ਰੁਖ਼ ਕੀਤਾ ਹੈ। ਸਰਦੇ ਪੁੱਜਦੇ ਲੋਕਾਂ ਦੀਆਂ ਕੋਠੀਆਂ ਵਿੱਚ ਹੀ ਖੋਲ੍ਹੀਆਂ ਬੀਅਰ ਬਾਰਾਂ ਸ਼ਾਹੀ ਠਾਠ-ਬਾਠ ਦਾ ਪ੍ਰਗਟਾਵਾ ਤਾਂ ਹਨ, ਪਰ ਇਨ੍ਹਾਂ ਬੀਅਰ ਬਾਰਾਂ ਦੀਆਂ ਬੋਤਲਾਂ ਵਿੱਚੋਂ ਆਪਣੀ ਪਾਣੀ ਵਾਲੀ ਬੋਤਲ ਵਿੱਚ ਕੁਝ ਸ਼ਰਾਬ ਪਾ ਕੇ ਪਾਣੀ ਨਾਲ ਭਰਨ ਉਪਰੰਤ ਸਕੂਲ ਵਿੱਚ ਲਿਆਉਣ ਦੇ ਬਹੁਤ ਸਾਰੇ ਕਿੱਸੇ ਸਾਹਮਣੇ ਆਏ ਹਨ ਅਤੇ ਇੰਝ ਸਕੂਲ ਦੀ ਜ਼ਿੰਦਗੀ ਵਿੱਚ ਹੀ ਨਸ਼ਿਆਂ ਦੀ ਦਹਿਲੀਜ਼ ’ਤੇ ਪੈਰ ਧਰਦਿਆਂ ਬਾਅਦ ਵਿੱਚ ਪੱਕੇ ਨਸ਼ਈ ਬਣ ਕੇ ਬਹੁਤ ਸਾਰੇ ‘ਕਾਕੇ’ ਆਪਣੀ ਜ਼ਿੰਦਗੀ ਧੁਆਂਖ ਲੈਂਦੇ ਹਨ। ਅਜਿਹਾ ਕੁਝ ਸਿਗਰਟ-ਜ਼ਰਦੇ ਦੀ ਵਰਤੋਂ ਸਮੇਂ ਵੀ ਵਾਪਰਦਾ ਹੈ। ਆਪਣੀ ਔਲਾਦ ਨੂੰ ਦਿੱਤੇ ਜੇਬ ਖ਼ਰਚੇ ’ਤੇ ਵੀ ਕਰੜੀ ਨਜ਼ਰ ਰੱਖਣੀ ਜ਼ਰੂਰੀ ਹੈ। ਲੋੜ ਤੋਂ ਵੱਧ ਦਿੱਤਾ ਪੈਸਾ ਉਸ ਨੂੰ ਬਜ਼ਾਰ ਵੱਲ ਭੇਜੇਗਾ ਅਤੇ ਬਜ਼ਾਰ ਵਿੱਚ ਜੋ ਕੁਝ ਪਰੋਸਿਆ ਜਾ ਰਿਹਾ ਹੈ, ਉਸ ਤੋਂ ਅਸੀਂ ਸਾਰੇ ਭਲੀਂ ਭਾਂਤ ਜਾਣੂ ਹਾਂ।

ਆਪਣੇ ਰੁਝੇਵਿਆਂ ਦਾ ਕੁਝ ਹਿੱਸਾ ਬੱਚਿਆਂ ਲਈ ਵੀ ਕੱਢੋ। ਉਨ੍ਹਾਂ ਦੀ ਪੜ੍ਹਾਈ, ਖੇਡਾਂ, ਸਾਹਿਤ ਅਤੇ ਧਰਮ ਪ੍ਰਤੀ ਦਿਲਚਸਪੀ ਜਾਨਣ ਦੇ ਨਾਲ-ਨਾਲ ਉਨ੍ਹਾਂ ਨਾਲ ਪਿਆਰ ਅਤੇ ਅਪਣੱਤ ਨਾਲ ਪੇਸ਼ ਹੁੰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਮਨ ਵਿੱਚ ਪੈਦਾ ਹੋਏ ਸਵਾਲਾਂ ਦੇ ਜਵਾਬ ਵੀ ਦਿਉ। ਉਨ੍ਹਾਂ ਦੇ ਪਥ ਪ੍ਰਦਰਸ਼ਕ ਬਣਨ ਵਿੱਚ ਲਾਪਰਵਾਹੀ ਨਾ ਵਰਤੋ। ਉਨ੍ਹਾਂ ਦੀਆਂ ਉਸਾਰੂ ਰੁਚੀਆਂ ਲਈ ਹੱਲਾ-ਸ਼ੇਰੀ ਅਤੇ ਢਾਹੂ ਰੁਚੀਆਂ ਲਈ ਕੰਨ ਖਿੱਚਣੇ ਜ਼ਰੂਰੀ ਹਨ।

ਸਮੇਂ-ਸਮੇਂ ਸਿਰ ਸਕੂਲ ਅਧਿਆਪਕਾਂ ਨਾਲ ਸੰਪਰਕ ਰੱਖਿਆ ਜਾਵੇ। ਅਧਿਆਪਕਾਂ-ਮਾਪਿਆਂ ਦੀ ਮੀਟਿੰਗ ਵਿੱਚ ਜਾ ਕੇ ਆਪਣੇ ਬੱਚੇ ਦੀ ਕਾਰਗੁਜ਼ਾਰੀ ਦਾ ਪਤਾ ਕਰੋ। ਜੇਕਰ ਬੱਚਾ ਸਕੂਲ ਤੋਂ ਗੈਰਹਾਜ਼ਰ ਰਹਿੰਦਾ ਹੈ, ਸਹੀ ਸਮੇਂ ’ਤੇ ਸਕੂਲ ਨਹੀਂ ਪਹੁੰਚਦਾ ਜਾਂ ਹੋਮਵਰਕ ਨਹੀਂ ਕਰਦਾ ਤਾਂ ਇਸ ਸਬੰਧੀ ਗੰਭੀਰ ਹੋ ਕੇ ਹੋਰ ਰੁਝੇਵਿਆਂ ਨੂੰ ਛੱਡ ਕੇ ਬੱਚਿਆਂ ਦੀ ਜ਼ਿੰਦਗੀ ’ਤੇ ਆਪਣਾ ਆਪ ਕੇਂਦਰਿਤ ਕਰ ਕੇ ਉਨ੍ਹਾਂ ਦੀਆਂ ਵਿਗੜੀਆਂ ਆਦਤਾਂ ਨੂੰ ਸਹੀ ਕਰਨ ਵਿੱਚ ਅਹਿਮ ਭੂਮਿਕਾ ਨਿਭਾਉ। ਮਾਪਿਆਂ ਦਾ ਅਸਲੀ ਸਰਮਾਇਆ ਔਲਾਦ ਹੁੰਦੀ ਹੈ, ਫੁੱਲੀਆਂ ਹੋਈਆਂ ਜੇਬਾਂ ਨਹੀਂ।

ਜੇਕਰ ਦਸਵੀਂ ਪਾਸ ਕਰਨ ਤੋਂ ਬਾਅਦ ਮੋਬਾਇਲ ਫੋਨ ਲੈ ਕੇ ਦਿੱਤਾ ਹੈ ਤਾਂ ਉਸ ਦੇ ਘਰੋਂ ਬਾਹਰ ਜਾਣ ਸਮੇਂ ਕਦੇ-ਕਦੇ ਉਸ ਨਾਲ ਵੀਡੀਓ ਕਾਲ ਜ਼ਰੂਰ ਕਰੋ ਤਾਂ ਜੋ ਬੱਚਾ ਤੁਹਾਨੂੰ ਸਹੀ ਥਾਂ ਹੋਣ ਸਬੰਧੀ ਜਾਣਕਾਰੀ ਦੇ ਸਕੇ।

ਜਿੱਥੇ ਬੱਚਾ ਟਿਊਸ਼ਨ ’ਤੇ ਜਾਂਦਾ ਹੈ, ਉਸ ਅਧਿਆਪਕ ਨਾਲ ਵੀ ਤਾਲਮੇਲ ਰੱਖਣਾ ਜ਼ਰੂਰੀ ਹੈ। ਖਾਸ ਤੌਰ ’ਤੇ ਧਿਆਨ ਦਿੱਤਾ ਜਾਵੇ ਕਿ ਬੱਚੇ ਦੇ ਦੋਸਤ ਕਿਹੋ ਜਿਹੇ ਹਨ। ਜੇਕਰ ਇਹੋ-ਜਿਹੇ ਨਵੇਂ ਨਵੇਂ ਦੋਸਤ ਘਰ

ਮੋਹਨ ਸ਼ਰਮਾ

ਵਿੱਚ ਉਸ ਨੂੰ ਮਿਲਣ ਆਉਂਦੇ ਹਨ, ਜਿਨ੍ਹਾਂ ਦੀਆਂ ਆਦਤਾਂ, ਬੋਲਣ-ਚੱਲਣ ਦਾ ਢੰਗ ਤੁਹਾਨੂੰ ਚੰਗਾ ਨਹੀਂ ਲੱਗਦਾ ਤਾਂ ਇਹੋ-ਜਿਹੀ ਸੰਗਤ ਤੋਂ ਦੂਰ ਰਹਿਣ ਲਈ ਬੱਚੇ ਨੂੰ ਵਰਜਿਆ ਜਾਵੇ।

ਜੇਕਰ ਬੱਚਾ ਕਿਸੇ ਲੋੜ ਲਈ ਪੈਸੇ ਮੰਗਦਾ ਹੈ ਤਾਂ ਪਹਿਲਾਂ ਉਸ ਲੋੜ ਸਬੰਧੀ ਤਸੱਲੀ ਕਰ ਲਵੋ। ਫਿਰ ਹੀ ਉਸ ਦੀ ਮੰਗ ਅਨੁਸਾਰ ਪੈਸੇ ਦਿਉ। ਬੱਚੇ ਨੂੰ ਕਦੇ ਵੀ ਕੀਲੀ ’ਤੇ ਲਟਕਦੇ ਕਮੀਜ਼ ਦੀ ਜੇਬ ਵਿੱਚੋਂ ਪੈਸੇ ਆਪਣੇ ਆਪ ਲੈਣ ਲਈ ਨਾ ਕਹੋ, ਸਗੋਂ ਆਪ ਉਸ ਦੀ ਤਲੀ ’ਤੇ ਪੈਸੇ ਰੱਖੋ। ਬਾਅਦ ਵਿੱਚ ਇਹ ਤਸੱਲੀ ਵੀ ਕਰ ਲਵੋ ਕਿ ਜਿਸ ਮੰਤਵ ਲਈ ਪੈਸੇ ਦਿੱਤੇ ਗਏ ਹਨ, ਉਸ ਮੰਤਵ ਦੀ ਪੂਰਤੀ ਸਹੀ ਢੰਗ ਨਾਲ ਹੋਈ ਹੈ। ਵਾਧੂ ਪੈਸੇ ਵਾਪਸ ਲੈ ਲਵੋ।

ਜਿਹੜਾ ਕਮਰਾ ਬੱਚੇ ਨੂੰ ਪੜ੍ਹਨ ਲਈ ਦਿੱਤਾ ਹੋਇਆ ਹੈ, ਉੱਥੇ ਵੀ ਧਿਆਨ ਦਿਉ। ਬੱਚੇ ਦਾ ਦਰਵਾਜ਼ਾ ਬੰਦ ਕਰਕੇ ਪੜ੍ਹਨਾ, ਅਗਰਬੱਤੀਆਂ ਲਾਉਣੀਆਂ, ਬਾਰ ਖੜਕਾਉਣ ਤੇ ਕਿੰਨਾ-ਕਿੰਨਾ ਚਿਰ ਦਰਵਾਜਾ ਨਾ ਖੋਲ੍ਹਣਾ ਸ਼ੁਭ ਸੰਕੇਤ ਨਹੀਂ। ਇਸ ਸਬੰਧ ਵਿੱਚ ਧਿਆਨ ਦੇਣ ਦੀ ਲੋੜ ਹੈ।

ਜੇਕਰ ਬੱਚਾ ਬਾਥਰੂਮ ਵਿੱਚ ਕਾਫ਼ੀ ਦੇਰ ਲਾਉਂਦਾ ਹੈ ਤਾਂ ਇਸ ਸਬੰਧੀ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਅਕਸਰ ਨਸ਼ਾ ਕਰਨ ਵਾਲੇ ਬੱਚੇ ਬਾਥਰੂਮ ਦੀ ਵਰਤੋਂ ਨਸ਼ਾ ਕਰਨ ਲਈ ਕਰਦੇ ਹਨ। ਬੱਚੇ ਦੀ ਗ਼ੈਰਹਾਜ਼ਰੀ ਵਿੱਚ ਕਮਰੇ ਨੂੰ ਚੰਗੀ ਤਰ੍ਹਾਂ ਚੈੱਕ ਕਰ ਲਵੋ। ਜੇਕਰ ਕਮਰੇ ਵਿੱਚ ਮੋਮਬੱਤੀਆਂ, ਅਗਰਬੱਤੀਆਂ, ਮਾਚਿਸਾਂ, ਸਰਿੰਜਾਂ, ਜ਼ਰਦੇ ਦੀਆਂ ਪੁੜੀਆਂ ਦੇ ਉੱਪਰਲੇ ਕਵਰ ਮਿਲਦੇ ਹਨ ਤਾਂ ਬੱਚੇ ਦੇ ਥਿੜਕਣ ਦੇ ਚਿੰਨ੍ਹ ਸਾਡੇ ਸਾਹਮਣੇ ਆ ਜਾਂਦੇ ਹਨ। ਇਹ ਚੋਰ-ਮੋਰੀਆਂ ਬਾਅਦ ਵਿੱਚ ਵੱਡਾ ਮੋਘਾ ਬਣ ਸਕਦੀਆਂ ਨੇ। ਮਾਪਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ।

ਬੱਚਿਆਂ ਦੀ ਸਿਹਤ ਵਿੱਚ ਦਿਨ-ਬ-ਦਿਨ ਨਿਘਾਰ, ਅੱਖਾਂ ਦਾ ਗਹਿਰਾ ਹੋਣਾ, ਅੱਖਾਂ ਦੇ ਹੇਠਾਂ ਕਾਲੇ ਜਿਹੇ ਨਿਸ਼ਾਨ ਹੋਣਾ, ਨਹੁੰਆਂ ਉੱਤੇ ਚਿੱਟੇ ਜਿਹੇ ਦਾਗਾਂ ਦਾ ਹੋਣਾ, ਹੱਥਾ ਦੇ ਪੋਟੇ ਜਲੇ ਹੋਣਾ, ਭੁੱਖ ਘੱਟ ਲੱਗਣਾ, ਘਰੋਂ ਗ਼ੈਰ ਹਾਜ਼ਰ ਰਹਿਣਾ, ਨਹਾਉਣ ਤੋਂ ਪਰਹੇਜ਼ ਕਰਨਾ, ਕੱਪੜਿਆਂ ਵੱਲ ਵੀ ਧਿਆਨ ਨਾ ਦੇਣਾ, ਗੱਲ ਨੂੰ ਅਣਸੁਣੀ ਕਰ ਦੇਣਾ, ਸੁਭਾਅ ਵਿੱਚ ਚਿੜਚਿੜਾਪਨ ਆ ਜਾਣਾ, ਘਰ ਅਤੇ ਸਕੂਲ ਵਿੱਚ ਡਸਿਪਲਨ ਭੰਗ ਕਰਨਾ, ਰਿਸ਼ਤੇਦਾਰਾਂ ਨੂੰ ਮਿਲਣ ਤੋਂ ਸੰਕੋਚ ਕਰਨਾ, ਪਰਿਵਾਰ ਵਿੱਚ ਨਾ ਬੈਠਣਾ, ਬਾਹਰੋਂ ਉਲਾਂਭੇ ਆਉਣ ਦੀ ਸੂਰਤ ਵਿੱਚ ਕਿਸੇ ਮਾਹਰ ਮਨੋਵਿਗਿਆਨੀ ਦੀ ਸਲਾਹ ਲੈ ਕੇ ਉਸ ’ਤੇ ਅਮਲ ਕਰਨਾ ਅਤੇ ਬੱਚੇ ਤੋਂ ਕਰਵਾਉਣਾ ਅਤਿਅੰਤ ਜ਼ਰੂਰੀ ਹੈ।

ਅਕਸਰ ਧਿਆਨ ਵਿੱਚ ਆਉਂਦਾ ਹੈ ਕਿ ਬੱਚੇ ਦੇ ਥਿੜਕਣ ’ਤੇ ਮਾਪੇ ਸਮਾਜਕ ਨਾਮੋਸ਼ੀ ਦੇ ਡਰ ਕਾਰਨ ਉਸਦੀਆਂ ਕਮਜ਼ੋਰੀਆਂ ਉੱਤੇ ਪੜ੍ਹਦੇ ਪਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਈ ਵਾਰ ਉਲਾਂਭਾ ਦੇਣ ਵਾਲੇ ਦੇ ਗੱਲ ਪੈ ਕੇ ਆਪਣੇ ਬੱਚੇ ਦਾ ਬਚਾਉ ਕਰਦੇ ਹਨ। ਦਰਅਸਲ ਅਜਿਹੀ ਹਾਲਤ ਵਿੱਚ ਮਾਪੇ ਪਹਾੜ ਜਿੱਡੀ ਗਲਤੀ ਕਰਕੇ ਬੱਚੇ ਨੂੰ ਅਜਿਹੇ ਘਟੀਆ ਕਰਮ ਕਰਨ ਤੋਂ ਰੋਕਣ ਦੀ ਥਾਂ ਉਸ ਨੂੰ ਹੱਲਾਸ਼ੇਰੀ ਦਿੰਦੇ ਹਨ ਅਤੇ ਉਹ ਹੋਰ ਨਿਡਰ ਹੋ ਕੇ ਘਟੀਆ ਪੱਧਰ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਜਾਂਦਾ ਹੈ। ਇਸ ਸਬੰਧ ਵਿੱਚ ਮਾਪਿਆਂ ਨੂੰ ਗੰਭੀਰ ਹੋ ਕੇ ਪ੍ਰਾਪਤ ਉਲਾਂਭੇ ਦੀ ਤਹਿ ਤਕ ਜਾ ਕੇ ਬੱਚੇ ਦੀਆਂ ਵਿਗੜੀਆਂ ਆਦਤਾਂ ਉੱਤੇ ਕਾਬੂ ਪਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਗੱਲ ਮਾਪਿਆਂ ਨੂੰ ਹਮੇਸ਼ਾ ਚੇਤੇ ਰੱਖਣੀ ਚਾਹੀਦੀ ਹੈ ਕਿ ਮੌਕੇ ’ਤੇ ਲੱਗਿਆ ਇੱਕ ਟਾਂਕਾ ਨੌਂ ਟਾਂਕਿਆਂ ਦੀ ਬੱਚਤ ਕਰਦਾ ਹੈ। ਸਾਡੀ ਲਾਪ੍ਰਵਾਹੀ ਕਈ ਵਾਰ ਬੱਚੇ ਦੀ ਜ਼ਿੰਦਗੀ ਦੇ ਨਾਲ-ਨਾਲ ਸਾਡੇ ਭਵਿੱਖ ਨੂੰ ਵੀ ਧੁੰਦਲਾ ਕਰ ਦਿੰਦੀ ਹੈ।

ਸਮਾਜ ਵਿੱਚ ਨਸ਼ਿਆਂ ਦੀ ਹੋਮ ਡਿਲੀਵਰੀ ਨੇ ਜਿੱਥੇ ਕਈ ਘਰਾਂ ਵਿੱਚ ਸੱਥਰ ਵਿਛਾਏ ਹਨ, ਉੱਥੇ ਹੀ ਸਮਾਜ ਵਿੱਚ ਪਸਰੀ ਸੋਗੀ ਹਵਾ ਨੇ ਹਰ ਚੇਤਨ ਵਰਗ ਨੂੰ ਹਲੂਣਿਆ ਹੈ ਅਤੇ ਲੋਕ ਹੁਣ ਸਮਾਜਿਕ ਰੁਝੇਵਿਆਂ, ਮਤਭੇਦ ਅਤੇ ਉੱਚੇ-ਨੀਵੇਂ ਰੁਤਬੇ ਨੂੰ ਭੁੱਲ ਕੇ ਨਸ਼ਿਆਂ ਵਿਰੁੱਧ ਇੱਕ ਪਲੇਟਫਾਰਮ ਤੇ ਇਕੱਠੇ ਹੋ ਰਹੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਜੰਗਲ ਦੀ ਅੱਗ ਦੀ ਤਰ੍ਹਾਂ ਜੇਕਰ ਇਸ ਉੱਤੇ ਕਾਬੂ ਨਾ ਪਾਇਆ ਗਿਆ ਤਾਂ ਹਰ ਘਰ ਵਿੱਚ ਸੱਥਰ ਉਨ੍ਹਾਂ ਦਾ ਨਸੀਬ ਬਣ ਜਾਵੇਗਾ। ਉਨ੍ਹਾਂ ਨੂੰ ਇਸ ਗੱਲ ਦਾ ਵੀ ਅਹਿਸਾਸ ਹੋ ਗਿਆ ਹੈ ਕਿ ਨਸ਼ਾ ਤਸਕਰ ਥੋੜ੍ਹੀ ਗਿਣਤੀ ਵਿੱਚ ਹੁੰਦਿਆਂ ਭਾਰੀ ਗਿਣਤੀ ਨੂੰ ਤਬਾਹ ਕਰਨ ਲਈ ਜ਼ਿੰਮੇਵਾਰ ਹਨ ਅਤੇ ਭਾਈਚਾਰਕ ਏਕਾ ਹੀ ਨਸ਼ਿਆਂ ਦੀ ਨਾਮੁਰਾਦ ਬਿਮਾਰੀ ਨੂੰ ਠੱਲ੍ਹ ਪਾਉਣ ਵਿੱਚ ਸਹਾਈ ਹੋਵੇਗਾ।

ਨਸ਼ਾ ਤਸਕਰਾਂ ਵਿਰੁੱਧ ਮਾਲਵਾ ਇਲਾਕੇ ਵਿੱਚੋਂ ਉੱਠੀ ਵਿਦਰੋਹੀ ਸੁਰ ਹੁਣ ਮਾਝੇ ਅਤੇ ਦੋਆਬੇ ਵਿੱਚ ਵੀ ਫੈਲ ਰਹੀ ਹੈ ਅਤੇ ਲੋਕ ਆਪ ਮੁਹਾਰੇ ਨਸ਼ਾ ਤਸਕਰਾਂ ਨੂੰ ਵੰਗਾਰਨ ਲਈ ਪਿੰਡਾਂ ਦੀਆਂ ਗਲੀਆਂ ਅਤੇ ਸੜਕਾਂ ’ਤੇ ਇਕੱਠੇ ਹੋਣ ਲੱਗ ਪਏ ਹਨ। ਉਨ੍ਹਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਨਸ਼ਾ ਤਸਕਰਾਂ ਦੀਆਂ ਨਾ ਹੀ ਸ਼ੀਸ਼ੀਆਂ ਐਨੀਆਂ ਪੱਕੀਆਂ ਹਨ ਕਿ ਉਨ੍ਹਾਂ ਨੂੰ ਭੰਨਿਆ ਨਾ ਜਾ ਸਕੇ ਅਤੇ ਨਾ ਪੈਰ ਐਨੇ ਮਜ਼ਬੂਤ ਹਨ ਕਿ ਉਨ੍ਹਾਂ ਨੂੰ ਉਖੇੜਿਆ ਨਾ ਜਾ ਸਕੇ। ਪਿੰਡਾਂ ਵਿੱਚ ਔਰਤਾਂ, ਨੌਜਵਾਨਾਂ ਅਤੇ ਮਰਦਾਂ ਵੱਲੋਂ ਲਾਏ ਪਹਿਰੇ ਅਤੇ ਨਾਕਿਆਂ ਨੇ ਨਸ਼ਾ ਤਸਕਰਾਂ ਦੇ ਨਾਸੀਂ ਧੂੰਆਂ ਲਿਆ ਦਿੱਤਾ ਹੈ। ਲੋਕਾਂ ਨੇ ਇਕੱਠੇ ਹੋ ਕੇ ਤਸਕਰਾਂ ਨੂੰ ਨਸ਼ਾ ਨਾ ਵੇਚਣ ਦੀ ਦਿੱਤੀ ਵਾਰਨਿੰਗ ਨਾਲ ਉਨ੍ਹਾਂ ਦੇ ਭਾਵੇਂ ਸਾਹ ਸੂਤੇ ਗਏ ਹਨ ਪਰ ਜ਼ਹਿਰੀਲੇ ਸੱਪ ਦੇ ਜ਼ਹਿਰ ਘੋਲਣ ਵਾਂਗ ਕਈ ਥਾਂਵਾਂ ’ਤੇ ਉਨ੍ਹਾਂ ਨੇ ਨਸ਼ਾ ਵਿਰੋਧੀ ਕਮੇਟੀਆਂ ਦੇ ਮੈਂਬਰਾਂ ਤੇ ਕੀਤੇ ਜਾਨਲੇਵਾ ਹਮਲਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਅਜਿਹੇ ਕੌਮ ਵਿਰੋਧੀ ਲੋਕਾਂ ਨੇ ਸਾਡੀ ਪੀੜ੍ਹੀ ਨੂੰ ਬਰਬਾਦ ਕਰਨ ਲਈ ਦਰਿੰਦਗ਼ੀ ਦਾ ਰਾਹ ਵੀ ਚੁਣਿਆ ਹੋਇਆ ਹੈ। ਲੋਕਾਂ ਨੂੰ ਅਜਿਹੀਆਂ ਤਾਕਤਾਂ ਦੇ ਮੁਕਾਬਲੇ ਲਈ ਇੱਕ-ਮੁੱਠ ਹੋ ਕੇ ਜੋਸ਼ ਦੇ ਨਾਲ-ਨਾਲ ਹੋਸ਼ ਤੋਂ ਵੀ ਕੰਮ ਲੈਣਾ ਹੋਵੇਗਾ। ਅਜਿਹੀਆਂ ਗਿੱਦੜ ਧਮਕੀਆਂ ਔਰਤਾਂ, ਮਰਦਾਂ ਅਤੇ ਨੌਜਵਾਨਾਂ ਦੇ ਏਕੇ ਸਾਹਮਣੇ ਟਿੱਕ ਨਹੀਂ ਸਕਦੀਆਂ। ਲੋਕਾਂ ਦੇ ਲਾਏ ਨਾਕੇ ਅਤੇ ਪਹਿਰੇਦਾਰੀ ਭਵਿੱਖ ਲਈ ਸ਼ੁਭ ਸ਼ਗਨ ਹੈ। ਸਮਾਜਿਕ ਦਬਾਉ, ਸਮਾਜਿਕ ਪਹਿਰੇਦਾਰੀ ਅਤੇ ਸਮਾਜਿਕ ਨਾਮੋਸ਼ੀ ਅਜਿਹੇ ਵਿਗੜੇ ਤਸਕਰਾਂ ਨੂੰ ਸਹੀ ਰਾਹ ’ਤੇ ਲਿਆਉਣ ਵਿੱਚ ਜ਼ਰੂਰ ਕਾਮਯਾਬ ਹੋਵੇਗੀ। ਹਾਂ, ਲੋਕਾਂ ਦੇ ਲਾਏ ਨਾਕਿਆਂ ਅਤੇ ਬੁਲੰਦ ਨਾਅਰਿਆਂ ਵਿੱਚ ਹਿੰਸਾਤਮਕ ਕਾਰਵਾਈ ਨਹੀਂ ਜੁੜਨੀ ਚਾਹੀਦੀ। ਲੋਕ ਏਕਤਾ ਨੂੰ ਕਾਨੂੰਨ ਦੀ ਰੱਖਿਆ ਕਰਨ ਲਈ ਵੀ ਵਚਨਬੱਧ ਹੋਣਾ ਪਵੇਗਾ।

ਮਾਪੇ ਆਪਣੀ ਔਲਾਦ ਪ੍ਰਤੀ ਰੋਲ ਮਾਡਲ ਵਾਲਾ ਫਰਜ਼ ਨਿਭਾਉਣ, ਸਮਾਜ ਨਸ਼ਾ ਤਸਕਰਾਂ ਉੱਤੇ ਪਹਿਰੇਦਾਰੀ ਰੱਖੇ ਅਤੇ ਸਰਕਾਰ ਮਾਪਿਆਂ ਅਤੇ ਸਮਾਜ ਦੇ ਹਿਤਾਂ ਦੀ ਰਾਖੀ ਕਰਦਿਆਂ ਨਸ਼ਾ ਤਸਕਰੀ ਨੂੰ ਦੂਰ ਕਰਨ ਲਈ ਦ੍ਰਿੜ ਇੱਛਾ ਸ਼ਕਤੀ ਨੂੰ ਅਮਲੀਜਾਮਾ ਪਹਿਨਾਵੇ ਤਾਂ ਨਸ਼ੇ ਦੇ ਦੈਂਤ ਨੂੰ ਹਰ ਹਾਲਤ ਵਿੱਚ ਚਿੱਤ ਕਰ ਦਿੱਤਾ ਜਾਵੇਗਾ।

# ਸਾਹਿਤ ਅਤੇ ਕਲਾ ਦਾ ਉਪਾਸ਼ਕ ਹੈ-ਬੁੱਧ ਸਿੰਘ ਨਡਾਲੋਂ

- ਆਪਣੀ ਕਲਾ ਨੂੰ ਹੋਰ ਰੁਸ਼ਨਾਉਣ ਦੇ ਇਰਾਦੇ ਨਾਲ ਕਈ ਸਾਹਿਤਕ ਅਤੇ ਸਭਿਆਚਾਰਕ ਜਥੇਬੰਦੀਆਂ ਵਿਚ ਅਹਿਮ ਭੂਮਿਕਾਵਾਂ ਨਿਭਾਈਆਂ
- ਕਈ ਵਿਦਿਆਰਥੀ ਉਹਨਾਂ ਦੀ ਅਗਵਾਈ ਹੇਠ ਤਿਆਰ ਹੋਏ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਸ਼ਾਨਦਾਰ ਕਾਰਜ ਕਰ ਰਹੇ





ਕਿਸੇ ਜ਼ਮਾਨੇ ਬੁੱਧ ਸਿੰਘ ਦੇ ਨਾਮ ਨਾਲ ਚਿੱਤਰਕਾਰ ਸ਼ਬਦ ਜੁੜਿਆ ਹੋਇਆ ਸੀ। ਕਾਰਨ ਇਹ ਸੀ ਕਿ ਉਹ ਆਪਣੀ ਹਰ ਰਚਨਾ ਨਾਲ ਚਿੱਤਰਕਾਰੀ ਕਰਦੇ ਸਨ। ਦੂਜਾ ਉਹ ਡਰਾਇੰਗ ਵਿਸ਼ੇ ਦੇ ਅਧਿਆਪਕ ਸਨ। ਬੱਚਿਆਂ ਵਿਚ ਕਲਾ ਦੀ ਜੋਤ ਜਗਾਉਣ ਲਈ ਸਦਾ ਤਤਪਰ ਰਹਿੰਦੇ। ਆਪਣੀ ਕਲਾ ਨੂੰ ਹੋਰ ਰੁਸ਼ਨਾਉਣ ਦੇ ਇਰਾਦੇ ਨਾਲ ਕਈ ਸਾਹਿਤਕ ਅਤੇ ਸਭਿਆਚਾਰਕ ਜਥੇਬੰਦੀਆਂ ਵਿਚ ਅਹਿਮ ਭੂਮਿਕਾਵਾਂ ਨਿਭਾਈਆਂ। ਪੰਜਾਬੀ ਸਾਹਿਤ ਸਭਾ ਮਾਹਿਲਪੁਰ ਦੇ ਬਾਨੀਆਂ ਵਿਚ ਸ਼ਾਮਲ ਰਹੇ। ਮਾਹਿਲਪੁਰ ਦੇ ਸ਼ੌਂਕੀ ਮੇਲੇ ਵਿਚ ਐਸ਼-ਅਸ਼ੋਕ ਭੌਰਾ ਦੀ ਅਗਵਾਈ ਹੇਠ ਸਾਡੇ ਨਾਲ ਮੋਹਰੀ ਭੂਮਿਕਾ ਅਦਾ ਕਰਦੇ ਰਹੇ। ਹਰ ਪਾਸੇ ਕਲਾ ਅਤੇ ਸਾਹਿਤ ਦੇ ਚਿਰਾਗ ਜਗਾਉਂਦੇ ਰਹੇ।ਕਈ ਵਿਦਿਆਰਥੀ ਉਹਨਾਂ ਦੀ ਅਗਵਾਈ ਹੇਠ ਤਿਆਰ ਹੋਏ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਸ਼ਾਨਦਾਰ ਕਾਰਜ ਕਰ ਰਹੇ। ਕੁਝ ਕਿਤਾਬਾਂ ਅਤੇ ਰਸਾਲਿਆਂ ਵਿਚ ਚਿੱਤਰਕਾਰੀ ਕਰਦੇ ਰਹੇ। ਮਿੰਨੀ ਕਹਾਣੀ ਵਿਚ ਤਾਂ ਪੰਜਾਬ ਮਿੰਨੀ ਕਹਾਣੀ ਮੰਚ ਵਲੋਂ ਪੁਰਸਕਾਰ ਵੀ ਪ੍ਰਾਪਤ ਕੀਤਾ।ਜੀਵਨ ਨੂੰ ਸਾਦੇ ਢੰਗ ਨਾਲ ਜਿਊਣਾ ਅਤੇ ਕੁਦਰਤ ਦੀ ਰਜ਼ਾ ਦਾ ਆਨੰਦ ਮਾਨਣਾ ਉਹਨਾਂ ਦੀ ਸ਼ਖਸੀਅਤ ਦਾ ਖਾਸਾ ਹੈ। ਹਰ ਕਿਸੇ ਦਾ ਆਦਰ ਮਾਣ ਕਰਨ ਵਿਚ ਕਦੀ ਪਿੱਛੇ ਨਹੀਂ ਹਟਦੇ। ਉਹਨਾਂ ਦੀ ਕਲਾ ਜਗਤ ਵਿਚ ਸਭ ਤੋਂ ਵੱਡੀ



ਪ੍ਰਾਪਤੀ ਉੱਘਾ ਸੰਗੀਤਕਾਰ ਅਤੇ ਕਲਾਕਾਰ ਸੁਖਦੇਵ ਨਡਾਲੋਂ ਕਿਹਾ ਜਾ ਸਕਦਾ ਹੈ। ਜਿਸਦੀ ਅਗਵਾਈ ਹੇਠ ਸਿੰਘਾਂ ਮਾਹਿਲਪੁਰ ਵਰਗੇ ਕਲਾਕਾਰ ਤਿਆਰ ਹੋਏ ਹਨ।ਉਹ ਹਰ ਕਿਸੇ ਦੇ ਕੰਮ ਨੂੰ ਸੁਆਰਨ ਵਿਚ ਆਪਣਾ ਸੁਭਾਗ ਸਮਝਦੇ ਹਨ।

ਬੁੱਧ ਸਿੰਘ ਨਡਾਲੋਂ ਦਾ ਜਨਮ 22 ਜੂਨ 1955 ਨੂੰ ਹੁਸ਼ਿਆਰਪੁਰ ਜ਼ਿਲੇ ਦੇ ਮਸ਼ਹੂਰ ਪਿੰਡ ਮਜਾਰਾ ਡੀਂਗਰੀਆਂ ਵਿਚ ਸ. ਮਹਾਂ ਸਿੰਘ ਅਤੇ ਮਾਤਾ ਚੰਨਣ ਕੌਰ ਦੇ ਘਰ ਹੋਇਆ। 1986 ਵਿਚ ਮਹਾਂਕਾਵਿ ਲਿਖਣ ਵਾਲੇ ਉੱਘੇ ਸ਼ਾਇਰ ਅਜਾਇਬ ਕਮਲ ਦੇ ਪਿੰਡ ਡਾਂਡੀਆਂ ਵਿਖੇ ਅਗਾਂਹਵਧੂ ਖਿਆਲਾ ਵਾਲੀ ਰਾਜਿੰਦਰ ਕੌਰ ਨਾਲ ਵਿਆਹੇ ਗਏ। ਫਿਰ ਤਾਂ ਜੀਵਨ ਵਿਚ ਰੌਣਕਾਂ ਹੀ ਰੌਣਕਾਂ ਹੋ ਗਈਆਂ। ਬੇਟੀ ਰਾਜਵੀਰ ਕੌਰ, ਨਵਦੀਪ ਕੌਰ ਅਤੇ ਬੇਟੇ ਨਵਜੋਤ ਸਿੰਘ ਨੇ ਘਰ ਦੇ ਹਰ ਕੋਨੇ ਨੂੰ ਆਪਣੀਆਂ ਮਹਿਕਾਂ ਨਾਲ ਮਨਮੋਹਣਾ ਬਣਾ ਦਿੱਤਾ।ਬੁੱਧ ਸਿੰਘ ਨਡਾਲੋਂ ਸਕੂਲ ਦੀ ਉਸਾਰੀ ਅਤੇ ਸਾਂਭ ਸੰਭਾਲ ਵਿਚ ਜੁਟੇ ਰਹਿੰਦੇ। ਨਡਾਲੋਂ ਸਕੂਲ ਦੀ ਲੰਬੀ ਸਰਵਿਸ ਹੋਣ ਕਾਰਨ ਇਥੋਂ ਦੇ ਹੀ ਹੋ ਕੇ ਰਹਿ ਗਏ। ਬੇਟੀ ਕੋਲ ਕੈਨੇਡਾ ਗਏ ਤਾਂ ਉਥੋਂ ਦੇ ਸਾਹਿਤਕਾਰਾਂ ਨੇ ਆਪ ਦੇ ਨਾਮ ਕਾਲ ਨਡਾਲੋਂ ਸ਼ਬਦ ਜੋੜ ਦਿੱਤਾ। ਤੇ ਅਜਕਲ ਉਹ ਬੁੱਧ ਸਿੰਘ ਨਡਾਲੋਂ ਨਾਲ ਹੀ ਜਾਣੇ ਜਾਣ ਲੱਗੇ ਹਨ। ਆਪ ਦਾ ਪਹਿਲਾ ਕਹਾਣੀ ਸੰਗ੍ਰਹਿ 'ਪਹੁ ਫੁਟਾਲਾ' 1994 ਵਿਚ ਛਪਿਆ ਸੀ ਜਿਸਦੀ ਸਾਹਿਤਕ ਹਲਕਿਆ ਵਿਚ ਭਰਪੂਰ ਚਰਚਾ ਹੋਈ। ਹਾਈਕੂ ਦੀ ਪੁਸਤਕ 'ਕਾਹੀ ਦੇ ਫੁੱਲ' 2016 ਵਿਚ ਜਾਰੀ ਕੀਤੀ ਗਈ। ਉਹ ਅਜਕਲ ਸਾਬੀ ਈਸਪੁਰੀ ਨਾਲ ਮਿਲ ਕੇ ਜਪਾਨੀ ਛੰਦ ਹਾਈਕੂ ਤੇ ਖੋਜ ਕਾਰਜ ਕਰ ਰਹੇ ਹਨ।

ਆਪਣੀ ਸਰਵਿਸ ਦੌਰਾਨ ਉਹਨਾਂ ਅਨੇਕਾਂ ਵਾਰ ਆਪਣੀਆਂ ਸ਼ਾਨਦਾਰ ਕਿਰਤਾਂ ਨਾਲ ਮਾਣ ਹਾਸਲ ਕੀਤਾ। ਸੈਮੀਨਾਰਾਂ ਵਿਚ ਉਹਨਾਂ ਦੀਆਂ ਕਿਰਤਾਂ ਦੀ ਨੁਮਾਇਸ਼ ਅਤੇ ਪੈਨਸਿਲ ਸਕੈਚ ਹਰ ਕਿਸੇ ਵਲੋਂ ਸਲਾਹੇ ਜਾਂਦੇ ਸਨ। ਉਹਨਾਂ ਦੇ ਜੀਵਨ 'ਤੇ ਹੈਡਮਾਸਟਰ ਸ. ਮੰਗਲ ਸਿੰਘ ਪਾਲਦੀ ਦਾ ਬਹੁਤ ਪ੍ਰਭਾਵ ਹੈ ਜਿਨਾ ਨੇ ਉਸਨੂੰ 17 ਸਾਲ ਦੀ ਉਮਰ ਵਿਚ ਹੀ ਐਸ.ਏ.ਐਸ ਖਾਲਸਾ ਸਕੂਲ ਵਿਚ ਟੀਚਾਰ ਵਜੋਂ ਭਰਤੀ ਕਰ ਲਿਆ ਸੀ।1977 ਵਿਚ ਉਹ ਸਰਕਾਰੀ ਅਧਿਆਪਕ ਵਜੋਂ ਭਰਤੀ ਹੋਏ ਤੇ 1980 ਵਿਚ ਸਰਕਾਰੀ ਮਿਡਲ ਸਕੂਲ ਨਡਾਲੋਂ ਵਿਚ ਆਪਣੀਆਂ ਸ਼ਾਨਦਾਰ ਸੇਵਾਵਾਂ ਪ੍ਰਦਾਨ ਕਰਨ



ਦਲਜੀਤ ਸਿੰਘ ਅਜਨੋਹਾ
98721-83601


ਲੱਗੇ। ਫਾਈਨ ਆਰਟ ਵਿਚ ਗ੍ਰੈਜੂਏਟ ਹੋਣ ਕਰਕੇ ਕਲਾਤਮਿਕ ਸਰਗਰਮੀਆਂ ਦਾ ਕੇਂਦਰ ਬਿੰਦੂ ਬਣੇ ਰਹਿੰਦੇ। ਪਦਮ ਸ਼੍ਰੀ ਸੋਭਾ ਸਿੰਘ ਵਰਗੇ ਕਲਾਕਾਰ ਆਪਦੀਆਂ ਕਿਰਤਾਂ ਦੀ ਸ਼ਲਾਘਾ ਕਰਦੇ ਰਹੇ। 2018 ਤੋਂ ਉਹ ਤ੍ਰੈਮਾਸਿਕ ਪੁਸਤਕ ਲੜੀ 'ਹਾਈਕੂ ਰਿਸ਼ਮਾ' ਦੇ ਸੰਪਾਦਨ ਕਾਰਜ ਵਿਚ ਵੀ ਜੁਟੇ ਹੋਏ ਹਨ। ਤਨੀਸ਼ਾ ਅਤੇ ਹਾਈਕੂ ਦਾਨਿਸ਼ ਦੇ ਸੰਪਾਦਕੀ ਬੋਰਡ ਦੇ ਵੀ ਮੈਂਬਰ ਹਨ।



ਆਪ ਦਾ ਕਹਿਣਾ ਹੈ ਕਿ ਹਾਈਕੂ ਰਾਹੀਂ ਥੋੜ੍ਹੇ ਜਿਹੇ ਸ਼ਬਦਾਂ ਵਿਚ ਬਹੁਤ ਵੱਡੀ ਗੱਲ ਆਖੀ ਜਾ ਸਕਦੀ ਹੈ। ਇਹ ਜਪਾਨੀ ਕਾਵਿ ਛੰਦ ਹੈ। ਉਹਨਾਂ ਵਲੋਂ ਸਕੂਲ ਵਿਚ ਬਣਾਇਆ ਆਰਟ ਰੂਮ ਖਿੱਚ ਦਾ





ਕੇਂਦਰ ਹੁੰਦਾ ਸੀ ਜਿਸਨੂੰ ਦੇਖਣ ਲਈ ਕਲਾ ਪ੍ਰੇਮੀ ਅਕਸਰ ਪੁੱਜਦੇ ਰਹਿੰਦੇ ਸਨ। ਉਹਨਾਂ ਵਲੋਂ ਤਿਆਰ ਕੀਤੇ ਵਿਦਿਆਰਥੀਆਂ ਕਲਾਤਮਿਕ ਮੁਕਾਬਲਿਆਂ ਵਿਚ ਜ਼ਿਲ੍ਹਾ ਅਤੇ ਰਾਜ ਪੱਧਰੀ ਮੁਕਾਬਲੇ ਜਿੱਤਦੇ ਰਹੇ। ਆਪਣੀ ਸ਼ਾਨਦਾਰ ਸੇਵਾਕਾਲ ਦੌਰਾਨ ਸਕੂਲ ਦਾ ਸਰਬਪੱਖੀ ਵਿਕਾਸ ਕਰਵਾਇਆ।ਦਾਨੀ ਸੱਜਣਾ ਦਾ ਸਹਿਯੋਗ ਲੈਣ ਵਿਚ ਉਹ ਸਭ ਤੋਂ ਮੂਹਰੇ ਹੋ ਕੇ ਤੁਰਦੇ। ਗਰੀਬ ਵਿਦਿਆਰਥੀਆਂ ਦੀ ਮੱਦਦ ਕਰਨ ਅਤੇ ਕਰਵਾਉਣ ਲਈ ਦਾਨੀਆਂ ਨੂੰ ਪ੍ਰੇਰਿਤ ਕਰਦੇ ਰਹਿੰਦੇ। ਉਹਨਾਂ ਤੇ ਮਾਪਿਆਂ ਅਤੇ ਦਾਨੀਆਂ ਨੂੰ ਪੂਰਾ ਭਰੋਸਾ ਰਿਹਾ। ਵਿਦਿਆਰਥੀ ਤਾਂ ਅਕਸਰ ਆਪਦਾ ਜ਼ਿਕਰ ਬੜੇ ਸਤਿਕਾਰ ਨਾਲ ਕਰਦੇ ਹਨ। ਆਪ ਦਾ ਖਿਆਲ ਹੈ ਕਿ ਹਰ ਇਨਸਾਨ ਨੂੰ ਹਮਦਰਦ ਬਣਨਾ ਚਾਹੀਦਾ ਹੈ। ਧਰਮ ਜਾਤ ਅਤੇ ਪਾਰਟੀਆਂ ਦੇ ਜੁੰਗਲੇ ਲਾਹ ਕੇ ਇਨਸਾਨ ਬਣਨਾ ਚਾਹੀਦਾ ਹੈ।ਅਜੋਕੇ ਸਮਾਜ ਵਿਚ ਇਨਸਾਨੀਅਤ ਦਾ ਕਾਲ ਪਿਆ ਹੋਇਆ ਹੈ। ਹਰ ਪਾਸੇ ਆਪੋ ਧਾਪੀ ਮਚੀ ਹੋਈ ਹੈ। ਬੁੱਧ ਸਿੰਘ ਨਡਾਲੋਂ ਨੇ ਅਜਕਲ ਆਪਣੀ ਰਿਹਾਇਸ਼ ਮਾਹਿਲਪੁਰ ਵਿਚ ਕਰ ਲਈ ਹੈ।ਹੁਣ ਉਹ ਇਥੋਂ ਦੀਆਂ ਕਲਾਤਮਿਕ ਸਰਗਰਮੀਆਂ ਵਿਚ ਅਹਿਮ ਭੂਮਿਕਾ ਅਦਾ ਕਰਨਗੇ। ਉਹਨਾਂ ਨੇ ਸਾਰਾ ਜੀਵਨ ਕਲਾ, ਸਾਹਿਤ, ਸੱਭਿਆਚਾਰ ਅਤੇ ਸਿੱਖਿਆ ਦੇ ਲੇਖੇ ਲਾਇਆ ਹੈ। ਉਹਨਾਂ ਦੀ ਖਾਹਿਸ਼ ਹੈ ਕਿ ਇਹ ਸੰਸਾਰ ਕਲਾਮਈ ਬਣਿਆ ਰਹੇ ਅਤੇ ਮਨੁੱਖ ਕੁਦਰਤ ਨਾਲ ਜੁੜਿਆ ਰਹੇ।





# ਉਚੇਰੀ ਸਿੱਖਿਆ ਬਨਾਮ ਰੁਜ਼ਗਾਰ ਦੇ ਮੌਕੇ

-ਡਾ. ਅਰਵਿੰਦਰ ਸਿੰਘ ਭੱਲਾ



ਤੇਜ਼ੀ ਨਾਲ ਬਦਲ ਰਹੇ ਸੰਸਾਰ 'ਚ ਸਰਕਾਰਾਂ, ਨਿੱਜੀ ਉੱਦਮੀਆਂ ਤੇ ਉਚੇਰੀ ਸਿੱਖਿਆ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਲਈ ਵਿਦਿਆਰਥੀਆਂ ਦੀ ਰੁਜ਼ਗਾਰ ਯੋਗਤਾ ਪਹਿਲਾਂ ਨਾਲੋਂ ਕਿਤੇ ਵੱਧ ਮਹੱਤਵਪੂਰਨ ਮੁੱਦਾ ਹੈ। ਆਮ ਤੌਰ 'ਤੇ ਇਹ ਦੇਖਣ ਨੂੰ ਮਿਲਦਾ ਹੈ ਕਿ ਰੁਜ਼ਗਾਰ ਪ੍ਰਦਾਨ ਕਰਨ ਵਾਲੀਆਂ ਧਿਰਾਂ ਉਨ੍ਹਾਂ ਕਾਮਿਆਂ ਦੀ ਭਾਲ ਕਰ ਰਹੀਆਂ ਹੁੰਦੀਆਂ ਹਨ ਜੋ ਕਿਸੇ ਕਿੱਤੇ ਨਾਲ ਜੁੜੇ ਹੋਏ ਵਿਵਹਾਰਕ ਹਾਲਾਤ ਦੇ ਅਨੁਕੂਲ ਆਪਣੇ-ਆਪ ਨੂੰ ਢਾਲਣ ਦੇ ਸਮਰੱਥ ਹੋਣ। ਵਿਚਾਰਾਤਮਕ ਪੱਧਰ 'ਤੇ ਲਚਕੀਲੇ ਸੁਭਾਅ ਵਾਲੇ ਹੋਣ ਅਤੇ ਜਲਦੀ ਤੋਂ ਜਲਦੀ ਨਵੇਂ ਹੁਨਰ ਸਿੱਖਣ ਦੇ ਯੋਗ ਹੋਣ।

ਜਿੱਥੋਂ ਤੱਕ ਭਾਰਤੀ ਵਿਦਿਆਰਥੀਆਂ ਦੀ ਰੁਜ਼ਗਾਰ ਹਾਸਲ ਕਰਨ ਦੀ ਸਮਰੱਥਾ ਦਾ ਸਵਾਲ ਹੈ ਤਾਂ ਇਹ ਮੁੱਦਾ ਆਪਣੇ-ਆਪ ਵਿਚ ਬੇਹੱਦ ਅਹਿਮ, ਗੰਭੀਰ ਅਤੇ ਗੁੰਝਲਦਾਰ ਵੀ ਹੈ। ਜੇਕਰ ਗਹੁ ਨਾਲ ਸਾਰੇ ਮੁੱਦੇ ਨੂੰ ਵਿਚਾਰਿਆ ਜਾਵੇ ਤਾਂ ਇਹ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ 'ਚ ਪ੍ਰਾਇਮਰੀ ਪੱਧਰ ਤੋਂ ਲੈ ਕੇ ਉਚੇਰੀ ਸਿੱਖਿਆ ਦੇ ਪੱਧਰ ਤੱਕ ਸਿੱਖਿਆ ਦੀ ਗੁਣਵੱਤਾ ਇਕਸਾਰ ਨਹੀਂ ਹੈ। ਬਹੁਤ ਸਾਰੇ ਵਿਦਿਆਰਥੀ ਡਿਗਰੀਆਂ ਹਾਸਲ ਕਰਨ ਉਪਰੰਤ ਗ੍ਰੈਜੂਏਟ ਤਾਂ ਬਣ ਜਾਂਦੇ ਹਨ ਪਰ ਰੁਜ਼ਗਾਰ ਹਾਸਲ ਕਰਨ ਤੋਂ ਅਸਮਰੱਥ ਰਹਿੰਦੇ ਹਨ ਕਿਉਂਕਿ ਉਨ੍ਹਾਂ ਕੋਲ ਆਪਣੇ ਵਿਸ਼ੇ ਨਾਲ ਸਬੰਧਤ ਅਧੂਰਾ ਕਿਤਾਬੀ ਗਿਆਨ ਤਾਂ ਹੁੰਦਾ ਹੈ ਪਰ ਉਨ੍ਹਾਂ ਕੋਲ ਰੁਜ਼ਗਾਰਦਾਤਿਆਂ ਵੱਲੋਂ ਨਿਰਧਾਰਤ ਕੀਤੇ ਗਏ ਮਾਪਦੰਡਾਂ 'ਤੇ ਖ਼ੁਦ ਨੂੰ ਕਾਬਲ ਸਿੱਧ ਕਰਨ ਦੀ ਲੋੜੀਂਦੀ ਕਾਬਲੀਅਤ ਅਤੇ ਹੁਨਰ ਨਹੀਂ ਹੁੰਦਾ। ਭਾਰਤ 'ਚ ਵਿਦਿਆਰਥੀਆਂ ਨੂੰ ਕੋਰਾ ਕਿਤਾਬੀ ਗਿਆਨ ਗ੍ਰੈਜੂਏਟ ਤਾਂ ਬਣਾ ਦਿੰਦਾ ਹੈ ਪਰ ਵਿਵਹਾਰਕ ਤੌਰ 'ਤੇ ਰੁਜ਼ਗਾਰ ਹਾਸਲ ਕਰਨ ਦੇ ਸਮਰੱਥ ਨਹੀਂ ਬਣਾਉਂਦਾ ਹੈ। ਵਧੇਰੇ ਕਰ ਕੇ ਵਿੱਦਿਅਕ ਅਦਾਰਿਆਂ ਦੀ ਕਾਰਜ-ਪ੍ਰਣਾਲੀ ਦਾ ਸਭ ਤੋਂ ਵੱਡਾ ਦੋਸ਼ ਇਹ ਹੈ ਕਿ ਪਿੰਡਾਂ, ਕਸਬਿਆਂ, ਛੋਟੇ ਸ਼ਹਿਰਾਂ, ਆਰਥਿਕ ਤੌਰ 'ਤੇ ਪੱਛੜੇ ਇਲਾਕਿਆਂ, ਪਹਾੜੀ ਅਤੇ ਕਬਾਇਲੀ ਖੇਤਰਾਂ ਵਿਚ ਪਾਏ ਜਾਣ ਵਾਲੇ ਵਿੱਦਿਅਕ ਅਦਾਰੇ ਸੁਹਿਰਦ, ਸੰਭਾਵਨਾਵਾਂ ਭਰਪੂਰ ਤੇ ਪ੍ਰਤੀਯੋਗਤਾ ਦੀ ਭਾਵਨਾ ਰੱਖਣ ਵਾਲੇ ਵਿਦਿਆਰਥੀ ਪੈਦਾ ਕਰਨ ਦੇ ਸਮਰੱਥ ਨਹੀਂ ਹਨ। ਨਤੀਜੇ ਵਜੋਂ ਨੌਜਵਾਨ ਵਿਦਿਆਰਥੀ ਵਰਗ ਰੁਜ਼ਗਾਰ ਹਾਸਲ ਕਰਨ ਦੇ ਢੁਕਵੇਂ ਤੇ ਸੀਮਤ ਮੌਕਿਆਂ ਦਾ ਸਮੇਂ ਸਿਰ ਲਾਭ ਉਠਾਉਣ ਤੋਂ ਵੰਚਿਤ ਰਹਿ ਜਾਂਦਾ ਹੈ। ਭਾਰਤ ਵਿਚ ਇਹ ਵਰਤਾਰਾ ਵੀ ਆਮ ਹੀ ਦੇਖਣ ਨੂੰ ਮਿਲ ਰਿਹਾ ਹੈ ਕਿ ਉਚੇਰੀ ਸਿੱਖਿਆ ਹਾਸਲ ਕਰਨ ਦੌਰਾਨ ਅੱਜ ਦੇ ਨਿੱਜੀਕਰਨ ਅਤੇ ਪ੍ਰਤੀਯੋਗਤਾ ਦੇ ਦੌਰ ਵਿਚ 'ਰੁਜ਼ਗਾਰਦਾਤਾਵਾਂ' ਦੁਆਰਾ ਲੋੜੀਂਦੇ ਹੁਨਰ ਅਤੇ ਯੋਗਤਾ ਦੇ ਨਿਰਧਾਰਤ ਮਾਪਦੰਡਾਂ ਅਨੁਸਾਰ ਨਾ ਤਾਂ ਸਾਡੇ ਵਿਦਿਆਰਥੀ ਖ਼ੁਦ ਨੂੰ ਤਿਆਰ ਕਰ ਪਾ ਰਹੇ ਹਨ ਅਤੇ ਨਾ ਹੀ ਸਾਡੇ ਉਚੇਰੀ ਸਿੱਖਿਆ ਨਾਲ ਜੁੜੇ ਹੋਏ ਅਦਾਰੇ ਵਿਦਿਆਰਥੀਆਂ ਲਈ ਵੱਖ-ਵੱਖ ਕੋਰਸਾਂ ਦਾ ਪਾਠਕ੍ਰਮ ਤਹਿ ਕਰਨ ਵੇਲੇ ਰੁਜ਼ਗਾਰ ਪ੍ਰਦਾਨ ਕਰਨ ਵਾਲਿਆਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਰਹੇ ਹਨ।

ਇਸ ਦੇ ਨਤੀਜੇ ਵਜੋਂ ਦੇਸ਼ ਅੰਦਰ ਹੀ ਰੁਜ਼ਗਾਰ ਦੇ ਉੱਚਿਤ ਮੌਕੇ ਹੋਣ ਦੇ ਬਾਵਜੂਦ ਵਿਦਿਆਰਥੀ ਰੁਜ਼ਗਾਰ ਹਾਸਲ ਕਰਨ ਵਿਚ ਅਸਫਲ ਰਹਿੰਦੇ ਹੋਏ ਨਿਰਾਸ਼ਾ ਦੇ ਆਲਮ ਵਿਚ ਵਿਦੇਸ਼ਾਂ ਵਿਚ ਜਾ ਕੇ ਆਪਣੇ ਉੱਜਵਲ ਭਵਿੱਖ ਦੀ ਤਲਾਸ਼ ਵਿਚ ਭਟਕਣ ਲਈ ਮਜਬੂਰ ਹੋ ਰਹੇ ਹਨ। ਭਾਰਤੀ ਵਿੱਦਿਅਕ ਅਦਾਰਿਆਂ ਵਿਚ ਅਮੂਰਤ ਸੰਕਲਪਾਂ ਦੇ ਅਧਿਐਨ 'ਤੇ ਤਾਂ ਬਹੁਤ ਜ਼ੋਰ ਦਿੱਤਾ ਜਾਂਦਾ ਹੈ ਪਰ ਵਿਦਿਆਰਥੀਆਂ ਨੂੰ ਵਿਹਾਰਕ ਤੌਰ 'ਤੇ ਹੁਨਰਮੰਦ ਬਣਾਉਣ ਅਤੇ ਉਨ੍ਹਾਂ ਦੀ ਰੁਜ਼ਗਾਰ ਹਾਸਲ ਕਰਨ ਦੀ ਸਮਰੱਥਾ ਨੂੰ ਵਧਾਉਣ ਲਈ ਸਮੇਂ ਸਿਰ ਜ਼ਰੂਰੀ ਕਦਮ ਨਹੀਂ ਚੁੱਕੇ ਜਾਂਦੇ ਹਨ। ਸੂਚਨਾ-ਸੰਚਾਰ, ਵਿਗਿਆਨ ਤੇ ਤਕਨਾਲੋਜੀ ਦੇ ਖੇਤਰ 'ਚ ਆ ਰਹੇ ਨਿੱਤ ਨਵੇਂ ਬਦਲਾਅ ਅਤੇ ਵੱਖ-ਵੱਖ ਕਿੱਤਿਆਂ ਪ੍ਰਤੀ ਨਿੱਤ ਬਦਲਦੇ ਹੋਏ ਰੁਝਾਨ ਵਿਦਿਆਰਥੀਆਂ ਲਈ ਬਹੁ-ਪਰਤੀ ਚੁਣੌਤੀਆਂ ਖੜ੍ਹੀਆਂ ਕਰ ਰਹੇ ਹਨ। ਇਨ੍ਹਾਂ ਬਦਲਦੇ ਹੋਏ ਰੁਝਾਨਾਂ ਦੇ ਸੰਦਰਭ ਵਿਚ ਵਿਦਿਆਰਥੀਆਂ ਲਈ 'ਰੁਜ਼ਗਾਰਦਾਤਾਵਾਂ' ਦੇ ਬਦਲਦੇ ਹੋਏ ਮਾਪਦੰਡਾਂ 'ਤੇ ਖਰਾ ਉਤਰਨਾ ਵੱਖ-ਵੱਖ ਪਿਛੋਕੜਾਂ ਨਾਲ ਸਬੰਧਤ ਔਸਤ ਦਰਜੇ ਦੇ ਵਿਦਿਆਰਥੀਆਂ ਲਈ ਇੰਨਾ ਸਹਿਜ ਅਤੇ ਸਰਲ ਨਹੀਂ ਹੁੰਦਾ ਹੈ। ਮੌਜੂਦਾ ਸਮੇਂ 'ਚ ਬੇਰੁਜ਼ਗਾਰੀ 'ਤੇ ਕਾਬੂ ਪਾਉਣ ਲਈ ਵਿਦਿਆਰਥੀਆਂ ਦੀ ਕਾਬਲੀਅਤ ਅਤੇ ਉਨ੍ਹਾਂ ਦੀ ਵਿੱਦਿਅਕ ਯੋਗਤਾ ਨੂੰ ਧਿਆਨ 'ਚ ਰੱਖਦੇ ਹੋਏ ਉਨ੍ਹਾਂ ਨੂੰ ਕਿੱਤੇ ਦੀ ਚੋਣ ਕਰਨ ਲਈ ਉੱਚਿਤ ਮਾਰਗਦਰਸ਼ਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਿਖਲਾਈ ਦੇਣ ਦੀ ਲੋੜ ਹੈ।

ਅਜੋਕੇ ਸਮੇਂ 'ਚ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ, ਸਿਖਲਾਈ, ਸੇਧ ਅਤੇ ਲੋੜੀਂਦੇ ਸਾਧਨ ਪ੍ਰਦਾਨ ਕਰਨ ਦੀ ਲੋੜ ਹੈ ਜੋ ਉਨ੍ਹਾਂ ਨੂੰ ਰੁਜ਼ਗਾਰ ਹਾਸਲ ਕਰਵਾਉਣ ਵਿਚ ਸਹਾਇਕ ਸਾਬਿਤ ਹੋਣ। ਯੂਨੀਵਰਸਿਟੀਆਂ ਤੇ ਕਾਲਜਾਂ ਦੇ ਪੱਧਰ 'ਤੇ ਰੁਜ਼ਗਾਰ ਦੇ ਉੱਚਿਤ ਮੌਕਿਆਂ ਦੀ ਖੋਜ ਕਰਨ ਲਈ ਪ੍ਰਾਈਵੇਟ ਕੰਪਨੀਆਂ ਨੂੰ ਸੱਦ ਕੇ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣੇ ਜ਼ਰੂਰੀ ਹਨ। ਸੋਸ਼ਲ ਮੀਡੀਆ 'ਤੇ ਪੇਸ਼ੇਵਰ ਸੰਸਥਾਵਾਂ ਦੁਆਰਾ ਇਕ ਪੇਸ਼ੇਵਰ ਨੈੱਟਵਰਕ ਵਿਕਸਤ ਕਰਨ ਦੀ ਬਹੁਤ ਜ਼ਰੂਰਤ ਹੈ ਤਾਂ ਜੋ ਯੋਗ ਉਮੀਦਵਾਰਾਂ ਤੇ ਰੁਜ਼ਗਾਰਦਾਤਿਆਂ ਵਿਚਾਲੇ ਢੁੱਕਵਾਂ ਤਾਲਮੇਲ ਸਥਾਪਤ ਕੀਤਾ ਜਾ ਸਕੇ। ਵਿੱਦਿਅਕ ਸੰਸਥਾਵਾਂ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਵਿਦਿਆਰਥੀਆਂ ਨੂੰ ਕਿਸੇ ਵੀ ਪ੍ਰਤੀਯੋਗੀ ਪ੍ਰੀਖਿਆ ਤੇ ਇੰਟਰਵਿਊ 'ਚ ਆਪਣੀ ਕਾਬਲੀਅਤ ਦਾ ਮੁਜ਼ਾਹਰਾ ਕਰਨ ਦੇ ਸਮਰੱਥ ਬਣਾਉਣ ਅਤੇ ਰੁਜ਼ਗਾਰ ਹਾਸਲ ਕਰਨ ਤੋਂ ਬਾਅਦ ਆਪਣੇ ਹੁਨਰ ਤੇ ਕਾਬਲੀਅਤ ਨੂੰ ਪ੍ਰਗਟਾਉਣ ਦੇ ਢੁੱਕਵੇਂ ਮੌਕੇ ਉਪਲਬਧ ਕਰਾਉਣ। ਵਰਤਮਾਨ ਹਾਲਾਤ ਦੇ ਸੰਦਰਭ ਵਿਚ ਵੀ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ 21ਵੀਂ ਸਦੀ 'ਚ ਵੀ ਭਾਰਤੀ ਸਿੱਖਿਆ ਪ੍ਰਣਾਲੀ ਉਨ੍ਹਾਂ ਹੁਨਰਾਂ ਦੇ ਵਿਕਾਸ ਉੱਪਰ ਬਲ ਨਹੀਂ ਦੇ ਰਹੀ ਹੈ ਜੋ ਵਿਦਿਆਰਥੀ ਨੂੰ ਰੁਜ਼ਗਾਰ ਦੇ ਮੌਕਿਆਂ ਦਾ ਲਾਭ ਉਠਾਉਣ ਦੇ ਸਮਰੱਥ ਬਣਾ ਸਕਦੇ ਹਨ।

ਸਕੂਲਾਂ ਜਾਂ ਕਾਲਜਾਂ 'ਚ ਉਨ੍ਹਾਂ ਹੁਨਰਾਂ ਦੀ ਸਿਖਲਾਈ ਵੱਲ ਬਿਲਕੁਲ ਤਵੱਜੋ ਨਹੀਂ ਦਿੱਤੀ ਜਾਂਦੀ ਹੈ ਜਿਨ੍ਹਾਂ ਦੀ ਸਹਾਇਤਾ ਨਾਲ ਰੁਜ਼ਗਾਰਦਾਤਿਆਂ ਦਾ ਧਿਆਨ ਵਿਦਿਆਰਥੀ ਆਪਣੇ ਵੱਲ ਖਿੱਚ ਸਕਣ। ਬਹੁਤ ਸਾਰੇ ਸਕੂਲ ਜਾਂ ਕਾਲਜ ਵਿਵਹਾਰਕ ਹੁਨਰ ਨੂੰ ਵਧਾਉਣ ਲਈ ਕਿੱਤਾਮੁਖੀ ਕੋਰਸ ਜਿਵੇਂ ਕਿ ਕੋਡਿੰਗ, ਡਾਟਾ ਵਿਸ਼ਲੇਸ਼ਣ, ਡਿਜੀਟਲ ਮਾਰਕੀਟਿੰਗ ਆਦਿ ਕੋਰਸ ਉਪਲਬਧ ਨਹੀਂ ਕਰਵਾਉਂਦੇ ਹਨ। ਹਾਲਾਂਕਿ ਵਿੱਦਿਅਕ ਅਦਾਰਿਆਂ ਨੂੰ ਵਿਦਿਆਰਥੀਆਂ ਲਈ ਇੰਟਰਨਸ਼ਿਪਾਂ ਤੇ ਅਪ੍ਰੈਂਟਿਸਸ਼ਿਪਾਂ ਦਾ ਪ੍ਰਬੰਧ ਕਰਨ ਲਈ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਵਿਦਿਆਰਥੀਆਂ ਨੂੰ ਅਮਲੀ ਜੀਵਨ ਅਤੇ ਹਕੀਕੀ ਸੰਸਾਰ ਦਾ ਸਹੀ ਅਨੁਭਵ ਹਾਸਲ ਹੋ ਸਕੇ। ਸਾਨੂੰ ਇਹ ਤੱਥ ਵੀ ਸਮੇਂ ਸਿਰ ਭਲੀਭਾਂਤ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਭਾਰਤ ਵਿਚ ਰੁਜ਼ਗਾਰ ਮੰਡੀ ਬਹੁਤ ਹੀ ਪ੍ਰਤੀਯੋਗੀ ਹੈ। ਲਗਾਤਾਰ ਵਧ ਰਹੀ ਆਬਾਦੀ ਦੀ ਸਮੱਸਿਆ ਦੇ ਨਾਲ-ਨਾਲ ਭਾਰਤ ਵਿਚ ਰੁਜ਼ਗਾਰ ਦੇ ਸੀਮਤ ਮੌਕਿਆਂ ਦੀ ਸਮੱਸਿਆ ਦਿਨ-ਬ-ਦਿਨ ਗੰਭੀਰ ਰੂਪ ਧਾਰਨ ਕਰ ਰਹੀ ਹੈ। ਇਨ੍ਹਾਂ ਹਾਲਤਾਂ ਵਿਚ ਯੋਗ ਵਿਦਿਆਰਥੀਆਂ ਲਈ ਵੀ ਰੁਜ਼ਗਾਰ ਦੇ ਉੱਚਿਤ ਮੌਕੇ ਤਲਾਸ਼ ਕਰਨੇ ਕਠਿਨ ਹੋ ਜਾਂਦੇ ਹਨ। ਵਿਸ਼ਲੇਸ਼ਣਾਤਮਕ ਦ੍ਰਿਸ਼ਟੀਕੋਣ ਤੇ ਸਮੱਸਿਆਵਾਂ ਦੇ ਵਿਵਹਾਰਕ ਹੱਲ ਲੱਭਣ ਦੇ ਹੁਨਰ ਦੇ ਵਿਕਾਸ 'ਤੇ ਧਿਆਨ ਕੇਂਦਰਿਤ ਕਰਨ ਲਈ ਭਾਰਤੀ ਸਿੱਖਿਆ ਪ੍ਰਣਾਲੀ ਵਿਚ ਬੁਨਿਆਦੀ ਪੱਧਰ 'ਤੇ ਵਿਆਪਕ ਸੁਧਾਰ ਕਰਨ ਦੀ ਲੋੜ ਹੈ। ਇਸ ਦਿਸ਼ਾ ਵਿਚ ਕਿੱਤਾਮੁਖੀ ਕੋਰਸਾਂ ਨੂੰ ਉਤਸ਼ਾਹਤ ਕਰਨ ਦੇ ਨਾਲ-ਨਾਲ ਇੰਟਰਨਸ਼ਿਪਾਂ ਅਤੇ ਅਪ੍ਰੈਂਟਿਸਸ਼ਿਪਾਂ ਦੀ ਗਿਣਤੀ ਨੂੰ ਵਧਾਉਣਾ ਬਹੁਤ ਜ਼ਰੂਰੀ ਹੈ। ਇਸ ਦਿਸ਼ਾ ਵਿਚ ਸਰਕਾਰਾਂ, ਉਦਯੋਗਾਂ, ਕਾਰਪੋਰੇਟ ਘਰਾਣਿਆਂ ਤੇ ਵਿੱਦਿਅਕ ਸੰਸਥਾਵਾਂ ਵਿਚਕਾਰ ਤਾਲਮੇਲ ਅਤੇ ਸਾਂਝੇਦਾਰੀ ਸਥਾਪਤ ਕੀਤੀ ਜਾਣੀ ਚਾਹੀਦੀ ਹੈ। ਯੂਨੀਵਰਸਿਟੀ ਤੇ ਕਾਲਜ ਪੱਧਰ 'ਤੇ ਪਲੇਸਮੈਂਟ ਸੇਵਾਵਾਂ ਨੂੰ ਗਤੀਸ਼ੀਲ ਅਤੇ ਕਾਰਗਰ ਬਣਾਉਣ ਦੀ ਬੇਹੱਦ ਜ਼ਰੂਰਤ ਹੈ। ਭਾਰਤ ਨੇ ਭਵਿੱਖ ਵਿਚ ਜੇ ਮਜ਼ਬੂਤ ਆਰਥਿਕ ਸ਼ਕਤੀ ਵਜੋਂ ਉਭਰਨ ਦਾ ਆਪਣਾ ਸੁਪਨਾ ਸਾਕਾਰ ਕਰਨਾ ਹੈ ਤਾਂ ਸਾਨੂੰ ਵਿਦਿਆਰਥੀਆਂ ਨੂੰ ਹੁਨਰਮੰਦ ਤੇ ਪ੍ਰਤਿਭਾਸ਼ਾਲੀ ਬਣਾਉਣ ਦੀ ਦਿਸ਼ਾ 'ਚ ਅੱਗੇ ਵਧਣਾ ਪਵੇਗਾ। ਲੀਹ ਤੋਂ ਹਟ ਕੇ ਕੁਝ ਨਵਾਂ ਸੋਚਣ ਤੇ ਆਪਣੀ ਸਿੱਖਿਆ ਪ੍ਰਣਾਲੀ 'ਚ ਬੁਨਿਆਦੀ ਸੁਧਾਰ ਲਿਆਉਣ ਲਈ ਅਹਿਦ ਕਰਨ ਦੇ ਨਾਲ-ਨਾਲ ਸਾਨੂੰ ਕੁਝ ਅਜਿਹੇ ਕਦਮ ਚੁੱਕਣੇ ਚਾਹੀਦੇ ਹਨ ਜਿਨ੍ਹਾਂ ਰਾਹੀਂ ਅਸੀਂ ਨੌਜਵਾਨ ਪੀੜ੍ਹੀ ਨੂੰ ਹੁਨਰਮੰਦ ਬਣਾਉਣ ਵਿਚ ਸਫਲ ਹੋ ਸਕੀਏ। ਜੇ ਇਸ ਦਿਸ਼ਾ ਵਿਚ ਅਸੀਂ ਕੁਝ ਸਾਰਥਕ ਨਹੀਂ ਕਰਾਂਗੇ ਤਾਂ ਨੇੜ ਭਵਿੱਖ ਵਿਚ ਪ ੜੇ ?ਹ - ਲਿਖੇ ਨੌਜਵਾਨਾਂ 'ਚ ਬੇਰੁਜ਼ਗਾਰੀ ਕਾਰਨ ਨਿਰਾਸ਼ਾ ਹੋਰ ਵਧੇਗੀ ਜਿਸ ਦੇ ਸਿੱਟੇ ਵਜੋਂ ਅਨੇਕਾਂ ਤਰ੍ਹਾਂ ਦੇ ਸੰਕਟ ਖੜ੍ਹੇ ਹੋ ਸਕਦੇ ਹਨ। ਲਿਹਾਜ਼ਾ ਉਚੇਰੀ ਸਿੱਖਿਆ ਦੇ ਖੇਤਰ ਨਾਲ ਜੁੜੇ ਹੋਏ ਹਰੇਕ ਨੀਤੀ ਨਿਰਮਾਤਾ ਵੱਲੋਂ ਭਾਰਤੀ ਵਿਦਿਆਰਥੀਆਂ ਦੀ ਰੁਜ਼ਗਾਰ ਹਾਸਲ ਕਰਨ ਦੀ ਯੋਗਤਾ ਨੂੰ ਵਧਾਉਣ ਲਈ ਤਰਜੀਹੀ ਤੌਰ 'ਤੇ ਕੌਮੀ ਪੱਧਰ 'ਤੇ ਕੋਈ ਠੋਸ ਰਣਨੀਤੀ ਤਿਆਰ ਕਰ ਕੇ ਤੁਰੰਤ ਲਾਗੂ ਕੀਤੀ ਜਾਣੀ ਚਾਹੀਦੀ ਹੈ।

# ਆਖਿਰ ਕਿਉਂ ਨਹੀਂ ਰੁਕ ਰਿਹਾ ਦੇਸ਼ 'ਚ ਔਰਤਾਂ ਦਾ ਸ਼ੋਸ਼ਣ

ਕੇਂਦਰ ਅਤੇ ਸੂਬਾਈ ਸਰਕਾਰਾਂ ਵੱਲੋਂ ਔਰਤਾਂ ਦੀ ਸੁਰੱਖਿਆ ਦੇ ਦਾਅਵਿਆਂ ਅਤੇ ਕਾਨੂੰਨਾਂ ਦੇ ਬਾਵਜੂਦ ਦੇਸ਼ 'ਚ ਅੱਜ ਵੀ ਔਰਤਾਂ ਓਨੀਆਂ ਹੀ ਤੰਗ-ਪ੍ਰੇਸ਼ਾਨ ਅਤੇ ਅਸੁਰੱਖਿਅਤ ਹਨ ਜਿੰਨੀਆਂ ਪਹਿਲਾਂ ਸਨ। ਕੋਈ ਵੀ ਦਿਨ ਅਜਿਹਾ ਨਹੀਂ ਲੰਘਦਾ ਜਦੋਂ ਔਰਤਾਂ ਨੂੰ ਵੱਖ-ਵੱਖ ਰੂਪਾਂ 'ਚ ਤੰਗ-ਪ੍ਰੇਸ਼ਾਨ ਕਰਨ ਦੀ ਘਟਨਾ ਸਾਹਮਣੇ ਨਾ ਆਉਂਦੀ ਹੋਵੇ।

ਮੱਧ ਪ੍ਰਦੇਸ਼ ਦੇ ਉੱਜੈਨ 'ਚ 25 ਸਤੰਬਰ ਸ਼ਾਮ ਨੂੰ ਦਿੱਲੀ ਦੀ ਨਿਰਭਯਾ ਕਾਂਡ ਵਰਗੀ ਘਟਨਾ 'ਚ ਬਦਮਾਸ਼ਾਂ ਨੇ ਪ੍ਰਯਾਗਰਾਜ ਦੀ ਰਹਿਣ ਵਾਲੀ ਇਕ ਨਾਬਾਲਿਗਾ ਨਾਲ ਜਬਰ-ਜ਼ਨਾਹ ਪਿੱਛੋਂ ਉਸ ਦੇ ਪ੍ਰਾਈਵੇਟ ਪਾਰਟ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ ਹੀ ਉਸ ਨੂੰ ਅਰਧ-ਨਗਨ ਹਾਲਤ 'ਚ ਉੱਥੇ ਹੀ ਛੱਡ ?ਦੱਤਾ।

ਦੱਸਿਆ ਜਾਂਦਾ ਹੈ ਕਿ ਕੁਝ ਲੋਕਾਂ ਵੱਲੋਂ ਇਸ ਬੱਚੀ ਬਾਰੇ ਸੂਚਿਤ ਕਰਨ 'ਤੇ ਢਾਈ ਘੰਟੇ ਤਕ ਅਰਧ-ਨਗਨ ਹਾਲਤ 'ਚ ਬਦਹਵਾਸ 8 ਕਿਲੋਮੀਟਰ ਇਧਰ-ਉਧਰ ਭਟਕਦੀ ਇਹ ਬੱਚੀ ਜਦੋਂ ਪੁਲਸ ਨੂੰ ਮਿਲੀ ਤਾਂ ਉਸ ਦੇ ਕੱਪੜੇ ਖ਼ੂਨ ਨਾਲ ਲਿਬੜੇ ਹੋਏ ਸਨ। ਮੈਡੀਕਲ ਰਿਪੋਰਟ 'ਚ ਉਸ ਨਾਲ ਜਬਰ-ਜ਼ਨਾਹ ਦੀ ਪੁਸ਼ਟੀ ਹੋਈ ਹੈ। ਹਾਲਤ ਗੰਭੀਰ ਹੋਣ 'ਤੇ ਉਸ ਨੂੰ ਇੰਦੌਰ ਰੈਫਰ ਕੀਤਾ ਗਿਆ ਹੈ।

ਪੁਲਸ ਨੇ ਇਸ ਮਾਮਲੇ 'ਚ ਇਕ ਸ਼ੱਕੀ ਆਟੋ ਚਾਲਕ ਜਿਸ ਦੇ ਆਟੋ 'ਚ ਖ਼ੂਨ ਦੇ ਨਿਸ਼ਾਨ ਮਿਲੇ ਹਨ, ਸਮੇਤ 5 ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਹੈ। ਪੁੱਛਗਿੱਛ ਦੌਰਾਨ ਉਸ ਨੇ ਮਾਸੂਮ ਨਾਲ ਵਧੀਕੀ ਕਰਨ ਦੀ ਗੱਲ ਮੰਨੀ ਹੈ।

ਹਾਲਾਂਕਿ ਇਸ ਘਟਨਾ ਨੂੰ ਲੈ ਕੇ ਮੱਧ ਪ੍ਰਦੇਸ਼ ਪੁਲਸ ਅਤੇ ਪ੍ਰਸ਼ਾਸਨ ਦੀ ਭਾਰੀ ਆਲੋਚਨਾ ਹੋ ਰਹੀ ਹੈ ਪਰ ਸਿਰਫ 5 ਦਿਨਾਂ 'ਚ ਹੀ ਇਸ ਤੋਂ ਇਲਾਵਾ ਵੀ ਔਰਤਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦੀਆਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਘਟਨਾਵਾਂ ਸਾਹਮਣੇ ਆਈਆਂ ਹਨ।

* 28 ਸਤੰਬਰ ਨੂੰ ਆਸਾਮ ਦੇ ਕਰੀਮਗੰਜ ਜ਼ਿਲੇ 'ਚ ਇਕ ਅੱਲ੍ਹੜ ਕੁੜੀ ਦੀ ਗਲਾ ਘੁੱਟ ਕੇ ਹੱਤਿਆ ਕਰਨ ਪਿੱਛੋਂ ਉਸ ਦੀ ਲਾਸ਼ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ਹੇਠ ਇਕ ਰੇਲਵੇ ਮੁਲਾਜ਼ਮ ਸਮੇਤ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

* 27 ਸਤੰਬਰ ਨੂੰ ਆਸਾਮ ਦੇ 'ਦੀਮਾ ਹਸਾਓ' ਜ਼ਿਲੇ 'ਚ ਗ੍ਰਿਫਤਾਰ ਕੀਤੇ ਗਏ ਫੌਜ ਦੇ ਇਕ ਮੇਜਰ ਅਤੇ ਉਸ ਦੀ ਪਤਨੀ ਹੱਥੋਂ ਤੰਗ-ਪ੍ਰੇਸ਼ਾਨ ਦੀ ਸ਼ਿਕਾਰ ਘਰੇਲੂ ਕੰਮਕਾਰ ਲਈ ਰੱਖੀ 15 ਸਾਲਾ ਨਾਬਾਲਿਗ ਦੀ ਮਾਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਕਿਹਾ ਕਿ ਮੁਲਜ਼ਮ ਪਤੀ-ਪਤਨੀ ਉਸ ਦੀ ਬੇਟੀ ਨੂੰ ਘੰਟਿਆਂ ਤੱਕ ਨਗਨ ਰੱਖ ਕੇ ਉਸ ਨੂੰ ਕੁੱਟਦੇ ਸਨ, ਉਸ 'ਤੇ ਉਬਲਦਾ ਪਾਣੀ ਤਕ ਪਾਉਂਦੇ ਅਤੇ ਉਸ ਨੂੰ ਕਚਰਾ ਖਾਣ ਲਈ ਮਜਬੂਰ ਕੀਤਾ ਜਾਂਦਾ ਸੀ।

* 24 ਸਤੰਬਰ ਨੂੰ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ 'ਚ ਪੁਲਸ ਕੋਲੋਂ ਮਦਦ ਮੰਗਣ ਗਈ 35 ਸਾਲ ਦੀ ਇਕ ਦਲਿਤ ਔਰਤ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ਹੇਠ ਪੁਲਸ ਦੇ ਸਬ-ਇੰਸਪੈਕਟਰ ਸੁਧੀਰ ਪਾਂਡੇ ਨੂੰ ਮੁਅੱਤਲ ਕੀਤਾ ਗਿਆ।

* 23 ਸਤੰਬਰ ਨੂੰ ਉੱਤਰ ਪ੍ਰਦੇਸ਼ 'ਚ ਆਗਰਾ ਦੇ ਥਾਣਾ ਫਤਿਹਪੁਰ ਸੀਕਰੀ ਦੇ ਇਕ ਪਿੰਡ 'ਚ ਆਪਣੇ ਘਰੋਂ ਮਜ਼ਦੂਰੀ ਕਰਨ ਲਈ ਨਿਕਲੀ 70 ਸਾਲ ਦੀ ਇਕ ਬਜ਼ੁਰਗ ਔਰਤ ਦੀ ਖ਼ੂਨ ਨਾਲ ਲਿਬੜੀ ਲਾਸ਼ ਪਿੰਡ ਦੇ ਖੇਤਾਂ 'ਚੋਂ ਬਰਾਮਦ ਹੋਈ। ਇਸ ਸਿਲਸਿਲੇ 'ਚ ਪੁਲਸ ਨੇ ਸਮੂਹਿਕ ਜਬਰ-ਜ਼ਨਾਹ ਦਾ ਕੇਸ ਦਰਜ ਕੀਤਾ ਹੈ।

* 23 ਸਤੰਬਰ ਨੂੰ ਹੀ ਬਿਹਾਰ ਦੀ ਰਾਜਧਾਨੀ ਪਟਨਾ ਦੇ ਖੁਸਰੂਪੁਰ ਥਾਣਾ ਖੇਤਰ 'ਚ ਸਿਰਫ 1500 ਰੁਪਏ ਦੇ ਉਧਾਰ ਲਈ ਸੂਦਖੋਰ ਪਿਤਾ-ਪੁੱਤਰ ਪ੍ਰਮੋਦ ਅਤੇ ਅੰਸ਼ੂ ਵੱਲੋਂ ਇਕ ਮਹਾਦਲਿਤ ਔਰਤ ਨੂੰ ਨਗਨ ਕਰ ਕੇ ਕੁੱਟਣ ਅਤੇ ਉਸ ਦੇ ਚਿਹਰੇ 'ਤੇ ਪਿਸ਼ਾਬ ਕਰਨ ਦੇ ਦੋਸ਼ ਹੇਠ ਪ੍ਰਮੋਦ ਨੂੰ ਗ੍ਰਿਫਤਾਰ ਕੀਤਾ ਗਿਆ।

ਔਰਤ ਦਾ ਦੋਸ਼ ਹੈ ਕਿ ਉਸ ਦੇ ਪਤੀ ਨੇ ਕੁਝ ਸਮਾਂ ਪਹਿਲਾਂ ਪ੍ਰਮੋਦ ਕੁਮਾਰ ਸਿੰਘ ਕੋਲੋਂ 1500 ਰੁਪਏ ਉਧਾਰ ਲਏ ਸਨ ਅਤੇ ਉਹ ਇਹ ਰਕਮ ਅਦਾ ਵੀ ਕਰ ਚੁੱਕੇ ਹਨ ਪਰ ਇਸ ਦੇ ਬਾਵਜੂਦ ਉਹ ਇਸ ਦੀ ਮੰਗ ਕਰਦੇ ਆ ਰਹੇ ਸਨ।

ਇਸੇ ਤਰ੍ਹਾਂ ਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਪੰਜਾਬ-ਹਰਿਆਣਾ ਹਾਈ ਕੋਰਟ ਦੇ ਜੱਜਾਂ ਮਾਣਯੋਗ ਜਸਟਿਸ ਬੀ. ਐੱਸ. ਵਾਲੀਆ ਅਤੇ ਜਸਟਿਸ ਲਲਿਤ ਬੱਤਰਾ 'ਤੇ ਆਧਾਰਿਤ ਡਿਵੀਜ਼ਨ ਬੈਂਚ ਨੇ ਹੁਣੇ ਜਿਹੇ ਹੀ ਇਕ ਕੇਸ ਦੀ ਸੁਣਵਾਈ ਕਰਦੇ ਹੋਏ ਕਿਹਾ ਕਿ "ਜਬਰ-ਜ਼ਨਾਹ ?ਕਸੇ ਵੀ ਔਰਤ, ਜੋ ਕਦੀ ਇਕ ਖੁਸ਼ ਇਨਸਾਨ ਸੀ, ਨੂੰ ਅੰਦਰ ਤਕ ਹਿਲਾ ?ਦੰਦਾ ਹੈ, ਜਿਸ ਦੀ ਪੀੜਾ ਉਸ ਨੂੰ ਸਾਰੀ ਉਮਰ ਝੱਲਣੀ ਪੈਂਦੀ ਹੈ।"

ਔਰਤਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦੀਆਂ ਇਹ ਤਾਂ ਸਿਰਫ 5 ਦਿਨਾਂ 'ਚ ਸਾਹਮਣੇ ਆਈਆਂ 4 ਵੱਖ-ਵੱਖ ਸੂਬਿਆਂ 'ਚ ਵਾਪਰੀਆਂ ਘਟਨਾਵਾਂ ਹਨ। ਪਤਾ ਨਹੀਂ ਹਰ ਉਮਰ ਵਰਗ ਦੀਆਂ ਅਜਿਹੀਆਂ ਕਿੰਨੀਆਂ ਔਰਤਾਂ ਸੈਕਸ ਸ਼ੋਸ਼ਣ, ਘਰੇਲੂ ਹਿੰਸਾ, ਕੰਮ ਵਾਲੀਆਂ ਥਾਵਾਂ 'ਤੇ ਲਿੰਗਕ ਵਿਤਕਰਾ, ਪੱਖਪਾਤ ਆਦਿ ਦਾ ਸ਼ਿਕਾਰ ਹੋ ਰਹੀਆਂ ਹਨ।

ਇਨ੍ਹਾਂ ਘਟਨਾਵਾਂ ਦਾ ਸਿੱਟਾ ਇਹੀ ਹੈ ਕਿ ਅਪਰਾਧੀਆਂ ਨੂੰ ਕਾਨੂੰਨ ਦਾ ਡਰ ਨਹੀਂ ਰਿਹਾ। ਅੱਵਲ ਤਾਂ ਅਪਰਾਧੀ ਫੜੇ ਨਹੀਂ ਜਾਂਦੇ ਅਤੇ ਜੇ ਫੜੇ ਜਾਣ ਤਾਂ ਬਚ ਜਾਂਦੇ ਹਨ ਅਤੇ ਸਿਰਫ ਲਗਭਗ 26 ਫੀਸਦੀ ਮਾਮਲਿਆਂ 'ਚ ਹੀ ਸਜ਼ਾ ਹੁੰਦੀ ਹੈ।

ਇਸ ਤਰ੍ਹਾਂ ਦੇ ਅਪਰਾਧਾਂ 'ਚ ਸ਼ਾਮਲ ਹੋਣ ਵਾਲਿਆਂ 'ਤੇ ਫਾਸਟ ਟਰੈਕ ਅਦਾਲਤਾਂ 'ਚ ਮੁਕੱਦਮੇ ਚਲਾ ਕੇ ਤੁਰੰਤ ਸਿੱਖਿਆਦਾਇਕ ਅਤੇ ਸਖਤ ਸਜ਼ਾ ਦੇਣ ਨਾਲ ਹੀ ਇਸ ਬੁਰਾਈ 'ਤੇ ਕਾਬੂ ਪਾਇਆ ਜਾ ਸਕਦਾ ਹੈ।



# ਕਿੰਨਾ ਪ੍ਰਦੂਸ਼ਣ ਹੈ ਤੁਹਾਡੇ ਘਰ 'ਚ?

**ਕਰਮਵੀਰ ਅਨੁਰਾਗੀ**

ਪ੍ਰਦੂਸ਼ਣ ਅੱਜਕਲ੍ਹ ਸੰਸਾਰ ਦੀ ਸਭ ਤੋਂ ਪ੍ਰਮੁੱਖ ਸਮੱਸਿਆ ਹੈ, ਜਿਸ ਨਾਲ ਵਾਤਾਵਰਨ ਵਿਗਿਆਨੀ ਤੇ ਬੁੱਧੀਜੀਵੀ ਸਭ ਚਿੰਤਤ ਹਨ ਪਰ ਅਸੀਂ ਉਸ ਪ੍ਰਦੂਸ਼ਣ ਪ੍ਰਤੀ ਚਿੰਤਤ ਨਹੀਂ ਹਾਂ ਜੋ ਸਾਡੇ ਘਰ ਦੇ ਆਲੇ-ਦੁਆਲੇ ਦਾ ਹੈ, ਘਰ ਦੇ ਅੰਦਰ ਦਾ ਹੈ, ਰਸੋਈ ਘਰ ਦਾ ਹੈ।

ਸਾਡੀ ਰੋਜ਼ਮਰ੍ਹਾ ਵਰਤੋਂ ਵਿਚ ਕਈ ਇਸ ਤਰ੍ਹਾਂ ਦੀਆਂ ਚੀਜ਼ਾਂ ਆਉਂਦੀਆਂ ਹਨ ਜਿਨ੍ਹਾਂ ਨੂੰ ਅਸੀਂ ਆਧੁਨਿਕ ਜੀਵਨ ਦਾ ਜ਼ਰੂਰੀ ਅੰਗ ਮੰਨਦੇ ਹਾਂ ਪਰ ਉਨ੍ਹਾਂ ਦੇ ਪ੍ਰਭਾਵ ਭਿਆਨਕ ਰੂਪ ਨਾਲ ਹਾਨੀਕਾਰਕ ਹੁੰਦੇ ਜਾ ਰਹੇ ਹਨ।



ਨਵੀਆਂ ਖੋਜਾਂ ਤੋਂ ਇਹ ਪਤਾ ਲਗਦਾ ਹੈ ਕਿ ਕਈ ਤਰ੍ਹਾਂ ਦੀਆਂ ਧਾਤੂਆਂ, ਪਲਾਸਟਿਕ ਰਸਾਇਣ ਤੇ ਗੈਸ ਜੋ ਅਸੀਂ ਰੋਜ਼ ਵਰਤੋਂ ਵਿਚ ਲਿਆਉਂਦੇ ਹਾਂ ਉਨ੍ਹਾਂ ਨਾਲ ਸਿਹਤ ਨੂੰ ਵੱਡਾ ਨੁਕਸਾਨ ਪਹੁੰਚ ਰਿਹਾ ਹੈ। ਸ਼ੁਰੂ ਅਸੀਂ ਰਸੋਈ ਘਰ ਤੋਂ ਕਰਦੇ ਹਾਂ। ਟੂਟੀ ਜਿਸ ਰਾਹੀਂ ਰਸੋਈ ਘਰ ਵਿਚ ਪਾਣੀ ਆਉਂਦਾ ਹੈ, ਉਸ ਦੇ ਜੋੜਾਂ ਵਿਚ ਜੇਕਰ ਰਾਂਗਾ ਹੈ ਤਾਂ ਉਹ ਪਾਣੀ ਨੂੰ ਜ਼ਹਿਰੀਲਾ ਕਰਦਾ ਰਹਿੰਦਾ ਹੈ। ਪਿੱਤਲ ਦੀਆਂ ਟੂਟੀਆਂ, ਪਿੱਤਲ ਦਾ ਜ਼ਹਿਰ ਕਹਾਉਂਦੀਆਂ ਹਨ। ਜਿਨ੍ਹਾਂ ਭਾਂਡਿਆਂ 'ਤੇ ਅਸੀਂ ਕਲੀ ਕਰਾਉਂਦੇ ਹਾਂ, ਉਸ ਵਿਚ ਰਾਂਗਾ ਮਿਲਿਆ ਹੁੰਦਾ ਹੈ ਜੋ ਅਕਸਰ ਕਲੀ ਦੇ ਮਹਿੰਗੇ ਹੋਣ ਕਾਰਨ ਮਿਲਾ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਅਲਮੂਨੀਅਮ ਵਿਚ ਵੀ ਪਣੀ ਦੇ ਪ੍ਰਭਾਵ ਨਾਲ ਹਾਨੀਕਾਰਕ ਜ਼ਹਿਰ ਦਾ ਨਿਰਮਾਣ ਹੁੰਦਾ ਹੈ। ਅਸੀਂ ਪਾਣੀ ਨੂੰ ਸਾਫ਼ ਕਰਨ ਲਈ ਉਪਕਰਨ ਲਗਾਉਂਦੇ ਹਾਂ, ਉਨ੍ਹਾਂ ਵਿਚ ਲੱਗੀਆਂ ਬੱਤੀਆਂ ਜਾਂ ਫਿਲਟਰ ਨੂੰ ਸਮੇਂ-ਸਮੇਂ 'ਤੇ ਬਦਲਦੇ ਰਹਿਣਾ ਚਾਹੀਦਾ ਹੈ, ਨਹੀਂ ਤਾਂ ਇਨ੍ਹਾਂ ਫਿਲਟਰਾਂ ਵਿਚ ਹੀ ਕਿਟਾਣੂ ਪੈਦਾ ਹੁੰਦੇ ਰਹਿੰਦੇ ਹਨ ਅਤੇ ਪਾਣੀ ਪੀਣ ਯੋਗ ਨਹੀਂ ਰਹਿੰਦਾ।

ਧਾਤੂਆਂ ਤੋਂ ਬਾਅਦ ਅਸੀਂ ਪਲਾਸਟਿਕ ਦੀ ਵਰਤੋਂ ਵੀ ਬਹੁਤ ਕਰਦੇ ਹਾਂ। ਪਲਾਸਟਿਕ ਵਿਚ ਵੀ ਕਈ ਤਰ੍ਹਾਂ ਦੇ ਹਾਨੀਕਾਰਕ ਤੱਤ ਪੈਦਾ ਹੁੰਦੇ ਹਨ। ਫਰਿੱਜ ਅੰਦਰ ਪਾਣੀ ਨੂੰ ਠੰਢਾ ਰੱਖਣ ਲਈ ਪਲਾਸਟਿਕ ਦੀਆਂ ਬੋਤਲਾਂ ਦੀ ਵਰਤੋਂ ਹੁੰਦੀ ਹੈ, ਉਨ੍ਹਾਂ ਦਾ ਖ਼ਤਰਾ ਵੀ ਪੈਦਾ ਹੋ ਸਕਦਾ ਹੈ। ਜੇਕਰ ਪੁਰਾਣੇ ਪਲਾਸਟਿਕ ਨੂੰ ਢਾਲ ਕੇ ਤੇਜ਼ ਰੰਗ ਮਿਲਾਏ ਗਏ ਹਨ ਤਾਂ ਉਨ੍ਹਾਂ ਦੇ ਬਣੇ ਖਿਡੌਣੇ ਬੱਚਿਆਂ ਲਈ ਹਾਨੀਕਾਰਕ ਹੋ ਸਕਦੇ ਹਨ।

ਰਸੋਈ ਵਿਚ ਬਾਲਣ ਦੇ ਰੂਪ ਵਿਚ ਗੈਸ ਦੀ ਵਰਤੋਂ ਆਮ ਹੋ ਗਈ ਹੈ। ਗੈਸ ਬਾਲਣ ਸਮੇਂ ਬਹੁਤ ਘੱਟ ਮਾਤਰਾ ਵਿਚ ਨਾਈਟ੍ਰੋਜਨ ਆਕਸਾਈਡ ਵੀ ਦਿੰਦੀ ਹੈ। ਜਿਨ੍ਹਾਂ ਚੁੱਲ੍ਹਿਆਂ ਵਿਚ ਗੈਸ ਪੂਰੀ ਤਰ੍ਹਾਂ ਚਲਦੀ ਹੋਵੇ, ਉਨ੍ਹਾਂ ਵਿਚੋਂ ਕਾਰਬਨ ਮੋਨੋਆਕਸਾਈਡ ਗੈਸ ਨਿਕਲਦੀ ਹੈ। ਨਾਈਟ੍ਰੋਜਨ ਆਕਸਾਈਡ ਨਾਲ ਗਲੇ ਤੇ ਫੇਫੜਿਆਂ ਵਿਚ ਜਲਣ ਹੁੰਦੀ ਹੈ ਅਤੇ ਦਮਾ ਰੋਗ ਵਿਗੜਦਾ ਹੈ। ਕਾਰਬਨ ਮੋਨੋਆਕਸਾਈਡ ਤਾਂ ਘਾਤਕ ਜ਼ਹਿਰ ਹੈ ਹੀ, ਇਸ ਲਈ ਰਸੋਈ ਘਰ ਦਾ ਕਮਰਾ ਹਵਾਦਾਰ ਹੋਣਾ ਜ਼ਰੂਰੀ ਹੈ, ਨਾਲ ਹੀ ਗੈਸ ਦੇ ਚੁੱਲ੍ਹੇ ਦੀ ਸਫਾਈ ਤੇ ਰਖ-ਰਖਾਅ ਵੀ ਠੀਕ ਹੋਣਾ ਚਾਹੀਦਾ ਹੈ।

ਅੱਜਕਲ੍ਹ ਸਾਬਣ ਦੀ ਥਾਂ 'ਤੇ ਡਿਟਰਜੈਂਟ ਪਾਊਡਰ ਦੀ ਵਰਤੋਂ ਆਮ ਹੋ ਗਈ ਹੈ। ਇਸ ਨਾਲ ਨਦੀਆਂ-ਨਾਲਿਆਂ ਵਿਚ ਜ਼ਹਿਰੀਲਾ ਪ੍ਰਦੂਸ਼ਣ ਵਧਦਾ ਜਾ ਰਿਹਾ ਹੈ। ਨਾਲ ਹੀ ਘਰਾਂ ਵਿਚ ਇਸ ਨਾਲ ਤਰ੍ਹਾਂ-ਤਰ੍ਹਾਂ ਦੇ ਚਮੜੀ ਰੋਗ ਫੈਲ ਰਹੇ ਹਨ। ਤਰੱਕੀ ਵਾਲੇ ਦੇਸ਼ਾਂ ਵਿਚ ਵੀ ਤਾਂ ਸੁਰੱਖਿਅਤ ਡਿਟਰਜੈਂਟ ਮਿਲਣ ਲੱਗੇ ਹਨ ਪਰ ਵਿਕਾਸਸ਼ੀਲ ਦੇਸ਼ਾਂ ਵਿਚ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਜਾਂਦਾ।

ਘਰਾਂ ਵਿਚ ਮੱਛਰ, ਖਟਮਲ ਤੇ ਮੱਖੀਆਂ ਮਾਰਨ ਲਈ ਜੋ ਕੀਟਨਾਸ਼ਕ ਦਵਾਈ ਦੀ ਵਰਤੋਂ ਹੁੰਦੀ ਹੈ, ਉਸ ਨੂੰ ਸੁੰਘਣ ਨਾਲ ਕਈ ਤਰ੍ਹਾਂ ਦੇ ਸਾਹ ਰੋਗ ਹੋ ਸਕਦੇ ਹਨ। ਜੇਕਰ ਉਹ ਭੋਜਨ ਵਿਚ ਮਿਲ ਜਾਣ ਤਾਂ ਹੋਰ ਵੀ ਹਾਨੀਕਾਰਕ ਹੋ ਸਕਦੇ ਹਨ। ਜਿਥੋਂ ਤੱਕ ਸੰਭਵ ਹੋਵੇ ਕੁਦਰਤੀ ਕੀਟਨਾਸ਼ਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

# ਮਾਂ ਦਾ ਢਿੱਡ

**ਕਮਲਜੀਤ ਸਿੰਘ ਬਨਵੈਤ**

ਬੇਬੇ ਨੂੰ ਆਪਣੇ ਬੱਚਿਆਂ ਨੂੰ ਗਾਲ੍ਹਾਂ ਦੇਣੀਆਂ ਚੰਗੀਆਂ ਨਹੀਂ ਸਨ ਲੱਗਦੀਆਂ। ਉਹਨੇ ਗੁੱਸੇ ਵਿਚ ਆ ਕੇ ਮੈਨੂੰ ਕਦੇ ਜਲ ਜਾਣਾ, ਮਰ ਜਾਣਾ ਜਾਂ ਥੇਹ ਹੋਣਾ ਵੀ ਕਦੀ ਨਹੀਂ ਸੀ ਕਿਹਾ। ਉਹਨੂੰ ਜਦ ਮੇਰੇ 'ਤੇ ਗੁੱਸਾ ਆਉਣਾ ਤਾਂ ਉਹ ਮੇਰੇ ਉੱਤੇ ਦੰਦੀਆਂ ਕਚੀਚ ਕੇ ਰਹਿ ਜਾਂਦੀ। ਜਦੋਂ ਕਦੇ ਗੁੱਸਾ ਜ਼ਿਆਦਾ ਹੀ ਚੜ੍ਹ ਗਿਆ ਹੁੰਦਾ ਤਾਂ ਉਹਨੇ ਰੋਟੀਆਂ ਵਾਲਾ ਵੇਲਣਾ ਜਾਂ ਚਿਮਟਾ ਵਗ੍ਹਾ ਕੇ ਮਾਰਨਾ, ਉਹ ਵੀ ਇੰਨੀ ਰਫ਼ਤਾਰ ਨਾਲ ਕਿ ਮੇਰੇ ਕਿਤੇ ਲੱਗ ਨਾ ਜਾਵੇ। ਫਿਰ ਉਹ ਚੁੰਨੀ ਦੇ ਪੱਲਿਆਂ ਨੂੰ ਦੋ ਪਾਸਿਆਂ ਤੋਂ ਫੜ ਕੇ ਅੱਖਾਂ ਪੂੰਝਣ ਲੱਗ ਪੈਂਦੀ। ਰਾਤ ਨੂੰ ਸੌਣ ਵੇਲੇ ਗਰਮ ਪਾਣੀ ਨਾਲ ਮੇਰੇ ਹੱਥ ਪੈਰ ਧੋ ਕੇ ਮਲਾਈ ਲਾਉਂਦਿਆਂ ਦਨਿ ਵੇਲੇ ਕੀਤੀਆਂ ਗ਼ਲਤੀਆਂ ਬਾਰੇ ਸਮਝਾਉਂਦੀ ਰਹਿਣਾ, ਨਾਲ ਹੀ ਭਾਈਆ ਜੀ ਦੇ ਗੁੱਸੇ ਦਾ ਡਰ ਵੀ ਮਨ ਵਿਚ ਪਾ ਦੇਣਾ। ਉਹ ਅਕਸਰ ਕਹਿ ਦਿੰਦੇ ਸਨ, "ਜਿੰਨਾ ਤੂੰ ਤੰਗ ਕਰਦਾ ਏਂ, ਜੇ ਕਿਤੇ ਤੇਰੇ ਭਾਈਆ ਜੀ ਨੂੰ ਪਤਾ ਲੱਗ ਗਿਆ ਤਾਂ ਉਨ੍ਹਾਂ ਨੇ ਤੇਰਾ ਕੁੱਟ ਕੁੱਟ ਮੱਕੂ ਬੰਨ੍ਹ ਦੇਣਾ।" ਅੰਤ ਵਿਚ ਮੇਰੀ ਸੱਜੀ ਗੱਲ੍ਹ ਨੂੰ ਪੋਲਾ ਜਿਹਾ ਪਲੋਸਦਿਆਂ ਕਹਿ ਦਿੰਦੇ, "ਅੱਛੇ ਬੱਚੇ ਮਾਪਿਆਂ ਦੀ ਗੱਲ ਧਿਆਨ ਨਾਲ ਸੁਣਦੇ। ਮਾਂ ਨੂੰ ਤੰਗ ਵੀ ਨਹੀਂ ਕਰਦੇ।

ਭਾਈਆ ਜੀ ਸਖਤ ਸੁਭਾਅ ਦੇ ਸਨ। ਉਨ੍ਹਾਂ ਨੂੰ ਲੱਗਦਾ ਸੀ ਕਿ ਮੁੰਡਾ ਅਤੇ ਰੰਬਾ ਚੰਡੇ ਤੋਂ ਬਗੈਰ ਸਿੱਧੇ ਨਹੀਂ ਰਹਿੰਦੇ। ਨਿੱਕੀ ਨਿੱਕੀ ਗੱਲ 'ਤੇ ਡੰਡਾ ਚੁੱਕ ਲੈਂਦੇ। ਇੱਕ ਦੋ ਵਾਰ ਕੁੱਟ ਤੋਂ ਬਚਾਉਣ ਲਈ ਜਦੋਂ ਮਾਂ ਅੱਗੇ ਆਈ ਤਾਂ ਕਿਤੇ ਉਨ੍ਹਾਂ ਨੇ ਆਪਣਾ ਗੁੱਸਾ ਕੰਟਰੋਲ ਕੀਤਾ ਸੀ। ਹੁਣ ਇੰਝ ਲੱਗਦਾ ਹੈ, ਭਾਈਆ ਜੀ ਜਿਵੇਂ ਨਾਰੀਅਲ ਵਰਗੇ ਹੋਣ; ਉੱਪਰੋਂ ਸਖਤ, ਅੰਦਰੋਂ ਨਰਮ। ਇੱਕ ਵਾਰ ਜਦੋਂ ਬੇਬੇ ਜੀ ਨਾਲ ਮੁਰੱਬੇ ਤੋਂ ਆਉਂਦਿਆਂ ਕਿਸੇ ਦੇ ਖੇਤਾਂ ਵਿਚੋਂ ਗੰਨਾ ਭੰਨ ਲਿਆ ਸੀ ਤਾਂ ਭਾਈਆ ਜੀ ਨੇ ਚੰਗੀ ਭੁਗਤ ਸਵਾਰੀ ਸੀ। ਬੇਬੇ ਜੀ ਨੇ ਤਾਂ ਰਸਤੇ ਵਿਚ ਹੀ ਆਉਂਦਿਆਂ ਸਮਝਾ ਦਿੱਤਾ ਸੀ ਕਿ ਕਿਸੇ ਦੀ ਗੈਰ-ਹਾਜ਼ਰੀ ਵਿਚ ਕਿਸੇ ਦੇ ਘਰੋਂ ਜਾਂ ਖੇਤਾਂ ਵਿਚੋਂ ਕੋਈ ਵੀ ਚੀਜ਼ ਲੈਣ ਨੂੰ ਚੋਰੀ ਕਹਿੰਦੇ। ਉਨ੍ਹਾਂ ਮੈਥੋਂ ਮੁੜ ਚੋਰੀ ਨਾ ਕਰਨ ਦਾ ਵਾਅਦਾ ਵੀ ਲਿਆ ਪਰ ਉਹ ਭਾਈਆ ਜੀ ਨੂੰ ਦੱਸੇ ਬਿਨਾ ਰਹਿ ਨਾ ਸਕੇ। ਭਾਈਆ ਜੀ ਨੇ ਚੋਰੀ ਸ਼ਬਦ ਸੁਣਦਿਆਂ ਹੀ ਚੁੱਲ੍ਹੇ ਕੋਲ ਪਿਆ ਸੁੱਕਾ ਗੰਨਾ ਚੁੱਕ ਕੇ ਮੇਰੇ ਹੱਡ ਸੇਕਣੇ ਸ਼ੁਰੂ ਕਰ ਦਿੱਤੇ। ਉਂਝ ਬੇਬੇ ਜੀ ਸਾਡੀਆਂ ਬਹੁਤ ਸਾਰੀਆਂ ਗ਼ਲਤੀਆਂ 'ਤੇ ਪਰਦਾ ਵੀ ਪਾ ਲੈਂਦੇ ਸਨ। ਭਾਈਆ ਜੀ ਨੂੰ ਝੂਠ ਅਤੇ ਚੋਰੀ ਤੋਂ ਸਭ ਤੋਂ ਵੱਧ ਨਫਰਤ ਸੀ। ਦੂਜਾ, ਉਹ ਸਾਡੀ ਪੜ੍ਹਾਈ ਬਾਰੇ ਬਹੁਤ ਗੰਭੀਰ ਸਨ। ਸ਼ਾਇਦ ਸਾਨੂੰ ਖੇਤੀ ਵਿਚੋਂ ਕੱਢ ਕੇ ਕਿਸੇ ਅੱਛੇ ਰੁਤਬੇ 'ਤੇ ਪਹੁੰਚਾਉਣਾ ਚਾਹੁੰਦੇ ਸਨ। ਇਸੇ ਲਈ ਉਨ੍ਹਾਂ ਨੂੰ ਜ਼ਿਆਦਾ ਗੁੱਸਾ ਪੜ੍ਹਾਈ ਕਰ ਕੇ ਆਉਂਦਾ। ਜੇ ਕਦੇ ਅਸੀਂ ਪੜ੍ਹਨ ਤੋਂ ਘੇਰ ਮਾਰ ਜਾਣੀ ਤਾਂ ਉਨ੍ਹਾਂ ਦੀ ਧਮਕੀ ਹੁੰਦੀ, "ਇਨ੍ਹਾਂ ਦਾ ਨਾਂ



ਸਕੂਲ 'ਚੋਂ ਕਟਵਾ ਕੇ ਸਾਈਕਲਾਂ ਨੂੰ ਪੰਚਰ ਲਾਉਣ ਦਾ ਕੰਮ ਸਿੱਖਣ ਲਾ ਦਿਓ।" ਅਜਿਹੀ ਧਮਕੀ ਤੋਂ ਡਰਦਿਆਂ ਸਾਰੀ ਰਾਤ ਨੀਂਦ ਨਾ ਪੈਣੀ- 'ਜੇ ਸੱਚੀਂ ਇੰਝ ਹੋ ਗਿਆ?' ਇੱਕ ਵਾਰ ਮੈਂ ਵਿਹੜੇ ਵਿਚ ਖੜ੍ਹਾ ਸਾਈਕਲ ਚੁੱਕ ਕੇ ਸੜਕ 'ਤੇ ਚਲਾਉਣਾ ਸਿੱਖਣ ਗਿਆ ਤਾਂ ਭਾਈਆ ਜੀ ਨੇ ਕੁਝ ਕਹਿਣ ਦੀ ਥਾਂ ਸਾਈਕਲ ਨੂੰ ਰੱਸਾ ਪਾ ਕੇ ਛੱਤ ਦੇ ਬਾਲਿਆਂ ਨਾਲ ਟੰਗ ਦਿੱਤਾ ਸੀ। ਫਿਰ ਘਰਦਿਆਂ ਦੀ ਡਾਂਟ ਬੁਰੀ ਲੱਗਣ ਲੱਗੀ ਤਾਂ ਮੈਂ ਅੰਦਰੋ-ਅੰਦਰ ਬਾਗ਼ੀ ਹੋ ਗਿਆ ਪਰ ਉਨ੍ਹਾਂ ਮੂਹਰੇ ਬੋਲਣ ਦੀ ਹਿੰਮਤ ਫਿਰ ਵੀ ਨਹੀਂ ਸੀ। ਸ਼ਾਇਦ ਇਹ ਉਸ ਉਮਰ ਦਾ ਤਕਾਜ਼ਾ ਸੀ ਜਦੋਂ ਬੱਚਿਆਂ ਨੂੰ ਮਾਪਿਆਂ ਦੀਆਂ ਬਹੁਤੀਆਂ ਗੱਲਾਂ ਚੁੱਭਦੀਆਂ ਹੀ ਨਹੀਂ ਸਗੋਂ ਮਾਪੇ ਬੁਰੇ ਵੀ ਲੱਗਣ ਲੱਗ ਪੈਂਦੇ ਹਨ।

ਬੇਬੇ ਜੀ ਸਾਡੇ ਰੌਂਅ ਦਾ ਅੰਦਾਜ਼ਾ ਲਗਾ ਕੇ ਸਿੱਖਿਆ ਦੇਣ ਲੱਗ ਪੈਂਦੇ, "ਤੇਰੇ ਭਈਆ ਜੀ ਤੇਰੇ ਚੰਗੇ ਲਈ ਗੁੱਸੇ ਹੁੰਦੇ। ਅਸੀਂ ਚਾਹੁੰਦੇ ਆਂ, ਤੂੰ ਪੜ੍ਹ ਲਿਖ ਕੇ ਕਿਸੇ ਕੰਢੇ ਲੱਗ ਜਾਵੇਂ। ਨਾਲੇ ਆਹ ਉਮਰ ਹੀ ਹੁੰਦੀ ਹੈ ਮਾਪਿਆਂ ਦੇ ਬੱਚਿਆਂ ਨੂੰ ਸਮਝਾਉਣ ਦੀ। ਕੱਲ੍ਹ ਨੂੰ ਬੇਗਾਨੀ ਘਰ ਵਿਚ ਆ ਗਈ, ਫਿਰ ਤੈਨੂੰ ਕਿਸ ਨੇ ਡਾਂਟਣਾ? ਨਾਲੇ ਜੇ ਤੂੰ ਨਹੀਂ ਸਾਡੀ ਗੱਲ ਸਹਿੰਦਾ ਤਾਂ ਸੱਤ ਬੇਗਾਨੀ ਭਲਾ ਕਵਿੇਂ ਸਹਿ ਲਊ? ਬੀਏ ਪਾਸ ਕਰਦਿਆਂ ਹੀ ਚੰਡੀਗੜ੍ਹ ਨੌਕਰੀ ਲੱਗ ਗਈ। ਉਦੋਂ ਫੋਨ ਟਾਵੇਂ ਘਰਾਂ ਵਿਚ ਹੁੰਦਾ ਸੀ। ਇੱਕ ਦੂਜੇ ਦੀ ਰਾਜ਼ੀ ਖ਼ੁਸ਼ੀ ਅਤੇ ਸੁੱਖ ਸਾਂਦ ਚਿੱਠੀਆਂ ਰਾਹੀਂ ਹੀ ਪੁੱਛੀ ਜਾਂਦੀ ਸੀ। ਪਿੰਡ ਮਹੀਨੇ ਜਾਂ ਦਸੀਂ-ਪੰਦਰੀਂ ਦਨਿੀਂ ਗੇੜਾ ਲਾ ਆਉਂਦਾ ਸੀ। ਪਿਛਲੀ ਵਾਰ ਪਿੰਡ ਗਿਆ ਤਾਂ ਮੈਨੂੰ ਭਾਈਆ ਜੀ ਦਾ ਰੁੱਖਾ ਬੋਲਣਾ ਚੰਗਾ ਨਹੀਂ ਲੱਗਾ। ਮੈਥੋਂ ਕਿਹਾ ਗਿਆ- "ਮੈਂ ਹੁਣ ਬੱਚਾ ਨਹੀਂ। ਚੰਡੀਗੜ੍ਹ ਵਰਗੇ ਸ਼ਹਿਰ ਵਿਚ ਨੌਕਰੀ ਕਰਦਾਂ, ਮੈਨੂੰ ਚੰਗੇ ਮਾੜੇ ਦੀ ਸਮਝ ਵੀ ਆ।" ਭਾਈਆ ਜੀ ਨੇ ਬੁਰਾ ਵੀ ਮਨਾਇਆ ਹੋਣਾ। ਉਨ੍ਹਾਂ ਨੂੰ ਮੈਥੋਂ ਇਹ ਆਸ ਵੀ ਨਹੀਂ ਹੋਣੀ। ਉਹ ਕੁਝ ਕਹਿਣ ਦੀ ਥਾਂ ਵਿਹੜੇ ਵਿਚ ਧੁੱਪੇ ਪਏ ਮੰਜੇ ਉਤੇ ਖੇਸੀ ਲੈ ਕੇ ਲੰਮੇ ਪੈ ਗਏ ਸਨ।

ਬੇਬੇ ਜੀ ਇਹ ਕਹਿ ਕੇ ਰਸੋਈ ਵਿਚ ਚਲੇ ਗਏ- "ਕਾਕਾ ਜਿਸ ਬਾਪ ਨੇ ਤੈਨੂੰ ਪਾਲ-ਪੋਸ ਕੇ ਵੱਡਾ ਕੀਤਾ, ਅੱਜ ਤੂੰ ਉਸੇ ਬਾਪ ਦੇ ਮੂਹਰੇ ਜ਼ੁਬਾਨ ਚਲਾਉਣ ਲੱਗ ਪਿਐਂ। ਚੱਲ, ਹੱਥ ਜੋੜ ਕੇ ਗ਼ਲਤੀ ਮੰਨ, ਨਹੀਂ ਜਿੱਥੋਂ ਆਇਆਂ, ਉੱਥੇ ਤੁਰਦਾ ਬਣ।" ਬੇਬੇ ਜੀ ਰਸੋਈ ਵਿਚ ਨਾਲੇ ਰੋਟੀਆਂ ਪਕਾਈ ਜਾਣ, ਨਾਲੇ ਰੋਈ ਜਾਣ। ਇਸ ਵਾਰ ਬੇਬੇ ਦਾ ਰੋਣਾ ਵੀ ਚੰਗਾ ਨਾ ਲੱਗਾ ਸਗੋਂ ਵੱਟ ਜਿਹਾ ਚੜ੍ਹਿਆ- ਉਨ੍ਹਾਂ ਸਾਰੀ ਉਮਰ ਭਾਈਆ ਜੀ ਦਾ ਪੱਖ ਲਿਆ। ਮੈਂ ਬਗੈਰ ਕਿਸੇ ਨੂੰ ਦੱਸੇ ਪਿੰਡੋਂ ਬੱਸ ਚੜ੍ਹ ਕੇ ਚੰਡੀਗੜ੍ਹ ਆ ਗਿਆ।

ਅਗਲੇ ਦਿਨ ਦੀ ਸ਼ਾਮ ਮੈਂ ਦਫ਼ਤਰ ਤੋਂ ਵਾਪਸ ਆਇਆ ਤਾਂ ਬੇਬੇ ਜੀ ਘਰ ਦੀ ਗਲੀ ਵਿਚ ਸਿਰ 'ਤੇ ਰਜ਼ਾਈ ਚੁੱਕੀ ਅਤੇ ਸੱਜੇ ਹੱਥ ਵਿਚ ਆਟੇ ਵਾਲਾ ਥੈਲਾ ਚੁੱਕੀ ਆ ਰਹੇ ਸਨ। ਮੇਰੇ ਮੂੰਹੋਂ ਕਿਰ ਗਿਆ, "ਬੱਸ ਚੰਡੀਗੜ੍ਹ ਆ ਕੇ ਮੇਰਾ ਜਲੂਸ ਕੱਢਣੋਂ ਰਹਿ ਗਿਆ ਸੀ।" ਬੇਬੇ ਕੁਝ ਨਾ ਬੋਲੀ ਪਰ ਘਰ ਵੜਦਿਆਂ ਛਾਤੀ ਨਾਲ ਲਾ ਲਿਆ, "ਪੁੱਤ ਮਾਂ ਦਾ ਢਿੱਡ ਬੇਸ਼ਰਮ ਹੁੰਦਾ। ਮਾਂ ਨੂੰ ਜਿੰਨਾ ਮਰਜ਼ੀ ਪਰ੍ਹੇ ਧੱਕੀ ਰੱਖੀਂ, ਇਹਨੇ ਤੜਫਦੇ ਈ ਰਹਿਣਾ।" ਇੰਨੇ ਨੂੰ ਭਾਈਆ ਜੀ ਵੀ ਘਰ ਅੰਦਰ ਆ ਵੜੇ। ਉਨ੍ਹਾਂ ਦੇ ਇੱਕ ਹੱਥ ਵਿਚ ਸਾਗ ਵਾਲਾ ਝੋਲਾ, ਦੂਜੇ ਵਿਚ ਦੇਸੀ ਘਿਉ ਦਾ ਡੱਬਾ ਸੀ।

ਅੱਜ ਮਾਂ ਉਦੋਂ ਮੇਰੀਆਂ ਅੱਖਾਂ ਮੂਹਰੇ ਆ ਖੜ੍ਹੀ ਜਦੋਂ ਮੈਂ ਆਪਣੀ ਮੁਟਿਆਰ ਧੀ ਨੂੰ ਨਿੱਕਰ-ਟੌਪ ਪਾ ਕੇ ਬਾਜ਼ਾਰ ਜਾਣ ਤੋਂ ਵਰਜਿਆ। ਉਹ 'ਮਾਈਂਡ ਯੂਅਰ ਓਨ ਬਿਜ਼ਨਸ' ਕਹਿ ਕੇ ਕਾਰ ਦੀ ਸੈਲਫ ਮਾਰ ਅਹੁ ਗਈ ਅਹੁ ਗਈ। ਮੈਂ ਘਰ ਦੇ ਬਾਹਰਲੇ ਵਿਹੜੇ ਦੀ ਕੰਧ ਨਾਲ ਢੋਅ ਲਾ ਕੇ ਖ਼ੁਦ ਨੂੰ ਮਸਾਂ ਸੰਭਾਲਿਆ।


Uscipp Insurance Services
1050 N Carpenter RD STE C, Modesto, CA 95351



TRUCK INSURANCE
TRUCK TAX
IFTA



Amarjit S Bir
amarjit@uscipp.org
Lic#0I15593CA
Ph: (925)318-1247

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

# ਕੀ ਜ਼ੀਰੋ ਪ੍ਰਤੀਸ਼ਤ ਵਾਲੇ ਡਾਕਟਰ ’ਤੇ ਭਰੋਸਾ ਕੀਤਾ ਜਾਵੇਗਾ?





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਹਾਲ ਹੀ ਵਿੱਚ, ਸਿਹਤ ਮੰਤਰਾਲੇ ਨੇ ਨੀਟ ਪੀਜੀ ਵਿੱਚ ਦਾਖਲੇ ਲਈ ਜ਼ੀਰੋ ਪਰਸੈਂਟਾਈਲ ਦਾ ਐਲਾਨ ਕੀਤਾ ਸੀ। ਇਸ ਸਾਲ ਜੁਲਾਈ ਵਿੱਚ ਹੋਏ ਕਾਉਂਸਲਿੰਗ ਸੈਸ਼ਨ ਵਿੱਚ, ਐਮਓਸੀ ਨੇ ਇਸਨੂੰ 50 ਪ੍ਰਤੀਸ਼ਤ ਰੱਖਿਆ ਸੀ। ਸੀਟਾਂ ਨਾ ਭਰਨ ਕਾਰਨ ਕਈ ਮੈਡੀਕਲ ਐਸੋਸੀਏਸ਼ਨਾਂ ਨੇ ਐਮ.ਐਸ. ਦੀ ਮੰਗ ਕੀਤੀ ਸੀ। ਹੁਣ ਸਰਕਾਰ ਨੇ ਇਸ ਨੂੰ ਜ਼ੀਰੋ ’ਤੇ ਲਿਆਉਣ ਦੀ ਲਾਗਤ ਵੀ ਘਟਾ ਦਿੱਤੀ ਹੈ। ਸਵਾਲ ਇਹ ਉੱਠਦਾ ਹੈ ਕਿ ਜੇਕਰ ਪੋਸਟ ਗ੍ਰੈਜੂਏਸ਼ਨ ਦੀਆਂ ਸੀਟਾਂ ਹੀ ਭਰੀਆਂ ਜਾਣ ਤਾਂ ਨੀਟ ਪੀਜੀ ਟੈਸਟ ਦੀ ਕੀ ਲੋੜ ਸੀ ? ਸੀਟਾਂ ਭਰਨ ਦਾ ਪ੍ਰਬੰਧ ਐਮਬੀਬੀਐਸ ਦੇ ਅੰਕਾਂ ਅਨੁਸਾਰ ਹੋਵੇਗਾ। ਰੈਂਕਿੰਗ ਕੀਤੀ ਜਾਵੇਗੀ। ਸਿਸਟਮ ਢਹਿ ਰਿਹਾ ਹੈ ਜ਼ੀਰੋ ਪਰਸੈਂਟਾਈਲ ਦਾ ਮਤਲਬ ਹੈ ਕਿ ਇਸ ਵਿੱਚ ਘੱਟੋ-ਘੱਟ ਅੰਕ ਨਹੀਂ ਹਨ। ਇੱਥੋਂ ਤੱਕ ਕਿ ਜਿਨ੍ਹਾਂ ਦਾ ਪ੍ਰਤੀਸ਼ਤ ਮਾਇਨਸ, 1 ਜਾਂ 15 ਵਿੱਚ ਹੈ, ਉਹ ਹੁਣ ਐਮਡੀ-ਐਮਐਸ ਆਦਿ ਵਰਗੀਆਂ ਡਿਗਰੀਆਂ ਲੈ ਸਕਦੇ ਹਨ। ਜਿਨ੍ਹਾਂ ਨੇ ਐਮਡੀ-ਐਮਐਸ ਜਾਂ ਡੀਐਨਬੀ ਬਣਾਉਣ ਦਾ ਫੈਸਲਾ ਕੀਤਾ ਹੈ ਉਹ ਜ਼ੀਰੋ ਪਰਸੈਂਟਾਈਲ ’ਤੇ ਹਨ। ਉਨ੍ਹਾਂ ਨੂੰ ਮੇਰਾ ਸਵਾਲ ਹੈ ਕਿ ਕੀ ਅਸੀਂ ਅਜਿਹੇ ਡਾਕਟਰ ਬਣਾਉਣਾ ਚਾਹੁੰਦੇ ਹਾਂ, ਜਿਨ੍ਹਾਂ ਦੀ ਯੋਗਤਾ 50 ਪ੍ਰਤੀਸ਼ਤ ਤੱਕ ਵੀ ਨਾ ਹੋਵੇ ? ਅਤੇ ਜੇ ਇਹੋ ਜਿਹੇ ਲੋਕ ਡਾਕਟਰ ਬਣ ਗਏ ਤਾਂ ਮਰੀਜ਼ਾਂ ਦਾ ਕੀ ਕਰਨਗੇ ? ਲੋਕ ਐਮਬੀਬੀਐਸ ਵਿੱਚ ਸਨ ਜਦੋਂ ਅਸੀਂ ਪਾਸ ਹੋਏ ਤਾਂ ਸਾਡੇ ਅੰਕ 50 ਫੀਸਦੀ ਰੱਖੇ ਗਏ। ਸਾਡੇ ਦੋਸਤ ਜੋ ਬੀ.ਏ., ਬੀ.ਐਸ.ਸੀ ਆਦਿ ਕਰ ਰਹੇ ਸਨ, ਉਨ੍ਹਾਂ ਦੇ ਪਾਸਿੰਗ ਅੰਕ 33 ਪ੍ਰਤੀਸ਼ਤ ਸਨ। ਅਜਿਹੀ ਸਥਿਤੀ ਵਿਚ ਅਸੀਂ ਬਹੁਤ ਮਾਣ ਮਹਿਸੂਸ ਕੀਤਾ। ਚੁਣੌਤੀ ਇਹ ਵੀ ਸੀ ਕਿ ਜੇਕਰ 50 ਫੀਸਦੀ ਨਹੀਂ ਆਏ ਤਾਂ ਮਰੀਜ਼ ਦਾ ਇਲਾਜ ਕਿਵੇਂ ਹੋਵੇਗਾ ? ਜੇਕਰ ਕਿਸੇ ਵਿਅਕਤੀ ਨੇ 50% ਨਾਲ ਐਮਬੀਬੀਐਸ ਕੀਤਾ ਹੈ, ਤਾਂ ਕੀ ਉਹ ਜ਼ੀਰੋ ਪਰਸੈਂਟਾਈਲ ’ਤੇ ਪੀਜੀ ਵਿੱਚ ਦਾਖਲਾ ਲੈ ਲਵੇਗਾ ? ਜੇਕਰ ਕਿਸੇ ਨੂੰ ਪਤਾ ਹੈ ਕਿ ਉਸਨੂੰ ਜ਼ੀਰੋ ਪਰਸੈਂਟਾਈਲ ਵਿੱਚ ਦਾਖਲਾ ਮਿਲੇਗਾ ਤਾਂ ਉਹ ਦਾਖਲਾ ਕਿਉਂ ਲਵੇਗਾ ? ਕੀੜੀਆਂ ਸਿਰਫ ਇਸ ਲਈ ਰੱਖੀਆਂ ਜਾਂਦੀਆਂ ਹਨਕਮਜ਼ੋਰ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਮਿਲਣਾ ਚਾਹੀਦਾ। ਪਰ ਹੁਣ ਜੋ ਪ੍ਰਬੰਧ ਕੀਤੇ ਗਏ ਹਨ, ਉਹ ਇਹ ਉਦੇਸ਼ ਪ੍ਰਾਪਤ ਨਹੀਂ ਕਰ ਰਹੇ ਹਨ। ਇਸ ਨਾਲ ਦੇਸ਼ ਦੀ ਮੈਡੀਕਲ ਪ੍ਰਣਾਲੀ ਅਧਰੰਗ ਹੋ ਜਾਵੇਗੀ। ਤੁਸੀਂ ਰੱਖਿਆ ਸੇਵਾਵਾਂ ਜਾਂ ਡੀਆਰਡੀਓ ਵਿੱਚ ਨਹੀਂ ਕਹਿੰਦੇ। ਜ਼ੀਰੋ ਸੈਂਟੀਲ ’ਤੇ ਦਾਖਲਾ ਦੇਣਗੇ। ਫਿਰ ਮੈਡੀਕਲ ਵਿਚ ਇਸ ਦੀ ਇਜਾਜ਼ਤ ਕਿਉਂ ਦਿੱਤੀ ਜਾ ਰਹੀ ਹੈ ? ਕਹਾਣੀ ਸਿਰਫ ਇਹੀ ਨਹੀਂ ਹੈ। ਦੇਸ਼ ਭਰ ਦੇ ਪ੍ਰਾਈਵੇਟ ਕਾਲਜਾਂ ਵਿੱਚ ਪੋਸਟ ਗ੍ਰੈਜੂਏਸ਼ਨ ਲਈ ਬਹੁਤ ਸਾਰੀਆਂ ਸੀਟਾਂ ਖਾਲੀ ਹਨ। ਸਰਕਾਰੀ ਮੈਡੀਕਲ ਕਾਲਜਾਂ ਵਿੱਚ ਪੀਜੀ ਕੋਰਸ ਦੀ ਸਾਲਾਨਾ ਫੀਸ ਲਗਭਗ 10,000 ਰੁਪਏ ਤੋਂ 10,000 ਰੁਪਏ ਤੱਕ ਹੈ। ਤਿੰਨ ਬਿੱਟਐਲ ਦੀ ਡਿਗਰੀ ਦਾ ਕੋਰਸ ਹੈ, ਜਿਸ ਦੀ ਤੀਹ-ਚਾਲੀ ਹਜ਼ਾਰ ਰੁਪਏ ਵਿੱਚ ਕਾਫ਼ੀ ਹੱਦ ਤੱਕ ਨਿਪਟਾਰਾ ਕੀਤਾ ਜਾ ਸਕਦਾ ਹੈ। ਪ੍ਰਾਈਵੇਟ ਕਾਲਜਾਂ ਵਿੱਚ ਇਹੀ ਫੀਸ ਡੇਢ ਤੋਂ ਡੇਢ ਕਰੋੜ ਰੁਪਏ ਤੱਕ ਹੈ। ਹਰ ਕੋਈ ਜਾਣਦਾ ਹੈ ਕਿ ਸਰਕਾਰੀ ਮੈਡੀਕਲ ਕਾਲਜ ਹਰ ਕਿਸੇ ਦੀ ਪਹਿਲੀ ਪਸੰਦ ਹਨ, ਇਸ ਲਈ ਇੱਥੇ ਕੋਈ ਸੀਟਾਂ ਨਹੀਂ ਬਚੀਆਂ ਹਨ। ਇਨ੍ਹਾਂ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਸੀਟਾਂ ਹੀ ਰਹਿ ਗਈਆਂ ਹਨ, ਇਨ੍ਹਾਂ ਕਾਲਜਾਂ ਨੂੰ ਕਰੋੜਾਂ ਰੁਪਏ ਦਾ ਘਾਟਾ ਪੈ ਰਿਹਾ ਹੈ। ਇਸ ਦੀ ਭਰਪਾਈ ਕਰਨ ਲਈ, ਸਰਕਾਰ ਨੇ ਪ੍ਰਤੀਸ਼ਤ ਨੂੰ ਘਟਾ ਕੇ ਜ਼ੀਰੋ ਕਰ ਦਿੱਤਾ ਹੈ। ਪਰ ਜਦੋਂ ਇਸ ਤਰੀਕੇ ਨਾਲ ਸੀਟਾਂ ਵਿਕਣ ਲੱਗਦੀਆਂ ਹਨ ਤਾਂ ਰਾਕੇਟ ਬਣ ਜਾਂਦੇ ਹਨ ਅਤੇ ਮੈਡੀਕਲ ਮਾਫੀਆ ਵਧਣ-ਫੁੱਲਣ ਲੱਗ ਪੈਂਦਾ ਹੈ। ਇਸ ਮੁੱਦੇ ’ਤੇ ਸਰਕਾਰ ਦੀ ਸੋਚ ਸਪੱਸ਼ਟ ਹੈਵਿਰੋਧਾਭਾਸ [ਜਦੋਂ ਐਨ ਐਮ ਸੀ ਦਾ ਗਠਨ ਕੀਤਾ ਗਿਆ ਸੀ, ਇਸ ਵਿੱਚ ਕਿਹਾ ਗਿਆ ਸੀ ਕਿ ਅਸੀਂ ਗੁਣਵੱਤਾ ਦੇ ਮਾਪਦੰਡ ਤੈਅ ਕਰ ਰਹੇ ਹਾਂ, ਵਿਦੇਸ਼ਾਂ ਤੋਂ ਆਉਣ ਵਾਲੇ ਡਾਕਟਰਾਂ ਨੂੰ ਘੱਟੋ-ਘੱਟ ਦੋ ਤੋਂ ਚਾਰ ਸਾਲ ਦੀ ਸਿਖਲਾਈ ਲੈਣੀ ਪਵੇਗੀ ਤਾਂ ਹੀ ਉਨ੍ਹਾਂ ਨੂੰ ਦੇਸ਼ ਵਿੱਚ ਪ੍ਰੈਕਟਿਸ ਕਰਨ ਦਾ ਲਾਇਸੈਂਸ ਮਿਲੇਗਾ। ਪਰ ਦੂਜੇ ਪਾਸੇ ਜ਼ੀਰੋ ਪ੍ਰਤੀਸ਼ਤ ’ਤੇ ਦਾਖਲੇ ਦਿੱਤੇ ਜਾ ਰਹੇ ਹਨ। ਕੀ ਇਹ ਵਿਰੋਧਾਭਾਸ ਨਹੀਂ ਹੈ ? ਜੇਕਰ ਸਰਕਾਰ ਸੱਚਮੁੱਚ ਨੀਟ ਪੀਜੀ ਵਿੱਚ ਸੁਧਾਰ ਕਰਨਾ ਚਾਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਉਸਨੂੰ ਪ੍ਰਾਈਵੇਟ ਮੈਡੀਕਲ ਕਾਲਜਾਂ ਦੀ ਫੀਸ ਦੀ ਸੀਮਾ ਤੈਅ ਕਰਨੀ ਪਵੇਗੀ। ਜੇਕਰ ਸਰਕਾਰ ਉਨ੍ਹਾਂ ਨੂੰ ਕਹੇ ਕਿ ਉਨ੍ਹਾਂ ਦੀਆਂ ਸੀਟਾਂ ਨਹੀਂ ਭਰੀਆਂ ਜਾ ਰਹੀਆਂ ਤਾਂ ਫੀਸਾਂ ਘਟਾਓ, ਦੇਸ਼ ਵਿੱਚ ਡਾਕਟਰਾਂ ਦੀ ਗਿਣਤੀ ਕਮੀ ਹੈ। ਪਰ ਅਜਿਹਾ ਨਾ ਕਰਕੇ ਇਸ ਨੇ ਜ਼ੀਰੋ ਕਰ ਦਿੱਤਾ ਹੈ। ਇਸ ਦਾ ਮਤਲਬ ਹੈ ਕਿ ਗੁਣਵੱਤਾ ਪਹਿਲਾਂ ਵਾਂਗ ਨਹੀਂ ਰਹੇਗੀ ਪਰ ਪ੍ਰਾਈਵੇਟ ਕਾਲਜਾਂ ਦੀ ਆਮਦਨ ਜ਼ਰੂਰ ਵਧੇਗੀ। ਜ਼ੀਰੋ ਪਰਸੈਂਟਾਈਲ ਅਸਲ ਵਿੱਚ ਇੱਕ ਨੂੰ ਸਮਝਦਾ ਹੈ ਅਤੇ ਮੈਡੀਕਲ ਵਿਗਿਆਨ ਦੇ ਅਧਿਐਨ ਵਿੱਚ ਅਜਿਹੇ ਸਮਝੌਤਿਆਂ ਨੂੰ ਬਿਲਕੁਲ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ। ਡਾਕਟਰਾਂ ਲਈ ਸਤਿਕਾਰ ਭਾਰਤੀ ਡਾਕਟਰਾਂ ਨੂੰ ਪੂਰੀ ਦੁਨੀਆ ਵਿੱਚ ਬਹੁਤ ਸਤਿਕਾਰ ਦਿੱਤਾ ਜਾਂਦਾ ਹੈ। ਭਾਰਤੀ ਡਾਕਟਰਾਂ ਨੂੰ ਪਾਲਤੂ ਜਾਨਵਰਾਂ ਦੇ ਡਾਕਟਰ ਕਿਹਾ ਜਾਂਦਾ ਹੈ। ਯੂਕ-ਯੂਸ ਅਮਲਾਈ ਮੈਂ ਦੁਨੀਆ ਵਿੱਚ ਜਿੱਥੇ ਵੀ ਇਲਾਜ ਲਈ ਜਾਂਦਾ ਹਾਂ, ਮੈਨੂੰ ਭਾਰਤੀ ਡਾਕਟਰਾਂ ਦਾ ਸਭ ਤੋਂ ਵੱਧ ਸਨਮਾਨ ਨਜ਼ਰ ਆਉਂਦਾ ਹੈ। ਇਹ ਇਸ ਲਈ ਹੈ ਕਿਉਂਕਿ ਸੰਸਾਰਸਾਡੇ ਬਾਰੇ ਜਾਣਦਾ ਹੈ। ਐਂਟਸ ਤੋਂ ਪੜ੍ਹਾਈ ਵਿੱਚ ਘੱਟੋ-ਘੱਟ ਪੰਜਾਹ ਪ੍ਰਤੀਸ਼ਤ ਪ੍ਰਾਪਤ ਕਰਨ ਦਾ ਸ਼ੌਕ ਹੈ, ਜੇ ਅਸੀਂ 25 ਪ੍ਰਤੀਸ਼ਤ ਤੱਕ ਪਹੁੰਚਦੇ ਹਾਂ ਤਾਂ ਅਸੀਂ ਆਪਣੀ ਡਿਗਰੀ ਵਿੱਚ ਆਨਰਜ਼ ਲਿਖਦੇ ਹਾਂ। ਅਸੀਂ ਪੀਜੀ ਵਿੱਚ ਵੀ ਸਖ਼ਤ ਮੁਕਾਬਲੇ ਵਿੱਚ ਪਾਸ ਹੋਏ। ਇਸ ਫਿਲਟਰ ਰਾਹੀਂ ਫਿਲਟਰ ਹੋ ਕੇ ਡਾਕਟਰ ਸਾਹਮਣੇ ਆਏ, ਦੁਨੀਆ ਨੇ ਉਨ੍ਹਾਂ ਨੂੰ ਦਿਲੋਂ ਸਵੀਕਾਰ ਕੀਤਾ ਅਤੇ ਹੁਣ ਵੀ ਕਰਦੀ ਹੈ। ਪਰ ਕੀ ਜ਼ੀਰੋ ਪਰਸੈਂਟਾਈਲ ਵਿੱਚੋਂ ਨਿਕਲਣ ਵਾਲਿਆਂ ਦਾ ਇੰਨਾ ਸਨਮਾਨ ਕੀਤਾ ਜਾਵੇਗਾ ਅਤੇ ਹੁਣ ਵਿਦੇਸ਼ਾਂ ਵਿੱਚ ਵੀ ਸਾਰਿਆਂ ਨੂੰ ਪਤਾ ਲੱਗ ਗਿਆ ਹੈ ਕਿ ਭਾਰਤ ਨੇ ਪੀਜੀ ਦਾਖਲੇ ਵਿੱਚ ਜ਼ੀਰੋ ਪਰਸੈਂਟਾਈਲ ਕੀਤਾ ਹੈ। ਭਾਰਤੀ ਮੈਡੀਕਲ ਪ੍ਰਣਾਲੀ ਪਹਿਲਾਂ ਹੀ ਵੈਂਟੀਲੇਟਰ ’ਤੇ ਸੀ, ਨੀਟ ਪੀਜੀ ਦਾਖਲਾ ਜ਼ੀਰੋ ਪ੍ਰਤੀਸ਼ਤ ਕੀ ਇਹ ਇੱਛਾ ਮੌਤ ਲਈ ਲਿਆਇਆ ਗਿਆ ਹੈ ?

# ਪੰਜਾਬ ਦੀ ਬਰਬਾਦੀ ਦੀਆਂ ਜ਼ਿੰਮੇਵਾਰ ਕੇਂਦਰ ਦੀਆਂ ਸਰਕਾਰਾਂ ਤੇ ਇਥੋਂ ਦੀਆਂ ਰਾਜਨੀਤਕ ਪਾਰਟੀਆਂ ਦੇ ਆਗੂ !!



ਸ:ਜੰਗ ਸਿੰਘ
ਵਟੱਸ ਅੱਪ ਨੰ
+1 415 603 7380

ਪੰਜਾਬ ਦੀ ਜੋ ਮੌਜੂਦਾ ਹਾਲਤ ਬਣ ਗਈ ਹੈ ਉਸ ਤੇ ਜੇ ਤ੍ਰਿਛੀ ਨਜਰ ਮਾਰੀਏ ਤਾਂ ਅਸੀ ਪ੍ਰਤੱਖ ਤੌਰ ਤੇ ਕਹਿਣ ਨੂੰ ਮਜਬੂਰ ਹੋਵਾਂਗੇ ਕਿ ਇਸ ਦੀਆਂ ਜੋ ਜਿੰਮੇਵਾਰ ਕੇਂਦਰ ਵਿੱਚ ਰਾਜ ਕਰ ਰਹੀਆਂ ਸਰਕਾਰਾਂ ਤਾਂ ਹਨ ਹੀ ਪਰ ਅਸੀਂ ਪੰਜਾਬ ਵਿੱਚ ਰਾਜ ਕਰ ਗਈਆਂ ਤੇ ਕਰ ਰਹੀ ਸਰਕਾਰ ਤੇ ਵੱਖ ਵੱਖ ਪਾਰਟੀਆਂ ਦੇ ਆਗੂਆਂ ਨੂੰ ਵੀ ਇਸ ਤੋਂ ਕਿਸੇ ਤਰ੍ਹਾਂ ਵੀ ਬਰੀ ਨਹੀਂ ਕਰ ਸਕਦੇ। ਜਿਨ੍ਹਾਂ ਨੇ ਪੰਜਾਬ ਦੇ ਹਿੱਤਾਂ ਤੇ ਪਹਿਰਾ ਦੇਣ ਦੀ ਥਾਂ ਤੇ ਆਪਣੀਆਂ ਲੀਡਰੀਆਂ, ਵਜੀਰੀਆਂ ਤੇ ਅਹੁੱਦਿਆਂ ਨੂੰ ਬਰਕਰਾਰ ਰੱਖਣ ਨੂੰ ਹੀ ਪਹਿਲ ਦਿੱਤੀ ਹੈ। ਜਿਸ ਦਾ ਨਤੀਜਾ ਪੰਜਾਬ ਬਰਬਾਦੀ ਦੇ ਮੁਹਾਣੇ ਤੇ ਆਣ ਖੜ੍ਹਾ ਹੋ ਗਿਆ ਹੈ। ਦੇਸ਼ ਦੇ ਪਹਿਲੇ ਨੰਬਰ ਤੇ ਰਹਿਣ ਵਾਲਾ ਇਹ ਖੁਸ਼ਹਾਲ ਸੂਬਾ ਹਰ ਪੱਖੋਂ ਪੱਛੜ੍ਹ ਕੇ 16-17 ਵੇਂ ਸਥਾਨ ਤੇ ਪੁੱਜ ਗਿਆ ਹੈ। ਇਸ ਸਮੇਂ ਇਸ ਉਤੇ ਤਿੰਨ ਲੱਖ ਕਰੋੜ ਦਾ ਕਰਜ਼ਾ ਚੜ੍ਹਿਆ ਹੋਇਆ ਹੈ ਜੋ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਘੱਟਣ ਦੀ ਥਾਂ ਤੇ ਲਗਾਤਾਰ ਵੱਧਦਾ ਹੀ ਜਾ ਰਿਹਾ ਹੈ। ਇਸ ਵਿੱਚ ਰਾਜ ਕਰ ਰਹੀਆਂ ਸਰਕਾਰਾਂ ਸੂਬੇ ਕੋਲ ਪੈਸਾ ਨਾ ਹੁੰਦਿਆਂ ਹੋਇਆਂ ਵੀ ਪੰਜਾਬ ਦੇ ਨੌਜੁਆਨਾਂ ਨੂੰ ਰੁਜਗਾਰ ਦੇਣ ਦੀ ਥਾਂ ਤੇ ਮੁਫਤ ਸਹੂਲਤਾਂ ਦੇ ਦੇ ਕੇ ਪੰਜਾਬ ਦੇ ਕਰਜੇ ਵਿੱਚ ਵਾਧਾ ਕਰਦੀਆਂ ਜਾ ਰਹੀਆਂ ਹਨ।

ਪੰਜਾਬ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੇਸ਼ ਨੂੰ ਅਜਾਦ ਕਰਾਉਣ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਇਥੋਂ ਦੇ ਵਾਸੀਆਂ ਵਿਸੇਸ਼ ਕਰ ਕੇ ਸਿੱਖਾਂ ਨੇ ਦਿੱਤੀਆਂ ਹਨ। ਇਸ ਦਾ ਮੁਆਵਜਾ ਅਜਾਦ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸ੍ਰੀ ਵਲੱਭ ਭਾਈ ਪਟੇਲ ਨੇ ਸਿੱਖਾਂ’ ਬਾਰੇ ਇਹ ਪੱਤਰ ਜਾਰੀ ਕਰ ਕੇ ਦਿੱਤਾ ਸੀ ਕਿ “ਸਿੱਖ ਜਰਾਇਮ ਪੇਸ਼ਾ ਲੋਕ ਹਨ, ਇਨ੍ਹਾਂ ਤੇ ਕਰੜੀ ਨਜਰ ਰੱਖੀ ਜਾਵੇ”। ਉਸ ਵੇਲੇ ਦੇਸ਼ ਦੇ ਕੈਬਨਿਟ ਮੰਤਰੀ ਸ੍ਰ ਬਲਦੇਵ ਸਿੰਘ ਸਮੇਤ ਕਾਂਗਰਸ ਪਾਰਟੀ ਦੇ ਸਿੱਖ ਆਗੂਆਂ ਦੇ ਨਾਲ ਪੰਜਾਬ ਦੀਆਂ ਹੋਰ ਰਾਜਨੀਤਕ ਪਾਰਟੀਆਂ ਦੇ ਕਿਸੇ ਵੀ ਆਗੂ ਨੇ ਇਸ ਵਿਰੁੱਧ ਜ਼ੋਰਦਾਰ ਅਵਾਜ ਬੁਲੰਦ ਨਾ ਕੀਤੀ ਤੇ ਨਾ ਹੀ ਕੋਈ ਜਦੋਜਹਿਦ ਅਰੰਭੀ। ਜਿਸ ਤੋਂ ਕੇਂਦਰ ਦੀ ਸਰਕਾਰ ਦੇ ਆਗੂਆਂ ਨੇ ਅੰਦਾਜ਼ਾ ਲਗਾ ਲਿਆ ਸੀ ਕਿ ਇਸ ਸੂਬੇ ਦੇ ਆਗੂ ਜਾਂ ਤਾਂ ਆਪਸ ਵਿੱਚ ਲੱੜਣ ਭਿੱੜਣ ਵਾਲੇ ਹਨ ਜਾਂ ਫਿਰ ਸਿਰਫ ਤੇ ਸਿਰਫ ਗੱਦੀਆਂ, ਲੀਡਰੀਆਂ ਤੇ ਅਹੁੱਦਿਆਂ ਦੇ ਭੁੱਖੇ ਹਨ। ਬਸ ਇਸ ਤੋਂ ਹੀ ਪੰਜਾਬ ਦੀ ਬਰਬਾਦੀ ਹੋਣ ਦੀ ਗਾਥਾ ਸ਼ੁਰੂ ਹੁੰਦੀ ਹੈ ।ਜੇ ਕਰ ਜਰਾਇਮ ਪੇਸ਼ਾ ਵਾਲੇ ਇਸ ਪੱਤਰ ਵਿਰੁੱਧ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਆਗੂ ਇਕ ਮੁੱਠ ਹੋ ਕੇ ਸੰਘਰਸ਼ ਕਰਕੇ ਇਸ ਪੱਤਰ ਨੂੰ ਵਾਪਸ ਕਰਾ ਲੈਂਦੇ ਤਾਂ ਸ਼ਾਇਦ ਕੇਂਦਰ ਦੀ ਸਰਕਾਰ ਨੂੰ ਕੰਨ ਹੋ ਜਾਂਦੇ ਅਤੇ ਉਹ ਪੰਜਾਬ ਦੀ ਅਗੋਂ ਬਰਬਾਦੀ ਨਾ ਕਰਦੀ।

ਕੇਂਦਰ ਦੀ ਸਰਕਾਰ ਵਲੋਂ ਬੋਲੀਆਂ ਦੇ ਅਧਾਰ ਤੇ ਸਾਰੇ ਦੇਸ਼ ਵਿੱਚ ਸੂਬੇ ਬਣਾ ਦੇਣੇ ਪਰ ਪੰਜਾਬ ਨੂੰ ਪੰਜਾਬੀ ਬੋਲੀ ਦੇ ਅਧਾਰ ਤੇ ਸੂਬਾ ਬਣਾਉਣ ਤੋਂ ਵਿਰਵਿਆਂ ਕਰ ਦੇਣਾ। ਜਿਸ ਲਈ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੂੰ ਇਕੱਠੇ ਹੋ ਕੇ ਲੜਣ ਦੀ ਬਜਾਏ ਸਿਰਫ ਅਕਾਲੀ ਪਾਰਟੀ ਨੂੰ ਹੀ ਦੋ ਦਹਾਕੇ ਤਕ ਜਦੋ ਜਹਿਦ ਕਰਨੀ ਪੈਣੀ। ਕੇਂਦਰ ਦੀ ਸਰਕਾਰ ਵਲੋਂ ਪੰਜਾਬ ਨਾਲ ਸਖਤ ਵਿਤਕਰਾ ਕਰਦੇ ਹੋਏ ਉਸੇ ਪੰਜਾਬ ਨੂੰ ਤਿੰਨ ਹਿੱਸਿਆਂ ਪੰਜਾਬ, ਹਰਿਆਣਾ ਤੇ ਹਿਮਾਚਲ ਵਿੱਚ ਵੰਡ ਕੇ ਨਿਹਾਇਤ ਛੋਟਾ ਕਰ ਦੇਣਾ, ਉਸ ਦੀ ਰਾਜਧਾਨੀ ਚੰਡੀਗੜ੍ਹ ਖੋਹ ਲੈਣਾ, ਪੰਜਾਬੀ ਬੋਲਦੇ ਇਲਾਕੇ ਹੋਰ ਸੂਬਿਆਂ ਨੂੰ ਦੇ ਦੇਣਾ, ਪੰਜਾਬ ਦੇ ਡੈਮਾਂ, ਪਾਣੀਆਂ ਨੂੰ ਕੇਂਦਰ ਵਲੋਂ ਆਪਣੇ ਅਧੀਨ ਕਰ ਲੈਣਾ, ਹੋਰ ਤੇ ਹੋਰ ਪੰਜਾਬ ਦੇ ਪਾਣੀਆਂ ਦੀ ਰਾਇਲਟੀ ਨਾ ਦੇ ਕੇ ਦੂਜੇ ਸੂਬਿਆਂ ਨੂੰ ਜਬਰੀ ਤੌਰਤੇ ਮੁੱਫਤ ਪਾਣੀ ਦੇਂਦੇ ਰਹਿਣਾ। ਪੰਜਾਬ ਦੇ ਆਗੂਆਂ ਦਾ ਆਪਣੀਆਂ ਪਾਰਟੀਆਂ ਨਾਲ ਗੱਦੀਆਂ ਤੇ ਅਹੁੱਦਿਆਂ ਨੂੰ ਕਾਇਮ ਰੱਖਣ ਤੇ ਪੈਸਾ ਕਮਾਉਣ ਦੀ ਹੋੜ ਵਿੱਚ ਇਸ ਸਭ ਕੁਝ ਤੇ ਚੁੱਪ ਗੜੁੱਪ ਰਹਿਣਾ ਇਸ ਤਰਾਂ ਪੰਜਾਬ ਲਗਾਤਾਰ ਬਰਬਾਦ ਹੁੰਦਾ ਗਿਆ। ਇਹ ਠੀਕ ਹੈ ਕਿ ਪੰਜਾਬ ਨੂੰ ਬਰਬਾਦ ਕਰਨ ਵਿੱਚ ਉਸ ਵੇਲੇ ਦੀ ਜੰਨ ਸੰਘ ਪਾਰਟੀ ਜੋ ਹੁਣ ਭਾਰਤੀ ਜਨਤਾ ਪਾਰਟੀ ਬਣ ਚੁੱਕੀ ਹੈ ਦੇ ਹਮਾਇਤੀਆਂ ਨੇ ਪੰਜਾਬ ਦਾ ਵੱਡੇ ਪੱਧਰ ਤੇ ਘਾਣ ਕੀਤਾ ਹੈ। ਜੇਕਰ ਉਸ ਵੇਲੇ ਪੰਜਾਬ ਦੀਆਂ ਬਾਕੀ ਹੋਰ ਰਾਜਨੀਤਕ ਪਾਰਟੀਆਂ ਦੇ ਆਗੂ ਇੱਕਠੇ ਤੌਰਤੇ ਜਦੋਜਹਿਦ ਕਰਦੇ ਤਾਂ ਸ਼ਾਇਦ ਪੰਜਾਬ ਨਾਲ ਇਸ ਤਰ੍ਹਾਂ ਦਾ ਧੱਕਾ ਨਾ ਹੁੰਦਾ। ਇਹ ਵੀ ਠੀਕ ਹੈ ਕਿ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦੱਲ ਬਾਦਲ ਜਿਹੜੀ ਬਾਅਦ ਵਿੱਚ ਸਿੱਖਾਂ’ ਦੀ ਤਰਜਮਾਨੀ ਨਾ ਕਰਦੇ ਹੋਏ ਇਸ ਪਾਰਟੀ ਨੂੰ “ਪੰਜਾਬੀ ਪਾਰਟੀ” ਬਣਾ ਲਿਆ ਤੇ ਭਾਜਪਾ ਦੀ ਹਰ ਪਖੋਂ ਹਮਾਇਤ ਕਰਦੀ ਰਹੀ। ਇਨ੍ਹਾਂ ਨੇ ਲਗਭਗ ਤਿੰਨ ਦਹਾਕੇ ਪੰਜਾਬ ਵਿੱਚ ਰਾਜ ਕੀਤਾ ਇਸ ਦੌਰਾਨ ਉਨ੍ਹਾਂ ਨੇ ਬਿਜਲੀ ਪਾਣੀ, ਆਟਾ ਦਾਲ ਆਦਿ ਮੁਫਤ ਦੇ ਕੇ ਪੰਜਾਬੀਆਂ ਨੂੰ ਕਾਮੇ ਕਿਰਤੀ ਬਣਾਉਣ ਦੀ ਥਾਂ ਤੇ ਮੁਫਤ ਖੋਰੇ ਹੀ ਨਹੀਂ ਬਣਾਇਆ ਬਲਕਿ ਹੱਡ ਹਰਾਮ ਬਣਾ ਕੇ ਹਮੇਸ਼ਾ ਮੰਗਤੇ ਬਣਾ ਦਿੱਤਾ। ਸਰਕਾਰ ਦੀ ਇਸ ਸੋਚ ਨੇ ਪੰਜਾਬ ਨੂੰ ਨਿੱਤ ਦਾ ਕਰਜਾਈ ਬਣਾ ਕੇ ਰੱਖ ਦਿੱਤਾ ਹੈ। ਪੰਜਾਬ ਵਿੱਚ ਰਾਜ ਕਰ ਰਹੀ ਪਾਰਟੀ ਜਿਹੜੀ ਆਪਣੇ ਆਪ ਨੂੰ ਹੋਰਨਾ ਪਾਰਟੀਆਂ ਤੋਂ ਭਿੰਨ ਅਖਵਾਉਂਦੀ ਸੀ ਉਹ ਵੀ ਰਵਾਇਤੀ ਪਾਰਟੀਆਂ ਵਰਗੀ ਬਣ ਕੇ ਲੋਕਾਂ ਨੂੰ ਹੋਰ ਮੁਫਤਖੋਰੇ ਬਣਾ ਕੇ ਪੰਜਾਬ ਨੂੰ ਹੋਰ ਤੇ ਹੋਰ ਕਰਜਾਈ ਕਰ ਰਹੀ ਹੈ। ਪਿਛਲੇ ਸਮੇਂ ਤੋਂ ਸਰਕਾਰਾਂ ਵਲੋਂ ਨੌਜੁਆਨਾਂ ਨੂੰ ਰੁਜਗਾਰ ਦੇ ਮੌਕੇ ਨਾ ਮੁਹਈਆ ਕਰਵਾਉਣ ਕਾਰਨ ਪੰਜਾਬ ਦੀ ਜਵਾਨੀ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਆਦਿ ਸੰਸਾਰ ਭਰ ਦੇ ਦੇਸ਼ਾਂ ਵਿੱਚ ਨੌਕਰੀਆਂ ਦੀ ਭਾਲ ਵਿੱਚ ਧੜਾਧੜ ਜਾ ਰਹੀ ਹੈ ਜੋ ਰੁਕਣ ਦਾ ਨਾਂ ਨਹੀਂ ਲੈ ਰਹੀ। ਹਰੇਕ ਪੰਜਾਬੀ ਨੌਜੁਆਨ ਆਪਣੇ ਨਾਲ 30-40 ਲੱਖ ਰੁਪਏ ਪੰਜਾਬ ਦਾ ਸਰਮਾਇਆ ਹੀ ਨਹੀਂ ਲਿਜਾ ਰਿਹਾ ਬਲਕਿ ਡਾਕਟਰ, ਇੰਜੀਨੀਅਰ, ਅਧਿਆਪਕ, ਨਰਸਾਂ ਆਦਿ ਤੇ ਦੇਸ਼ ਦੀਆਂ ਸਰਕਾਰਾਂ ਦਾ ਵੱਖ ਵੱਖ ਕੋਰਸਾਂ ਦਾ ਖਰਚਾ ਕਰਵਾ ਕੇ ਇਥੋਂ ਡਿਗਰੀਆਂ ਲੈ ਕੇ ਧੜਾਧੜ ਵਿਦੇਸ਼ਾਂ ਵਿੱਚ ਜਾ ਕੇ ਪੰਜਾਬ ਦੇ ਨਾਲ ਭਾਰਤ ਨੂੰ ਵੀ ਕੰਗਾਲ ਕਰ ਰਹੇ ਹਨ ਜਿਸ ਤੋਂ ਦੇਸ਼ ਦੀਆਂ ਸਰਕਾਰਾਂ ਬੇਖਬਰ ਹਨ। ਇਕ ਟੀ ਵੀ ਚੈਨਲ ਤੇ ਪਾਕਿਸਤਾਨ ਦੀ ਲਾਹੌਰ ਯੂਨੀਵਰਸਿਟੀ ਦੇ ਡਾ ਅਖਤਰ ਹੁਸੈਨ ਸੰਧੂ ਦੀ ਇੰਟਰਵਿਊ ਕੁਝ ਲੋਕਾਂ ਨੇ ਜਰੂਰ ਸੁਣੀ ਹੋਵੇਗੀ ਉਸ ਵਿੱਚ ਉਹ ਇਹ ਵੀ ਕਹਿ ਰਹੇ ਸਨ ਕਿ ਪੰਜਾਬ ਦੀ ਬਰਬਾਦੀ ਦਾ ਇਕ ਇਹ ਵੀ ਕਾਰਨ ਰਿਹਾ ਹੈ ਕਿ ਜਦੋਂ ਜਦੋਂ ਵੀ ਪੰਜਾਬ ਨਾਲ ਸਰਕਾਰਾਂ ਨੇ ਧੱਕੇ ਕੀਤੇ ਹਨ ਪੰਜਾਬ ਦੇ ਲੋਕਾਂ ਨੇ ਕਦੇ ਵੀ ਉਨਾਂ ਦੇ ਵਿਰੁੱਧ ਇਕੱਠੇ ਹੋ ਕੇ ਅਵਾਜ ਬੁਲੰਦ ਨਹੀਂ ਕੀਤੀ। ਇਸ ਗੱਲ ਵਿੱਚ ਉਨਾਂ ਦਾ ਕੁਝ ਵਜਨ ਜਰੂਰ ਨਜ਼ਰ ਆਉਂਦਾ ਹੈ। ਪਰ ਸਭ ਤੋਂ ਵੱਡੀ ਦੁੱਖਦਾਈ ਗੱਲ ਇਹ ਹੈ ਕਿ ਇਸ ਸਮੇਂ ਪੰਜਾਬ ਲੀਡਰ ਵਿਹੂਣਾ ਹੋਣ ਕਰਕੇ ਕੋਈ ਵੀ ਅਜਿਹਾ ਆਗੂ ਨਹੀਂ ਜੋ ਪੰਜਾਬ ਦੇ ਲੋਕਾਂ ਦਾ ਸਹੀ ਮਾਰਗ ਦਰਸ਼ਨ ਕਰਦਾ ਹੋਇਆ ਪੰਜਾਬ ਦੇ ਵਾਸੀਆਂ ਨੂੰ ਇਸ ਬਰਬਾਦੀ ਤੋਂ ਰੋਕਣ ਲਈ ਲਾਮਬੰਦ ਕਰਕੇ ਸੰਘਰਸ਼ ਕਰਨ ਲਈ ਮੋਰਚਾ ਲਗਾਉਂਦਾ ਹੋਵੇ।

ਪੰਜਾਬ ਕੋਲ ਹਾਲੇ ਤਕ ਕੋਈ ਵੀ ਸਰਬ ਪ੍ਰਵਾਣਿਤ ਹਰਮਨ ਪਿਆਰਾ ਆਗੂ ਨਹੀਂ ਹੈ ਜਿਹੜੇ ਆਗੂ ਹਨ ਵੀ ਉਹ ਵੀ ਖਾਮੋਸ਼ ਹਨ ਤੇ ਗੱਦੀਆਂ ਲਈ ਆਪਸ ਵਿੱਚ ਲੜ ਭਿੜ ਰਹੇ ਹਨ ਇਸੇ ਕਰਕੇ ਪੰਜਾਬ ਸੰਤਾਪ ਭੋਗ ਰਿਹਾ ਹੈ ਜਿਸ ਦਾ ਲਾਹਾ ਪੰਜਾਬ ਵਿਰੋਧੀ ਤਾਕਤਾਂ ਲਗਾਤਾਰ ਉਠਾਉਂਦੀਆ ਆ ਰਹੀਆਂ ਹਨ । ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਸੁਹਿਰਦ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਸਾਰੇ ਇਕੱਠੇ ਹੋਣ ਤੇ ਪੰਜਾਬ ਦੀ ਹੋ ਰਹੀ ਬਰਬਾਦੀ ਨੂੰ ਰੋਕਣ ਲਈ ਕੋਈ ਸਾਂਝਾ ਐਕਸ਼ਨ ਉਲੀਕਣ ਤਾਂ ਕਿ ਪੰਜਾਬ ਨੂੰ ਹੋਰ ਬਰਬਾਦ ਹੋਣ ਤੋਂ ਰੋਕਿਆ ਜਾ ਸਕੇ ।ਭਾਰਤ ਦੀ ਸਰਕਾਰ ਨੂੰ ਵੀ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ ਪੰਜਾਬ ਭਾਰਤ ਦਾ ਸਰਹੱਦੀ ਸੂਬਾ ਹੈ ਜੇ ਕਰ ਇਨਾਂ ਨਾਲ ਹੋ ਰਹੀ ਬੇਗਾਨਗੀ ਨੂੰ ਨਾ ਰੋਕਿਆ ਗਿਆ ਤੇ ਪੰਜਾਬ ਨਾਲ ਵਿਤਕਰਾ ਜਾਰੀ ਰਖਿਆ ਤਾਂ ਇਸ ਦੇ ਕਿਸੇ ਵੇਲੇ ਵੀ ਖਤਰਨਾਕ ਤੇ ਭਿਆਨਕ ਨਤੀਜੇ ਵੀ ਨਿਕਲਣ ਤੋਂ ਇਨਕਾਰਿਆ ਨਹੀਂ ਜਾ ਸਕਦਾ। ਜੋ ਦੇਸ਼ ਲਈ ਕਿਸੇ ਸਮੇਂ ਵੀ ਘਾਤਕ ਸਾਬਤ ਹੋ ਸਕਦੇ ਹਨ। ਆਸ ਹੈ ਕੇਂਦਰ ਦੀ ਸਰਕਾਰ ਆਪਣੀ ਪੀੜੀ ਹੇਠ ਸੋਟਾ ਮਾਰ ਕੇ ਪੰਜਾਬ ਪ੍ਰਤੀ ਆਪਣੀ ਸੋਚ ਨੂੰ ਬਦਲੇਗੀ।

# ਹਰ ਮੌਸਮ 'ਚ ਖਾਓ - ਰਸੀਲਾ ਸੰਤਰਾ



*''ਵਿਟਾਮਿਨ-ਮਿਨਰਲਜ਼ ਨਾਲ ਭਰਪੂਰ ਹਰ ਮੌਸਮ ਦਾ ਪਸੰਦੀਦਾ ਫੱਲ ਸੰਤਰਾ ਸਟਰੈਸ ਦੂਰ ਕਰਨ ਵਿੱਚ ਮਦਦ ਕਰ ਰਿਹਾ ਹੈ। ਛੋਟੇ ਬੱਚਿਆਂ ਨੂੰ ਅਤੇ ਪੁਰਾਣੀ ਖੰਘ ਦੀ ਹਾਲਤ 'ਚ ਫੈਮਿਲੀ ਡਾਕਟਰ ਦੀ ਸਲਾਹ ਨਾਲ ਸੰਤਰੇ ਦਾ ਸੇਵਨ ਕਰਨਾ ਚਾਹੀਦਾ ਹੈ'' - ਅਨਿਲ ਧੀਰ, ਕਾਲਮਨਿਸਟ, ਸੋਸ਼ਲ ਐਕਟੀਵਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ*

ਵਿਸ਼ਵ ਭਰ ਵਿੱਚ ਅੱਜ ਹਰ ਉਮਰ ਦੇ ਵਿਅਕਤੀ ਦਾ ਪਸੰਦੀਦਾ ਸੁਆਦੀ ਰਸੀਲਾ ਫੱਲ ਹੈ ਸੰਤਰਾ। 16 ਵੀਂ ਸਦੀ 'ਚ ਇਹ ਫੱਲ ਯੂਰਪ ਵਿੱਚ ਆਮ ਮਿਲਨ ਲੱਗ ਗਿਆ ਸੀ। ਸੰਤਰੀ ਸ਼ਬਦ ਦੀ ਵਰਤੋਂ ਰੰਗ ਤੋਂ ਪਹਿਲਾਂ ਫੱਲ ਨੂੰ ਦਰਸਾਉਣ ਲਈ ਕੀਤੀ ਜਾਂਦੀ ਸੀ। ਵਿਸ਼ਵ ਭਰ 'ਚ ਅੰਦਾਜ਼ਨ 600 ਤੋਂ ਵੱਧ ਕਿਸਮ ਦੇ ਸੰਤਰੇ ਦੱਸੇ ਜਾ ਰਹੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਵੈਲੇਂਸੀਆ ਸੰਤਰਾ ਫਲੇਵਰ ਅਤੇ ਸੁਆਦੀ ਲਈ ਮਸ਼ਹੂਰ ਹੈ। ਫਲੋਰੀਡਾ ਦੇ ਨੌਵਲ, ਮਿਨੀਓਲਾ ਟੈਂਜਲੋਸ, ਮੁਰਕੋਟ ਹਨੀ ਟੈਂਗਰੀਨ ਵਗੈਰਾ ਕਿਸਮ ਦੇ ਸੰਤਰੇ ਤਾਜ਼ੇ, ਮਿੱਠੇ 'ਤੇ ਘੱਟ ਤੇਜ਼ਾਬੀ ਮੰਨੇ ਜਾ ਰਹੇ ਹਨ। ਸੰਤਰੇ 'ਚ ਵੱਖ-ਵੱਖ ਫਾਈਟੋਕੈਮੀਕਲ - ਕੈਰੋਟੀਨੋਇਡਜ਼-ਬੀਟਾ-ਕੈਰੋਟੀਨ, ਲੂਟੀਨ ਅਤੇ ਬੀਟਾ-ਕ੍ਰਿਪਟੌਕਸੈਂਥਿਨ, ਫਲੇਵੋਨੋਇਡਜ਼ਅਤੇ ਸੰਤਰੇ ਦੀ ਖੁਸ਼ਬੂ ਪੈਦਾ ਕਰਨ ਵਾਲੇ ਬਹੁਤ ਸਾਰੇ ਅਸਥਿਰ ਮਿਸ਼ਰਣ- ਐਡੀਹਾਈਡਜ਼, ਐਸਟਰ, ਅਲਕੋਹਲ, ਟੇਰੇਪੇਨਸ ਸ਼ਾਮਿਲ ਹਨ। ਹੋਮ ਕਿਚਨ 'ਤੇ ਕਮਰਸ਼ੀਅਲ ਇੰਡਸਟਰੀ ਅੰਦਰ ਅੱਜ ਸੰਤਰੇ ਫੱਲ ਦਾ ਜੂਸ, ਮਾਮਲੇਡ, ਮਿਕਸਫਰੂਟ ਜੈਮ, ਕੇਕ, ਕੁਕੀਜ਼, ਚਾਕਲੇਟ, ਕੈਂਡੀ, ਫਰੈਗਰੇਂਸ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਵਗੈਰਾ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਬ੍ਰਾਜ਼ੀਲ ਦੁਨੀਆ 'ਚ ਸੰਤਰੇ ਦੇ ਜੂਸ ਦਾ ਸਭ ਤੋਂ ਵੱਡਾ ਉਤਪਾਦਕ ਅਤੇ ਇਸ ਤੋਂ ਬਾਅਦ ਅਮਰੀਕਾ ਦਾ ਨਾਂ ਆ ਰਿਹਾ ਹੈ।



Nutritional value per 100 g (3.5 oz) : Energy - 197 kJ (47 kcal), Carbohydrates - 11.75 g, Sugars - 9.35 g, Dietary fiber - 2.4 g, Fat - 0.12 g, Protein - 0.94 g, Vitamins – Quantity % DV Vitamin A equiv. - 1% 11 μg, Thiamine (B1) - 8% 0.087 mg, Riboflavin (B2) - 3% 0.04 mg, Niacin (B3) - 2% 0.282 mg, Pantothenic acid (B5) - 5% 0.25 mg, Vitamin B6 - 5% 0.06 mg, Folate (B9) - 8%30 μg, Choline - 2% 8.4 mg, Vitamin C - 64% 53.2 mg, Vitamin E - 1% 0.18 mg, Minerals – Quantity %DV†, Calcium - 4% 40 mg, Iron - 1% 0.1 mg, Magnesium - 3% 10 mg, Manganese - 1% 0.025 mg, Phosphorus - 2% 14 mg, Potassium - 4% 181 mg, Zinc - 1% 0.07 mg, Other constituents Quantity Water - 86.75 g,

**ਰੇਮੇਡੀਜ਼ :**

ਹਾਈ ਬਲੱਡ ਪ੍ਰੈਸ਼ਰ ਵਾਲੇ ਡੇਲੀ ਨਾਸ਼ਤੇ 'ਚ 1 ਕੱਪ ਤਾਜ਼ੇ ਸੰਤਰੇ ਦਾ ਰੱਸ ਸ਼ੁਰੂ ਕਰ ਸਕਦੇ ਹਨ। ਸੰਤਰੇ 'ਚ ਕੋਈ ਸੋਡੀਅਮ ਨਹੀਂ ਹੁੰਦਾ ਬਲਕਿ ਜੂਸ ਦਾ ਸੇਵਨ 14% ਪੋਟਾਸ਼ਿਅਮ ਦੀ ਮਾਤਰਾ ਵੱਧਾ ਸਕਦਾ ਹੈ। ਬਲੱਡ ਪ੍ਰੈਸ਼ਰ ਦੇ ਜੋਖਮ ਨੂੰ ਘਟਾਉਣ ਲਈ ਪੋਟਾਸ਼ੀਅਮ ਦਾ ਸੇਵਨ ਵਧਾਉਣ ਨਾਲ ਖ਼ੂਨ ਦੀਆਂ ਨਾੜੀਆਂ ਨੂੰ ਆਰਾਮ ਦੇਣ ਅਤੇ ਖੋਲਣ 'ਚ ਮਦਦ ਕਰ ਸਕਦਾ ਹੈ।

ਕੋਲੈਸਟ੍ਰੋਲ ਨੂੰ ਘਟਾਉਣ ਲਈ ਸੰਤਰਾ ਨਮਕੀਨ ਪਾਣੀ ਨਾਲ ਕਲੀਨ ਕਰਕੇ ਫੱਲ ਦੇ ਨਾਲ ਛਿਲਕੇ ਦਾ ਬਾਈਟ ਵੀ ਲਿਆ ਜਾ ਸਕਦਾ ਹੈ। ਫੱਲ ਅੰਦਰ ਮੌਜੂਦ ਫਾਈਬਰ ਵੱਧਿਆ ਹੋਏ ਕੋਲੈਸਟ੍ਰੋਲ ਨੂੰ ਘਟਾਉਂਦਾ ਹੈ।

ਡਾਇਬਟੀਜ਼ ਦੇ ਖਤਰੇ ਨੂੰ ਘੱਟ ਕਰਨ 'ਚ ਰੋਜਾਨਾਂ 4 ਗ੍ਰਾਮ ਖੁਰਾਕ ਫਾਈਬਰ ਮਦਦ ਕਰ ਸਕਦਾ ਹੈ। ਇਸ ਨਾਲ ਖ਼ੂਨ 'ਚ ਗਲੂਕੋਜ਼ ਨਹੀਂ ਘੱਟਦਾ ਪਰ ਸਰੀਰ ਇਨਸੂਲਿਨ ਪ੍ਰਤੀ ਪ੍ਰਤੀਕ੍ਰਿਆ ਕਰਨ ਦੇ ਤਰੀਕੇ 'ਚ ਸੁਧਾਰ ਕਰਦਾ ਹੈ। ਘੱਟ ਇਨਸੂਲੀਨ ਸੰਵੇਦਨਸ਼ੀਲਤਾ ਟਾਈ-2 ਡਾਇਬਟੀਜ਼ 'ਚ ਯੋਗਦਾਨ ਪਾ ਸਕਦੀ ਹੈ। ਸਰੀਰ ਫਾਈਬਰ ਨੂੰ ਹੋਰ ਪੌਸ਼ਟਿਕ ਤੱਤਾਂ ਨਾਲੋਂ ਹੌਲੀ-ਹੌਲੀ ਪ੍ਰਸੇਸ ਕਰਦਾ ਹੈ, ਇਸ ਲਈ ਬਾਂਰ-ਬਾਰ ਸਨੈਕਸ ਲੈਣ ਦੀ ਇੱਛਾ ਘੱਟ ਜਾਂਦੀ ਹੈ।

ਤੰਦਰੁਸਤ ਮਨ ਅਤੇ ਸਰੀਰ ਲਈ ਸੰਤਰੇ ਦੀ ਫਰੂਟ-ਸਲਾਦ 'ਚ ਅਨਾਨਾਸ, ਸਟ੍ਰਾਬੇਰੀ, ਪੀਅਰ ਨੂੰ ਸ਼ਾਮਿਲ ਕਰੋ।

ਫੱਲ ਅੰਦਰ ਮੌਜੂਦ ਵਿਟਾਮਿਨ-ਸੀ ਚਮੜੀ ਨੂੰ ਹੈਲਦੀ ਰੱਖਦਾ ਹੈ। ਕੋਲੇਜਨ ਦੇ ਉਤਪਾਦਨ 'ਚ ਯੋਗਦਾਨ ਪਾ ਕੇ ਜ਼ਖਮਾਂ ਨੂੰ ਆਰਾਮ ਦਿੰਦਾ ਹੈ। ਚਮੜੀ ਦਾ ਲਚਕੀਲਾਪਨ, ਡ੍ਰਾਈਨੈਸ ਅਤੇ ਰਿੰਕਲਸ ਨੂੰ ਟੀਕ ਕਰਨ 'ਚ ਮਦਦ ਕਰ ਸਕਦਾ ਹੈ।

ਸੰਤਰੇ 'ਚ ਮੌਜੂਦ ਕੋਲੀਨ ਅਤੇ ਜ਼ੈਕਸਨਥਿਨ: ਚੰਗੀ ਨੀਂਦ, ਹੈਲਦੀ ਅੱਖਾਂ, ਮਾਸਪੇਸ਼ੀਆਂ ਦੀ ਗਤੀ, ਸਿੱਖਣ ਅਤੇ ਯਾਦਾਸ਼ਤ ਬੇਹਤਰ ਕਰਨ 'ਚ ਹੈਲਪ ਕਰਦਾ ਹੈ। ਸਰੀਰ ਅੰਦਰ ਸੋਜਸ਼ ਨੂੰ ਘਟਾਉਂਦਾ ਹੈ।

ਚਿਹਰੇ ਦੀ ਖੂਬਸੂਰਤੀ ਲਈ ਔਰਤਾਂ ਸੰਤਰੇ ਦੇ ਛਿਲਕਾ ਪਾਉਡਰ 'ਚ ਸ਼ਹਿਦ ਮਿਕਸ ਕਰਕੇ ਬਤੌਰ ਫੇਸ-ਪੈਕ ਇਸਤੇਮਾਲ ਕਰ ਸਕਦੀਆਂ ਹਨ।

ਆਮ ਘਬਰਾਹਟ ਘੱਟ ਕਰਨ ਲਈ ਸ਼ੰਤਰਾ ਖਾਣ ਦੇ ਨਾਲ-ਨਾਲ ਤਾਜ਼ਾ ਛਿਲਕਾ ਦਬਾ ਕੇ ਸੁੰਘਣ ਨਾਲ ਮਦਦ ਮਿਲਦੀ ਹੈ।

**ਨੋਟ :** ਗਰਭਵਤੀ ਔਰਤਾਂ, ਛੋਟੇ ਬੱਚੇ, ਅਤੇ ਖਾਂਸੀ, ਗਲੇ ਦੀ ਬਿਮਾਰੀ 'ਚ ਸੰਤਰੇ ਦਾ ਸੇਵਨ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਕਰਨਾ ਚਾਹੀਦਾ ਹੈ।

# ਸਿਹਤ ਲਈ ਚੰਗੀ ਹੈ ਗ੍ਰੀਨ-ਟੀ

ਗ੍ਰੀਨ-ਟੀ ਦੀ ਵਰਤੋਂ ਜਿਥੇ ਸਿਹਤ ਲਈ ਚੰਗੀ ਹੈ, ਉਥੇ ਜ਼ਿਆਦਾ ਗ੍ਰੀਨ ਟੀ ਦੀ ਵਰਤੋਂ ਸਿਹਤ ਨੂੰ ਨੁਕਸਾਨ ਵੀ ਪਹੁੰਚਾਉਂਦੀ ਹੈ।

ਜੇਕਰ ਦੁੱਧ ਅਤੇ ਚੀਨੀ ਤੋਂ ਬਿਨਾਂ ਗ੍ਰੀਨ ਟੀ ਦੀ ਵਰਤੋਂ ਕੀਤੀ ਜਾਵੇ ਤਾਂ ਸਿਹਤ ਲਈ ਬਹੁਤ ਗੁਣਕਾਰੀ ਹੁੰਦੀ ਹੈ। ਗ੍ਰੀਨ-ਟੀ ਵਿਚ ਐਂਟੀ ਆਕਸੀਡੈਂਟ ਦੀ ਮਾਤਰਾ ਜ਼ਿਆਦਾ ਹੁੰਦੀ ਹੈ।

**ਗ੍ਰੀਨ-ਟੀ ਬਣਾਉਣ ਦਾ ਤਰੀਕਾ :** ਗ੍ਰੀਨ-ਟੀ ਬਣਾਉਣ ਲਈ 1 ਵੱਡਾ ਮੱਘ ਪਾਣੀ ਉਬਾਲ ਆਉਣ ਤੱਕ ਉਬਾਲੋ ਜਾਂ ਤੇਜ਼ ਗਰਮ ਕਰ ਕੇ ਗੈਸ ਬੰਦ ਕਰ ਦਿਓ। ਕੱਪ ਵਿਚ ਗ੍ਰੀਨ-ਟੀ ਦਾ ਸੈਸ਼ੇ ਰੱਖੋ ਅਤੇ ਸਿਪ ਸਿਪ ਕਰਕੇ ਗਰਮ-ਗਰਮ ਪੀ ਲਓ। ਜੇਕਰ ਤੁਹਾਡੇ ਕੋਲ ਖੁੱਲ੍ਹੀ ਚਾਹ ਹੈ ਤਾਂ ਇਕ ਮੱਘ ਪਾਣੀ ਉਬਾਲ ਕੇ ਗੈਸ ਬੰਦ ਕਰ ਦਿਓ। ਅੱਧਾ ਚਮਚ ਚਾਹ ਦੀ ਪੱਤੀ ਉਸ ਭਾਂਡੇ ਵਿਚ ਪਾ ਕੇ 5 ਤੋਂ 7 ਮਿੰਟ ਲਈ ਰੱਖ ਦਿਓ। ਫਿਰ ਛਾਣ ਕੇ ਪੀ ਲਓ। ਜ਼ਿਆਦਾ ਗਰਮ ਚਾਹ ਨਾ ਪੀਓ। ਥੋੜ੍ਹੀ ਠੰਢੀ ਕਰ ਕੇ ਪੀਓ। ਜ਼ਿਆਦਾ ਗਰਮ ਚਾਹ ਪੀਣ ਨਾਲ ਗਲਾ ਪ੍ਰਭਾਵਿਤ ਹੁੰਦਾ ਹੈ ਅਤੇ ਹਾਜ਼ਮਾਂ ਤੰਤਰ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਦੁੱਧ ਅਤੇ ਚੀਨੀ ਵਾਲੀ ਚਾਹ ਪੀਣ ਨਾਲ ਗ੍ਰੀਨ-ਟੀ ਦਾ ਲਾਭ ਕਾਫ਼ੀ ਘੱਟ ਹੋ ਜਾਂਦਾ ਹੈ।

**ਗ੍ਰੀਨ-ਟੀ ਦੇ ਲਾਭ :** ਗ੍ਰੀਨ-ਟੀ ਦੀ ਵਰਤੋਂ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਦੀ ਹੈ ਜਿਸ ਨਾਲ ਅਸੀਂ ਕਈ ਬਿਮਾਰੀਆਂ ਤੋਂ ਬਚੇ ਰਹਿ ਸਕਦੇ ਹਾਂ।

ਗ੍ਰੀਨ-ਟੀ ਵਿਚ ਐਂਟੀ ਆਕਸੀਡੈਂਟ ਦੀ ਮਾਤਰਾ ਜ਼ਿਆਦਾ ਹੋਣ ਨਾਲ ਵਧਦੀ ਉਮਰ ਵਿਚ ਸਰੀਰ ਦੇ ਸੈੱਲਾਂ ਨੂੰ ਹੋਣ ਵਾਲੇ ਨੁਕਸਾਨ ਘੱਟ ਹੁੰਦੇ ਹਨ।

ਐਂਟੀ ਬੈਕਟੀਰੀਅਲ ਗੁਣ ਪਾਏ ਜਾਣ ਕਾਰਨ ਇੰਨਫੈਕਸ਼ਨ ਦਾ ਖ਼ਤਰਾ ਘੱਟ ਹੁੰਦਾ ਹੈ।



ਵਧੇ ਹੋਏ ਪੇਟ ਨੂੰ ਘਟਾਉਣ ਲਈ ਰੋਜ਼ ਸਵੇਰੇ ਖਾਲੀ ਪੇਟ ਇਕ ਕੱਪ ਗ੍ਰੀਨ ਟੀ ਵਿਚ ਨਿੰਬੂ ਤੇ ਸ਼ਹਿਦ ਮਿਲਾ ਕੇ ਉੱਪਰ ਥੋੜ੍ਹਾ ਮੈਥੀ ਪਾਉਡਰ ਪਾਓ।

ਗ੍ਰੀਨ-ਟੀ ਦੀ ਵਰਤੋਂ ਨਾਲ ਪ੍ਰੋਸਟੇਟ ਕੈਂਸਰ ਅਤੇ ਛਾਤੀ ਦੇ ਕੈਂਸਰ ਤੋਂ ਬਚਾਅ ਵਿਚ ਮਦਦ ਮਿਲਦੀ ਹੈ।

ਸਿਰ ਦਰਦ ਵਿਚ ਗ੍ਰੀਨ-ਟੀ ਜ਼ਿਆਦਾ ਲਾਭਕਾਰੀ ਹੁੰਦੀ ਹੈ। ਇਸ ਵਿਚ ਮੌਜੂਦ ਐਂਟੀ ਆਕਸੀਡੈਂਟਸ ਦਰਦ ਨੂੰ ਘੱਟ ਕਰਦੇ ਹਨ।

ਸਰੀਰ ਦੇ ਕਿਸੇ ਹਿੱਸੇ ਵਿਚ ਦਰਦ ਹੋਣ ਨਾਲ ਗ੍ਰੀਨ ਟੀ ਦੇ ਬੈਗ ਨੂੰ ਫਰਿੱਜ ਵਿਚ ਰੱਖ ਕੇ ਉਸ ਥਾਂ 'ਤੇ ਰੱਖਣ ਨਾਲ ਲਾਭ ਮਿਲਦਾ ਹੈ।

ਸਨਬਰਨ ਹੋਣ 'ਤੇ ਗ੍ਰੀਨ-ਟੀ ਦਾ ਬੈਗ ਫਰਿੱਜ ਵਿਚ ਰੱਖ ਕੇ ਪ੍ਰਭਾਵਿਤ ਚਮੜੀ 'ਤੇ ਰੱਖਣ ਨਾਲ ਲਾਭ ਹੁੰਦਾ ਹੈ।

ਮਾਹਵਾਰੀ ਦੇ ਦਿਨਾਂ ਵਿਚ ਕਈ ਕੁੜੀਆਂ ਅਤੇ ਔਰਤਾਂ ਨੂੰ ਕਰੈਂਪਸ (ਕੁੜੱਲਾਂ) ਪੈਂਦੇ ਹਨ। ਗ੍ਰੀਨ-ਟੀ ਦੀ ਵਰਤੋਂ ਨਾਲ ਘੱਟ ਹੋ ਜਾਂਦੇ ਹਨ।

ਗ੍ਰੀਨ-ਟੀ ਦਾ ਬਣਿਆ ਇਕ ਕੱਪ ਫਰਿੱਜ ਵਿਚ ਰੱਖੋ ਠੰਢਾ ਹੋਣ 'ਤੇ ਕੱਪੜੇ ਨੂੰ ਗਰੀਨ ਟੀ ਦੇ ਪਾਣੀ ਵਿਚ ਭਿਉਂ ਕੇ ਚਮੜੀ 'ਤੇ ਲਗਾਓ। ਚਮੜੀ ਸਾਫ਼ ਹੋਵੇਗੀ ਅਤੇ ਚਮਕ ਵੀ ਆਵੇਗੀ।

**ਹਰਨੀਆ :** ਕਿਸੇ ਵੀ ਚੀਜ਼ ਦੀ ਬਹੁਤਾਤ ਨੁਕਸਾਨ ਵੀ ਪਹੁੰਚਾਉਂਦੀ ਹੈ। ਦਿਨ ਵਿਚ 2 ਤੋਂ 3 ਕੱਪ ਗ੍ਰੀਨ ਟੀ ਪੀ ਸਕਦੇ ਹੋ। ਇਸ ਤੋਂ ਜ਼ਿਆਦਾ ਸਰੀਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਜ਼ਿਆਦਾ ਗ੍ਰੀਨ-ਟੀ ਦੀ ਵਰਤੋਂ ਨਾਲ ਸਰੀਰ ਆਇਰਨ ਦੀ ਮਾਤਰਾ ਨੂੰ ਹਜ਼ਮ ਨਹੀਂ ਕਰ ਪਾਉਂਦਾ।

ਅਨੀਮੀਆ ਵਾਲੇ ਰੋਗੀ ਗ੍ਰੀਨ-ਟੀ ਜਾਂ ਸਾਧਾਰਨ ਚਾਹ ਦੀ ਵਰਤੋਂ ਘੱਟ ਤੋਂ ਘੱਟ ਕਰਨ।

ਜ਼ਿਆਦਾ ਗ੍ਰੀਨ ਟੀ ਦੀ ਵਰਤੋਂ ਨਾਲ ਆਸਟੀਓਪਰੋਸਿਸ ਦੀ ਸਮੱਸਿਆ ਵਧ ਜਾਂਦੀ ਹੈ ਕਿਉਂਕਿ ਜ਼ਿਆਾਦ ਚਾਹ ਦੀ ਵਰਤੋਂ ਨਾਲ ਸਰੀਰ ਵਿਚ ਕੈਲਸ਼ੀਅਮ ਘੱਟ ਜਜ਼ਬ ਹੋ ਪਾਉਂਦਾ ਹੈ।

ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਦੁੱਧ ਪਿਲਾਉਣ ਵਾਲੀਆਂ ਔਰਤਾਂ ਨੂੰ ਗ੍ਰੀਨ-ਟੀ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ।

ਬੱਚਿਆਂ ਨੂੰ ਗ੍ਰੀਨ-ਟੀ ਨਾ ਦਿਓ। ਬੱਚਿਆਂ ਵਿਚ ਪ੍ਰੋਟੀਨ ਅਤੇ ਫੈਟ ਵਰਗੇ ਜ਼ਰੂਰੀ ਨਿਊਟ੍ਰੀਐਂਟਸ ਦੇ ਜਜ਼ਬ ਹੋਣ ਵਿਚ ਰੁਕਾਵਟ ਪੈਂਦੀ ਹੈ।

ਸਾਵਧਾਨੀਆਂ : ਅਲਸਰ ਅਤੇ ਅਸਿਡਿਟੀ ਵਾਲੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਚਾਹ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਖਾਣੇ ਤੋਂ ਅੱਧਾ ਘੰਟਾ ਪਹਿਲਾਂ ਅਤੇ ਦੋ ਘੰਟੇ ਬਾਅਦ ਚਾਹ ਦੀ ਵਰਤੋਂ ਤੋਂ ਬਚਣਾ ਚਾਹੀਦਾ ਹੈ। ਬੈੱਡ-ਟੀ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਚਾਹ ਦੀ ਵਰਤੋਂ ਨਾ ਕਰੋ।

ਦੁੱਧ ਵਾਲੀ ਚਾਹ ਪੀਣ ਨਾਲ ਚਾਹ ਦੇ ਗੁਣ ਖ਼ਤਮ ਹੋ ਜਾਂਦੇ ਹਨ। ਚੀਨੀ ਪਾਉਣ ਨਾਲ ਐਸਿਡਿਟੀ ਵਧਦੀ ਹੈ ਅਤੇ ਸਰੀਰ ਵਿਚ ਕੈਲਸ਼ੀਅਮ ਘਟਦਾ ਹੈ। ਜੋ ਲੋਕ ਨੀਂਦ ਆਉਣ ਦੀ ਦਵਾਈ ਖਾਂਦੇ ਹਨ ਜਾਂ ਖ਼ੂਨ ਪਤਲਾ ਕਰਨ ਵਾਲੀ ਦਵਾਈ ਖਾਂਦੇ ਹਨ, ਉਨ੍ਹਾਂ ਨੂੰ ਗ੍ਰੀਨ-ਟੀ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

**ਨੀਤੂ ਗੁਪਤਾ**



# ਇੱਕ ਕਹਾਣੀ



ਜਿਸ ਬੋਗੀ ਵਿੱਚ ਰੁਬੀਨਾ ਦੀ ਰਿਜ਼ਰਵੇਸ਼ਨ ਸੀ, ਉਸ ਵਿੱਚ ਲਗਭਗ ਸਾਰੇ ਮੁੰਡੇ ਸਨ, ਟਾਇਲਟ ਜਾਣ ਦੇ ਬਹਾਨੇ ਰੁਬੀਨਾ ਪੂਰੀ ਬੋਗੀ ਦੇ ਆਲੇ-ਦੁਆਲੇ ਘੁੰਮ ਗਈ, ਸ਼ਾਇਦ ਹੀ ਕੋਈ ਦੋ-ਤਿੰਨ ਔਰਤਾਂ ਹੋਣਗੀਆਂ। ਮੇਰਾ ਮਨ ਅਣਜਾਣ ਡਰ ਨਾਲ ਕੰਬ ਰਿਹਾ ਸੀ, ਮੈਂ ਪਹਿਲੀ ਵਾਰ ਇਕੱਲਾ ਸਫ਼ਰ ਕਰ ਰਿਹਾ ਸੀ, ਇਸ ਲਈ ਮੈਂ ਪਹਿਲਾਂ ਹੀ ਘਬਰਾਇਆ ਹੋਇਆ ਸੀ। ਇਸ ਲਈ, ਆਪਣੇ ਆਪ ਨੂੰ ਅਰਾਮਦੇਹ ਰੱਖਣ ਲਈ, ਉਸਨੇ ਚੁੱਪਚਾਪ ਆਪਣੀ ਸੀਟ 'ਤੇ ਇੱਕ ਰਸਾਲਾ ਕੱਢਿਆ ਅਤੇ ਇਸਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ। ਸ਼ਾਇਦ ਕਿਸੇ ਡੇਰੇ ਵਿਚ ਜਾ ਰਹੇ ਨੌਜਵਾਨਾਂ ਦੇ ਟੋਲੇ ਦੇ ਹਾਸੇ ਅਤੇ ਚੁਟਕਲੇ ਉਸ ਦਾ ਹੌਂਸਲਾ ਹੋਰ ਵੀ ਤੋੜ ਰਹੇ ਸਨ।

ਰੁਬੀਨਾ ਦੇ ਡਰ ਅਤੇ ਘਬਰਾਹਟ ਦੇ ਵਿਚਕਾਰ, ਅਣਚਾਹੀ ਰਾਤ ਹੌਲੀ-ਹੌਲੀ ਉਤਰਨ ਲੱਗੀ। ਸਾਹਮਣੇ ਵਾਲੀ ਸੀਟ 'ਤੇ ਬੈਠੇ ਲੜਕੇ ਨੇ ਕਿਹਾ 'ਹੈਲੋ, ਮੈਂ ਰਿਆਜ਼ ਹਾਂ ਅਤੇ ਤੁਸੀਂ?' ਰੁਬੀਨਾ, ਜੋ ਡਰ ਨਾਲ ਪੀਲੀ ਹੋ ਗਈ ਸੀ, ਨੇ ਕਿਹਾ 'ਹਾਂ, ਮੈਂ...' 'ਕੋਈ ਗੱਲ ਨਹੀਂ, ਮੈਨੂੰ ਨਾਮ ਨਾ ਦੱਸੋ। ਵੈਸੇ, ਤੁਸੀਂ ਕਿੱਥੇ ਜਾ ਰਹੇ ਹੋ?' ਰੁਬੀਨਾ ਨੇ ਹੌਲੀ ਜਿਹੀ ਕਿਹਾ 'ਇਲਾਹਾਬਾਦ' 'ਕੀ ਇਲਾਹਾਬਾਦ...?' ਇਹ ਮੇਰੀ ਦਾਦੀ ਦਾ ਘਰ ਹੈ। ਇਸ ਰਿਸ਼ਤੇ ਕਾਰਨ ਤੂੰ ਮੇਰੀ ਭੈਣ ਬਣ ਗਈ। ਰਿਆਜ਼ ਨੇ ਖੁਸ਼ੀ ਨਾਲ ਕਿਹਾ। ਅਤੇ ਫਿਰ ਉਹ ਇਲਾਹਾਬਾਦ ਬਾਰੇ ਅਣਗਿਣਤ ਗੱਲਾਂ ਦੱਸਦਾ ਰਿਹਾ ਕਿ ਉਸਦੇ ਨਾਨਾ ਜੀ ਬਹੁਤ ਮਸ਼ਹੂਰ ਵਿਅਕਤੀ ਹਨ, ਉਸਦੇ ਮਾਮਾ ਦੋਵੇਂ ਫੌਜ ਵਿੱਚ ਉੱਚ ਅਧਿਕਾਰੀ ਹਨ ਅਤੇ ਬਹੁਤ ਸਾਰੀਆਂ ਨਵੀਆਂ ਅਤੇ ਪੁਰਾਣੀਆਂ ਗੱਲਾਂ ਹਨ। ਰੁਬੀਨਾ ਵੀ ਹੌਲੀ-ਹੌਲੀ ਨਾਰਮਲ ਹੋ ਗਈ ਤੇ ਉਸ ਦੀਆਂ ਗੱਲਾਂ ਵਿਚ ਦਿਲਚਸਪੀ ਲੈਣ ਲੱਗੀ। ਰੁਬੀਨਾ ਸਾਰੀ ਰਾਤ ਰਿਆਜ਼ ਵਰਗੇ ਭਰਾ ਦੇ ਸੁਰੱਖਿਅਤ ਪਰਛਾਵੇਂ ਬਾਰੇ ਸੋਚਦੀ ਸੌਂਦੀ ਰਹੀ, ਸਵੇਰੇ ਰੁਬੀਨਾ ਨੇ ਕਿਹਾ 'ਮੇਰਾ ਪਤਾ ਲੈ, ਜੇ ਕਦੇ ਮੇਰੀ ਦਾਦੀ ਜੀ ਦੇ ਘਰ ਆਏ ਤਾਂ ਮੈਨੂੰ ਮਿਲ ਕੇ ਆਵੀਂ।' 'ਮੈਂ ਪਹਿਲਾਂ ਕਦੇ ਇਲਾਹਾਬਾਦ ਨਹੀਂ ਗਿਆ।' ਜੇ ਕੋਈ ਰੂਬੀਨਾ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ ਜਦੋਂ ਉਸ ਦੇ ਭਰਾ ਨੇ ਉਸ ਨੂੰ ਅਲਵਿਦਾ ਕਹਿ ਦਿੱਤਾ...-ਅਣਜਾਣ

## .ਗ਼ਜ਼ਲ

ਇਹਨਾਂ ਸਿਲੀਆਂ ਸਿਲੀਆਂ ਪਲਕਾਂ 'ਤੇ ਕੋਸਾ ਕੋਸਾ ਪਾਣੀ ਹੈ।
ਅਸੀਂ ਉਖੜੇ ਉਖੜੇ ਪੈਰਾਂ ਨਾਲ ਮਿੱਟੀ ਸ਼ਹਿਰ ਤੇਰੇ ਦੀ ਛਾਣੀ ਹੈ।
ਅਸਾਂ ਤੇ ਯਾਰ ਤੇਰੀ ਦਿੱਤੀ ਸੌਗਾਤ ਮੰਨ ਕੇ ਹਰ ਠੋਕਰ ਮਾਣੀ ਹੈ।
ਜਾਪੇ ਸ਼ਹਿਰ ਤੇਰੇ ਦੇ ਰਾਹਾਂ ਨਾਲ ਸਾਡੀ ਕੋਈ ਸਾਂਝ ਪੁਰਾਣੀ ਹੈ।

ਬਦਲ ਬਦਲ ਕੇ ਡੋਰਾਂ ਥੱਕੇ ਇਧਰ ਜਾਵਾਂ ਉਧਰ ਜਾਵਾਂ ਧਾਗੇ ਫ਼ੜ ਫ਼ੜ ਅੱਕੇ
ਨਾ ਇਹ ਟੁੱਟੇ ਨਾ ਇਹ ਸੁਲਝੇ ਐਸੀ ਉਲਝੀ ਇਸ਼ਕ ਦੀ ਤਾਣੀ ਹੈ।

ਪਿਆਰ ਮੁਹੱਬਤ ਦੇ ਗ਼ੈਰਾਂ ਨੂੰ ਦੇਹ ਦੇਹ ਖੁੱਲ੍ਹੇ ਗੱਫੇ ਰੱਬਾ!
ਸਾਡੇ ਹਿੱਸੇ ਗ਼ਮ ਵਿਛੋੜਾ ਰੋਸੇ ਗਿਲੇ ਕੇਹੀ ਇਹ ਵੰਡ ਕਾਣੀ ਹੈ।

ਜਦੋਂ ਤੋਂ ਤੂੰ ਵੱਖ ਹੋਇਆ ਉਜੜਿਆਂ ਉਜੜਿਆ ਜਾਪੇ ਜਹਾਨ ਮੇਰਾ ਹੁਣ ਕਦੇ ਮੇਰੇ ਸੰਗ
ਰਲ ਨਾ ਬੈਠਣ ਸਾਡੇ ਹਾਸਿਆਂ ਦੀ ਉਜੜੀ ਉਜੜੀ ਢਾਣੀ ਹੈ।

ਲਿਖ ਲੈਨਾ ਮਿਟਾ ਲੈਨਾ ਮਹਿਲ ਖ਼ਾਬਾਂ ਦੇ ਬਣਾ ਲੈਨਾ ਢਾਹ ਲੈਨਾ
ਨਤੀਜਾ ਨਿਚੋੜ ਕੁਝ ਨਾ ਨਿਕਲੇ ਜਿਵੇਂ ਪਾਣੀ ਵਿਚ ਮਧਾਣੀ ਹੈ।

ਅਸਾਂ ਤੇ ਰੋ ਰੋ ਕੇ ਯਾਰਾ ਤੇਰੇ ਹਿਜ਼ਰਾਂ ਵਿਚ ਜਿੰਦ ਗਵਾਣੀ ਹੈ।
ਕਿਹਨੂੰ ਕਿਹਨੂੰ ਦੱਸੀਏ ਕੀ ਕੀ ਲਿਖੀਏ ਲੰਮੀ ਦਰਦ ਕਹਾਣੀ ਹੈ।

ਨਾ ਕੋਈ ਆ ਕੇ ਗਲ ਲਾ ਕੇ ਦੇਵੇ ਦਿਲਾਸੇ ਨਾ ਕੋਈ ਚੁੱਪ ਕਰਾਵੇ
ਦਿਨੇ ਰਾਤ ਪਈ ਰੋਂਦੀ ਰਹਿੰਦੀ, ਸਾਡੀ ਰੋਂਦੀ ਜ਼ਿੰਦ ਨਿਮਾਣੀ ਹੈ।

ਦਿਨੇ ਦਿਨੇ ਮੈਂ ਇਕੱਲਾ ਰੋਵਾਂ ਰਾਤੀਂ ਰੋਵੇ ਜ਼ਾਰੋ ਜ਼ਾਰ ਰੂਹ ਓਏ ਸਾਡੀ
ਬਸ ਸਾਡੇ ਰੋਣਾ ਪੱਲੇ ਰਹਿ ਗਿਆ ਜਦੋਂ ਤੋਂ ਵਿਛੜਿਆ ਸਾਡਾ ਹਾਣੀ ਹੈ।

ਜਦ ਵੀ ਬਹਿੰਦਾ ਹਾਂ ਝੱਟ ਸਾਰਾ ਥਕੇਵਾਂ ਲੱਥ ਜਾਂਦੈ
ਜਿਸ ਤੇ ਆ ਕੇ ਕਦੇ ਤੂੰ ਬੈਠਿਓ , ਸਾਡੇ ਲਈ ਤਖ਼ਤ ਉਹ ਮੰਜੀ ਅਲਾਣੀ ਹੈ।

ਤੂੰ ਆਵੇਂ ਤਾਂ ਇਸ ਹਾਉਕਿਆਂ ਭਰੀ ਜ਼ਿੰਦਗੀ ਤੋਂ ਨਿਜ਼ਾਤ ਮਿਲੇ
ਮਰਨਾ ਨਹੀਂ 'ਦੀਪ' ਦੇਖਿਆਂ ਬਗ਼ੈਰ ਤੈਨੂੰ ਪੱਕੀ ਦਿਲ ਵਿੱਚ ਠਾਣੀ ਹੈ।



**ਜ. ਦੀਪ ਸਿੰਘ**
98760-04718

## ਖ਼ਤ ਪਿਆਰੀ ਦਾਦੀ ਨੂੰ

ਤੇਰੇ ਜਾਣ ਬਾਅਦ ਘਰ ਦੇ ਰੰਗ ਚੱਜ ਬਦਲ ਗਏ,
ਵੇਹੜੇ ਚ ਮੰਜੀਆ ਹੁਣ ਪਹਿਲਾ ਵਾਂਗ ਡਹਿੰਦੀਆਂ ਨਹੀਂ,
ਨੂੰਹਾਂ ਵੀ ਹੁਣ ਰੁਸੀਆਂ-ਰੁਸੀਆਂ ਰਹਿਣ,
ਪਹਿਲਾ ਵਾਂਗ ਹੱਸਦੀ ਆ ਖੇਡਦੀਆਂ ਰਹਿੰਦੀਆਂ ਨੀਂ,
ਬੂਹੇ ਵੀ ਹੁਣ ਛੇਤੀ ਢੋਅ ਲੈਂਦੇ ਨੇ ਸਾਰੇ,
ਧੁੰਦ ਦੀ ਉਡੀਕ ਵੀ ਹੁਣ ਰਹਿੰਦੀ ਨਹੀਂ,
ਦਾਦਾ ਵੀ ਬੀਬੀ ਹੁਣ ਚੁੱਪ-ਚੁੱਪ ਜਾਪੇ,
ਹੱਸਦੇ ਚਿਹਰੇ ਤੇਰੇ ਪੁੱਤਾਂ ਦੇ ਵੀ ਹੁੰਦੇ ਨਹੀਂ,
ਹੁਣ ਤੇਰੇ ਵਾਂਗ ਕੋਈ ਮੈਨੂੰ ਆਪਣੀ ਨਾ ਮੰਨੇ ਮੈਨੂੰ,
ਖੌਰੇ ਕੋਈ ਸਾਰੇ ਏਦਾਂ ਦੇ ਹੋਈ ਜਾਂਦੇ ਨੇ,
ਤੂੰ ਛੇਤੀ ਆਜਾ ਹੁਣ ਵੰਡ ਹੀਉਂ,
ਮੈਨੂੰ ਲਗਦਾ ਬੀਬੀ ਇਹ ਵੀ ਮੇਰੇ ਵਾਂਗੂੰ
ਤੈਥੋਂ ਬਗੈਰ ਜੀ ਲਾਉਂਦੇ ਨਹੀਂ,
ਤੇਰੇ ਟੱਬਰ ਦੇ ਜੀ ਨਿਮੋਹੇ ਹੋਈ ਜਾਂਦੇ ਨੇ,
ਹੁਣ ਪਹਿਲਾ ਵਾਂਗ ਇੱਕ ਦੂਜੇ ਨੂੰ ਹੱਸ ਕੇ ਬਲੌਂਦੇ ਨਹੀਂ!



**ਸਿਮਰਜੀਤ ਕੌਰ**
8088000092

## ਟਰੂਡੋ-ਮੋਦੀ

ਜੀ-20 ਵਿਚ ਸੰਮੇਲਨ ਜਦੋਂ ਬਾਤ ਟਰੂਡੋ ਨੇ ਪਾਈ
ਅਣਗੌਲਿਆਂ ਤਾਂ ਗੱਲ ਕਰ ਗਿਆ ਮੋਦੀ ਹੋ ਗਈ ਸ਼ੁਰੂ ਲੜਾਈ
ਫਿਰ ਵਿਚ ਸਦਨ ਦੇ 'ਨਿੱਝਰ' ਦੇ ਤਾਂ ਖੋਲ੍ਹ ਦਿੱਤੇ ਭੇਤ ਸਾਰੇ
ਪਿਛੋਂ ਮੋਦੀ ਨੂੰ ਟਰੂਡੋ ਦਿਨੇ ਦਿਖਾ ਗਿਆ ਤਾਰੇ।

ਅੱਤ ਚੱਕੀ ਦਾ ਅੰਤ ਹੁੰਦਾ ਜਦੋਂ ਸੱਚੀ ਗੱਲ ਦਬਾਉਂਦੇ
ਇਥੇ ਭੇਤ ਖੋਲ੍ਹਦਾ ਜਿਹੜਾ ਵੀ ਉਹਨੂੰ ਸ਼ਰੇਆਮ ਮਰਵਾਉਂਦੇ
ਜਾਗ ਪਈ ਸਰਕਾਰ ਕੈਨੇਡਾ ਤੇਰੇ ਚਲਣੇ ਨਾ ਕੋਈ ਲਾਰੇ
ਕਹਿੰਦੇ ਮੋਦੀ ਨੂੰ ਟਰੂਡੋ ਦਿਨੇ ਦਿਖਾ....

ਵੀਜ਼ੇ ਕਰ ਤੇ ਬੰਦ ਤੂੰ ਮੋਦੀ ਤੈਨੂੰ ਅਕਲ ਟਿਕਾਣੇ ਆਊ
ਵੇਖੀਂ ਰੋਕ ਦੇਣੇ ਇਹਨੇ ਦਿੱਲੀ ਸਾਰੇ ਮਿੰਨਤਾਂ ਫੇਰ ਕਢਾਊ
ਸ਼ੁਕਰ ਕਰ ਰੁਜ਼ਗਾਰ ਦਿੱਤੇ ਨਹੀਂ ਭੁੱਖੇ ਮਰ ਜਾਣੇ ਸਾਰੇ
ਕਹਿੰਦੇ ਮੋਦੀ ਨੂੰ ਟਰੂਡੋ ਦਿਨੇ ਦਿਖਾ...

ਕੰਨ 'ਤੇ ਜੂੰ ਸਰਕੀ ਤੇ ਤੈਨੂੰ ਬੰਦਿਆਂ ਵਾਂਗ ਸਮਝਾਇਆ
ਕਿਵੇਂ ਪਹਿਲਾਂ ਵੇਖ ਕਿਸਾਨਾਂ ਨੇ ਜਦੋਂ ਦਿੱਲੀ ਮੂਹਰੇ ਲਾਇਆ
ਚੌਵੀ ਦੇ ਵਿਚ ਪੈਣੀਆਂ ਵੋਟਾਂ ਤੇਰੇ ਪੈਂਦੇ ਵੇਖ ਖਿਲਾਰੇ
ਕਹਿੰਦੇ ਮੋਦੀ ਨੂੰ ਟਰੂਡੋ ਦਿਨੇ ਦਿਖਾ...

ਤੂੰ ਜਾਣੇ ਤੇਰਾ ਕੰਮ ਮੋਦੀਆ ਹੁਣ ਗੱਲ ਸਿਰੇ 'ਤੇ ਆ ਗਈ
ਦੁਨੀਆ ਨਾ ਕੋਈ ਕਮਲੀ ਤੇ ਪਹਿਲਾਂ ਬਹੁਤ ਭੁਲੇਖਾ ਖਾ ਗਈ
ਤਾਂ ਹੀ 'ਦੇਵ ਘੋਲੀਆ' ਦੇਵੇ ਦੁਹਰਾਈਆਂ ਛੇਤੀ ਹੋ ਜਾਣੇ ਨਿਪਟਾਰੇ
ਕਹਿੰਦੇ ਮੋਦੀ ਨੂੰ ਟਰੂਡੋ ਦਿਨੇ ਦਿਖਾ ਗਿਆ ਤਾਰੇ।



**ਦੇਵ ਘੋਲੀਆ ਖੁਰਦ**
559-232-7764

## ਬੁੱਕਲ ਦੇ ਸੱਪ

ਹਾਲਾਤ ਮਾੜੇ ਤੋ ਮਾੜੇ ਆਏ ਮੇਰੇ ਤੇ, ਇਸ ਜਹਾਨ ਅੰਦਰ,
ਮੰਡੀ ਦੇ ਝੂਠੇ ਵਪਾਰੀਆਂ ਦੀ ਬੋਲੀ ਵਿੱਚ ਮੈਂ ਵਿਕਿਆ ਨਹੀ।

ਨਿੱਕੀ ਉਮਰੇ ਮੈ ਬਹੁਤ ਵੱਡਾ ਸਬਕ ਸਿੱਖਿਆ ਬੁੱਕਲ ਦੇ ਸੱਪਾਂ ਤੋਂ,
ਮੈ ਕਿਵੇਂ ਕਹਿ ਦਾ ਕੇ ਮੈਂ ਇਸ ਜਿੰਦਗੀ ਤੋ ਕੁੱਝ ਕਦੇ ਸਿੱਖਿਆ ਨਹੀਂ।

ਸੂਲਾਂ ਤੇ ਚਲਦੇ ਚਲਦੇ ਠੋਕਰਾਂ ਖਾ-ਖਾ ਜਦੋਂ ਮੈਂ ਮੰਜ਼ਿਲ ਤੇ ਪਹੁੰਚਿਆ,
ਮਤਲਬੀ ਲੋਕਾਂ ਅੱਖਾਂ ਫੇਰ ਲਈਆਂ ਇੱਕ ਪਲ ਵੀ ਮੇਰੇ ਵੱਲ ਤੱਕਿਆ ਨਹੀਂ।

ਸੋਚਦਾ ਸੀ ਦੁੱਖ ਸੁਣਾਉਂਣ ਨਾਲ ਕੀ ਪਤਾ ਮੇਰਾ ਵੀ ਦੁਖ ਸਾਂਝਾ ਹੋਜੂ,
ਪਰ ਅੰਦਰ ਵਾਲਾ ਦੁੱਖ ਉਹਨਾਂ ਨੂੰ ਮੈਂ ਬੈਠ ਕਦੀ ਸੁਣਾਂ ਸਕਿਆ ਨਹੀਂ।

ਹਾਲਾਤ ਮਾੜੇ ਆਏ ਤੇ ਕਈ ਲੋਕ ਵੀ ਮਾੜੇ ਆਏ ਇਸ ਜਿੰਦਗੀ ਵਿਚ,
ਮੈਂ ਕੰਡਿਆ ਤੇ ਚੱਲਦਾ ਰਿਹਾ ਪਰ ਕਿਸੇ ਨੇ ਮੇਰੇ ਨੰਗੇ ਪੈਰਾਂ ਵੱਲ ਤੱਕਿਆ ਨਹੀਂ।

**ਜਸਪਾਲ ਸਿੰਘ ਮਹਿਰੋਕ,**
**ਸਨੌਰ (ਪਟਿਆਲਾ)।**

## ਜੀਅ ਰਿਹਾ ਹੈ ਕੋਈ

ਆਜ ਹੈ ਦੂਰ ਲੇਕਿਨ, ਦਿਲ ਕੇ ਪਾਸ ਭੀ ਰਿਹਾ ਹੈ ਕੋਈ।
ਕੋਈ ਖੁਸ਼ ਹੈ ਕਹੀਂ ਪੇ, ਕਹੀਂ ਜ਼ਖਮ ਸੀਅ ਰਿਹਾ ਹੈ ਕੋਈ।

ਬਹੁਤੀ ਦੇਰ ਮਤ ਕਰਨਾ ਸਨਮ, ਮਰ ਨਾ ਜਾਏਂ ਕਹੀਂ,
ਯਾਦ ਰੱਖਣਾ ਆਪ ਕੇ ਇੰਤਜ਼ਾਰ ਮੇਂ ਜੀਅ ਰਿਹਾ ਹੈ ਕੋਈ।

ਖਾਮੋਸ਼ ਹੈ ਜ਼ੁਬਾਂ ਤੋ ਮਗਰ, ਆਂਖੇਂ ਕਹਿ ਰਹੀ ਹੈਂ ਕੁਛ ਤੋ,
ਨਜਰੇਂ ਮਤ ਚੁਰਾਣਾ, ਆਂਖੋਂ ਹੀ ਆਂਖੋਂ ਮੇਂ ਪੀ ਰਿਹਾ ਹੈ ਕੋਈ।

ਕੈਸੇ ਬਤਾਓ ਜਾਣ  ਲੇ ਪਹਿਲੇ, ਕਿ  ਮੁਹੱਬਤ  ਹੈ ਜਾਂ ਨਹੀਂ,
ਬਿਨ  ਮਤਲਵ  ਬਦਨਾਮ  ਕਰ ਤੋ  ਨਈ ਰਿਹਾ ਹੈ ਕੋਈ।

ਹਮ ਨਾ ਜਾਣੇ 'ਪਾਲੀ' ਕਿ ਦਿਲ ਨੇ ਕਿਉਂ ਚਾਹਾ ਹੈ ਉਸੇ,
ਧੀਰੇ ਸੇ 'ਸ਼ੇਰੋਂ' ਵਾਲਿਆ ਕਰ ਹਲਚਲ ਸੀ ਰਿਹਾ ਹੈ ਕੋਈ।



**ਪਾਲੀ ਸ਼ੇਰੋਂ**, 97816 - 14217

## ਹਕੂਮਤ

ਖੇਡ ਰਹੇ ਸ਼ਤਰੰਜ ਓਹ ਅੰਦਰੋ ਅੰਦਰੀ ਸੋਚ ਰਹੇ।
ਬਣਕੇ ਲੂੰਬੜ ਜਿਊਂਦੀਆਂ ਹੀ ਜੋ ਲਾਸ਼ਾਂ ਨੋਚ ਰਹੇ।
ਆਮ ਬੰਦੇ ਨੂੰ ਠੱਗ ਰਿਹਾ ਵਿਆਜ ਹਕੂਮਤ ਦਾ।
ਏਦਾਂ ਚਲਦਾ ਜਨਤਾ ਉੱਤੇ ਰਾਜ ਹਕੂਮਤ ਦਾ।

ਡਾਂਗਾਂ ਲੈ ਕੇ ਕਿਰਤੀ ਨੂੰ ਧਰਨੇ ਤੇ ਕੁੱਟ ਰਹੇ।
ਇੱਕ ਦੂਜੇ ਤੇ ਗੱਲੀ ਬਾਤੀ ਚਿੱਕੜ ਸੁੱਟ ਰਹੇ।
ਕਾਂ ਬਣ ਗੰਦ ਫਰੋਲ ਰਿਹਾ ਦਗੇਬਾਜ ਹਕੂਮਤ ਦਾ।
ਏਦਾਂ ਚਲਦਾ ਜਨਤਾ ਉੱਤੇ ਰਾਜ ਹਕੂਮਤ ਦਾ।

ਪਿੰਜਰੇ ਪਾਏ ਤੋਤੇ ਰੱਟੀ  ਬੋਲੀ ਬੋਲ ਰਹੇ।
ਬੀਰਮੀ ਅੰਦਰ ਨਾਗ਼ ਬੈਠੇ ਜੋ ਜ਼ਹਿਰ ਈ ਘੋਲ ? ਰਹੇ।
ਅਫਵਾਹਾਂ ਵੰਡੀ ਜਾ ਰਿਹਾ ਕਲਾਬਾਜ ਹਕੂਮਤ ਦਾ।
ਏਦਾਂ ਚਲਦਾ ਜਨਤਾ ਉੱਤੇ ਰਾਜ ਹਕੂਮਤ ਦਾ।

ਜਾਤਾਂ ਪਾਤਾਂ ਨੇ ਮਾਰਤੀ  ਮੱਤ ਗਰੀਬਾਂ ਦੀ।
ਏਧਰ ਓਧਰ ਖਿੱਚ ਰਹੇ ਨੇ ਲੱਤ ਗਰੀਬਾਂ ਦੀ।
ਬੇ-ਗੈਰਤ ਸਿਰ ਸਜਿਆ ਐ ਬਈ ਤਾਜ ਹਕੂਮਤ ਦਾ।
ਏਦਾਂ ਚਲਦਾ ਜਨਤਾ ਉੱਤੇ ਰਾਜ ਹਕੂਮਤ ਦਾ।

ਝੂਠੇ ਪਰਚੇ ਪਾਕੇ ਧੰਨਿਆਂ ਜੇਲੀ ਡੱਕ ਰਹੇ।
ਮਿਲੀ ਭੁਗਤ ਨਾਲ ਮਜ਼੍ਹਬਾਂ ਦੇ ਪਕੌੜੇ ਪੱਕ ਰਹੇ।
ਵਿੱਚ ਘੜੇਲ ਦੇ ਰਿੱਝ ਰਿਹਾ ਸਮਾਜ ਹਕੂਮਤ ਦਾ।
ਏਦਾਂ ਚਲਦਾ ਜਨਤਾ ਉੱਤੇ ਰਾਜ ਹਕੂਮਤ ਦਾ।



**ਧੰਨਾ ਧਾਲੀਵਾਲ**

## ਗੱਲ

ਸਮੇਂ ਬਦਲੇ ਛੱਡ ਹੋਰ ਗੱਲਾਂ, ਕਰ ਨਵੇਂ ਜ਼ਮਾਨਿਆਂ ਦੀ ਗੱਲ,
ਨ ਸ਼ਿਕਵਾ ਨ ਕਰ ਗਿਲਾ, ਛੱਡ ਅਪਣੇ ਬੇਗਾਨਿਆਂ ਦੀ ਗੱਲ।

ਜ਼ਿੰਦਗੀ ਨਿੱਤ ਤੌਰ ਬਦਲੇ, ਕਰ ਬਦਲੇ ਪੈਮਾਨਿਆਂ ਦੀ ਗੱਲ,
ਅੱਖ ਦੱਬ ਕੇ ਛੱਡ ਤੂੰ ਤੀਰ, ਹੋਵੇ ਫਿਰ ਨਿਸ਼ਾਨਿਆਂ ਦੀ ਗੱਲ।

ਲੁੱਟ ਧਰਤ ਮਾਂ ਦੀ ਅਸਮਤ, ਕਰ ਭਰੇ ਖਜ਼ਾਨਿਆਂ ਦੀ ਗੱਲ,
ਜ਼ੁਲਮ ਸਹਿੰਦੇ ਪਰ ਨ ਝੁਕੇ, ਕਰ ਉਨ੍ਹਾਂ ਦੀਵਾਨਿਆਂ ਦੀ ਗੱਲ।

ਵਾਰੀ ਸੀ ਜਿੰਦ ਜਾਨ ਦੇਸ਼ ਤੋਂ, ਕਰ ਉਹ ਪਰਵਾਨਿਆਂ ਦੀ ਗੱਲ,
ਗਦਰ ਦੀ ਗੂੰਜ ਨੂੰ ਲੈ ਤੁਰੇ ਜੋ, ਦੂਰ ਅੰਦੇਸ਼ ਦਾਨਿਆਂ ਦੀ ਗੱਲ।

ਸਰਾਭਾ, ਅਸ਼ਫਾਕ, ਭਗਤ, ਰਾਜ, ਬੰਨ੍ਹੇ ਮੌਤ ਦੇ ਗਾਨਿਆਂ ਦੀ ਗੱਲ,
ਗਦਾਰ ਤਾਂ ਨਿੰਦੇ ਜਾਂਦੇ ਹਮੇਸ਼, ਕਰ ਤੂੰ ਸਨਮਾਨਿਆਂ ਦੀ ਗੱਲ।

ਹਿੱਕ ਡਾਹ ਲੜਨ ਸੂਰਮੇ ਸਦਾ, ਕਰ ਤੂੰ ਅਫ਼ਸਾਨਿਆਂ ਦੀ ਗੱਲ,
ਬੱਦਲ ਛੱਟਣੇ ਮੌਸਮ ਬਦਲਣੇ, ਕਰ ਨ ਹਰਜ਼ਾਨਿਆਂ ਦੀ ਗੱਲ।

ਕਾਬਜ਼ ਸਤਾ 'ਤੇ ਪ੍ਰਵਾਸੀ ਪੰਛੀ, ਕਰ ਤੂੰ ਬੇਜ਼ੁਬਾਨਿਆਂ ਦੀ ਗੱਲ,
ਵਾਧ-ਘਾਟ ਨਾਂਹੀ ਕਦੇ ਗਿਣੇ, ਹੋਵੇ ਘੋਲ਼ ਨੁਕਸਾਨਿਆਂ ਦੀ ਗੱਲ।

**ਸੇਵਾ ਸਿੰਘ 'ਨੂਰਪੁਰੀ'**

## ਸੁਲਗਦੇ ਅਹਿਸਾਸ

ਕਦੇ ਤਨਹਾਈ, ਕਦੇ ਬੇਰੁਖ਼ੀ 'ਤੇ ਕਦੇ ਮੁਹੱਬਤ ਵੀ ਬੇਪਨਾਹ ਮਿਲੀ,
ਸਾਨੂੰ ਤਾਂ ਬਸ ਐ ਜ਼ਿੰਦਗੀ! ਹਰ ਸਜ਼ਾ ਹੀ ਬੇਵਜ੍ਹਾ ਮਿਲੀ।

ਨਿਭਾਈ ਮੈਂ ਸਦਾ ਦਿਲ ਤੋਂ, ਬਣਦੀ ਹਰ ਭੂਮਿਕਾ ਮੇਰੀ,
ਬਦਨਸੀਬੀ ਕਿ ਨਜ਼ਰਅੰਦਾਜ਼ਗੀ ਹਮੇਸ਼ਾ ਮਿਲੀ।

ਦਫ਼ਨ ਕੀਤਾ ਏ ਸੀਨੇ ਵਿੱਚ, ਦਿੱਤਾ ਮਹਿਬੂਬ ਦਾ ਹਰ ਗਮ
ਨਾ ਫਿਰ ਵੀ ਓਸ ਦੇ ਦਿਲ ਵਿਚ, ਅਸਾਨੂੰ ਭੋਰਾ ਥਾਂ ਮਿਲੀ ।

ਤੜਪੇ ਹਾਂ ਵਾਂਗ ਮਾਰੂਥਲ, ਹਿਜਰ ਵਿਚ ਓਸਦੇ ਭਾਵੇਂ,
ਹੋਇਓ ਓਹ ਇੰਝ ਪੱਥਰ ਕਿ, ਨਾ ਜ਼ਰਾ ਵੀ ਪਰਵਾਹ ਮਿਲੀ।

**ਅਨੀਤਾ ਰਾਣੀ**

## ਨਵੀਂ ਸਕੂਟਰੀ

ਮੈਂ ਨਵੀਂ ਨਕੋਰ ਰੰਗ ਬਰੰਗੀ,
ਸਕੂਟਰੀ ਇੱਕ ਲਿਆਂਦੀ।
ਬਿਜਲੀ ਦੇ ਨਾਲ ਚਾਰਜ ਹੁੰਦੀ,
ਤੇਲ ਭੋਰਾ ਨਾ ਖਾਂਦੀ।

ਨਾ ਕੋਈ ਪ੍ਰਦੂਸ਼ਣ ਕਰਦੀ,
ਨਾ ਹੀ ਰੌਲਾ ਪਾਵੇ।
ਚੁੱਪ ਚਪੀਤੇ ਕੋਲ ਦੀ ਲੰਘੇ,
ਤੁਰਿਆ ਜਦ ਕੋਈ ਜਾਵੇ।

ਜੁਗਨੂੰ ਵਾਂਗੂੰ ਚਾਨਣ ਕਰਦੀ,
ਲੱਗਦੀ ਬੜੀ ਪਿਆਰੀ।
ਹਵਾ ਦੇ ਬੁੱਲੇ ਵਾਂਗਰ ਦੌੜੇ,
ਉੱਡਦੀ ਜਿਉਂ ਫੁੱਲਕਾਰੀ।

ਰਾਤੀਂ ਉਸਨੂੰ ਚਾਰਜ ਕਰਕੇ,
ਸਾਰਾ ਦਿਨ ਚਲਾਵਾਂ।
ਗੇਅਰ ਉਸ ਦੇ ਕੋਈ ਨੀਂ ਪੈਂਦਾ,
ਰੇਸ ਦੇ ਨਾਲ ਭਜਾਵਾਂ।

ਅੱਗੇ ਸੀ ਸਾਇਕਲ ਚਲਾਉਂਦੇ,
ਉਹ ਵੀ ਹੁਣ ਘੱਟਗੇ।
ਨੌਜਵਾਨ ਕੀ ਸਭ ਬੱਚੇ ਬੁੱਢੇ ,
ਪੈਦਲ ਤੁਰਨੋ ਹੱਟਗੇ।

ਤਾਹੀਂ ਹੁਣ ਬਿਮਾਰੀਆਂ ਵਧੀਆ,
ਘਰ ਘਰ ਪਈ ਦਵਾਈ।
ਸੁੱਖ ਵੱਧ, ਤੰਦਰੁਸਤੀ ਘੱਟ ਗਈ,
ਪੱਤੋ, ਜਾਂਦੇ ਗੁਲੂਕੋਜ਼ ਲਵਾਈ।

**ਹਰਪ੍ਰੀਤ ਪੱਤੋ**
94658-21417

## ਬਾਹਰ ਜਾਣ ਦਾ ਭੂਤ !

ਭੇਜਿਆ ਰੱਬ ਨੇ ਐਸਾ ਦੂਤ
ਕਰਦਾ ਸਭਨਾਂ ਦੇ ਕੰਮ ਸੂਤ
ਮਾਰੇ ਸਿਰ ਚ ਸੁੱਕਾ ਜੂਤ
ਕੱਢਦਾ ਦਿਨੇ ਰਾਤ ਉਹ ਭੂਤ
ਜੀ ਵਡਭਾਗ ਸਿਉਂ !
ਆਹੋ ਜੀ ਵਡਭਾਗ ਸਿਉਂ !!
ਖਾੜਕੂਵਾਦ ਜਦੋਂ ਸੀ ਆਇਆ
ਬਣ ਕੇ ਇੱਥੇ ਰਿਫਿਊਜੀ ਆਇਆ
ਮਿਲਦੀ ਹਰ ਮਹੀਨੇ ਮਾਇਆ
ਐਸਾ ਕੈਨੇਡਾ ਸਵਰਗ ਦਿਖਾਇਆ
ਬੱਲੇ ਜੀ ਵਡਭਾਗ ਸਿਉਂ !
ਆਹੋ ਜੀ ਵਡਭਾਗ ਸਿਉਂ !!
ਬਣਾਈ ਅੰਦਰ ਬਹਿ ਸਕੀਮ
ਲਿਔਣੀ ਪੰਜਾਬ ਤੋਂ ਕਿਵੇਂ ਅਫੀਮ
ਅੰਦਰੋਂ ਕੱਟੀ ਬੀੜ ਤੇ ਸੀਣ
ਕਰੋੜਾਂ ਖੱਟ ਕੇ ਲਈ ਜ਼ਮੀਨ
ਓ ਵਡਭਾਗ ਸਿਉਂ !
ਹੈਗੇ ਨੇ ਵਡਭਾਗ ਸਿਉਂ !!
ਤੋੜਨ ਘਰੇ ਨ ਕੰਮ ਦੇ ਡੱਕੇ
ਘਰਦਿਆਂ ਤੋਰਤੇ ਮਾਰ ਕੇ ਧੱਕੇ
ਛਾ ਗਏ ਵਿੱਚ ਕੈਨੇਡਾ ਯੱਕੇ
ਜਾਣਾ ਹੋ ਅਸੀ ਵੀ ਪੱਕੇ
ਸ਼ਾਵਾ ਬਈ ਵਡਭਾਗ ਸਿਉਂ !
ਬੱਲੇ ਬਈ ਵਡਭਾਗ ਸਿਉਂ !!
ਹੁਸਨ ਪੰਜਾਬ ਦਾ ਸੱਭ ਨੂੰ ਠੱਗੇ
ਉਤੋਂ ਹਵਾ ਪੱਛੋਂ ਦੀ ਵੱਗੇ
ਗਈਆਂ ਲਹਿ ਸਲਵਾਰਾਂ ਝੱਗੇ
ਪੰਜ ਸੌ ਇੱਕ ਰਾਤ ਦਾ ਲੱਗੇ
ਓ ਵਡਭਾਗ ਸਿਉਂ!
ਹਾਇ ਓਇ ਵਡਭਾਗ ਸਿਉ !!
ਝੂਟਿਆ ਨਿਆਣੀ ਉਮਰ ਪੰਘੂੜਾ
ਖੁਲ ਗਈ ਗੁੱਤ ਤੇ ਖੁੱਲਿਆ ਜੂੜਾ
ਲਾ ਲੀ ਸੁਰਖ਼ੀ ਲਾਲ ਰੰਗ ਗੂੜ੍ਹਾ
ਜਾਂਦੀ ਕਾਲਜ ਪਾ ਕੇ ਚੂੜਾ
ਲੱਗੇ ਵਿਰਕ ਦਾ ਕਹਿਆ ਕੂੜਾ
ਜੀ ਵਡਭਾਗ ਸਿਉ!
ਆਹੋ ਜੀ ਵਡਭਾਗ ਸਿਉਂ!!
ਥਾਂ ਥਾਂ ਪੁੱਛਾਂ ਦਿੰਦੇ ਫਿਰਦੇ
ਲੋਕੀ ਵਿੱਚ ਇਨਾ ਦੇ ਘਿਰਦੇ
ਸੈੱਲ ਕੰਮ ਨ ਕਰਦੇ ਸਿਰ ਦੇ
ਆਏ ਕੈਨੇਡਾ ਬਹੁਤੇ ਚਿਰ ਦੇ
ਓ ਵਡਭਾਗ ਸਿਉਂ !
ਸ਼ਾਵਾ ਜੀ ਵਡਭਾਗ ਸਿਉਂ !!
ਸਰਾਹਣਾ ਗੁਰੂ ਦੇ ਅੱਗੇ ਟਿਕਾਇਆ
ਭੈਣ ਭਰਾ ਨੇ ਵਿਆਹ ਰਚਾਇਆ
ਪੱਕਾ ਭਰਾ ਕੈਨੇਡਾ ਆਇਆ
ਸਾਰੇ ਟੱਬਰ ਸ਼ੁਕਰ ਮਨਾਇਆ
ਹੈਂ ? ਵਡਭਾਗ ਸਿਉਂ!
ਆਹੋ ਜੀ ਵਡਭਾਗ ਸਿਉਂ !!
ਵੱਗ ਨੇ ਆਹ ਸਾਧਾਂ ਦੇ ਆਏ
ਖਾ ਖਾ ਢਿੱਡ ਨੇ ਬਹੁਤ ਵਧਾਏ
ਜੋੜਨ ਰੱਬ ਨਾਲ ਰੱਬ ਦੇ ਜਾਏ
ਡਾਲਰ ਮੀਂਹ ਦੇ ਵਾਂਗ ਵਰ੍ਹਾਏ
ਵਾਹ ਵਾਹ ਜੀ ਵਡੇਭਾਗ ਸਿਉਂ !
ਬੱਲੇ ਜੀ ਵਡਭਾਗ ਸਿਉਂ !!
ਆ ਗਏ ਕਰਨ ਬੁੱਢੇ ਵੀ ਸੈਰ
ਜਿਹੜੇ ਗਏ ਕਦੇ ਨੀ ਸ਼ਹਿਰ
ਧਰਿਆ ਆਣ ਕੈਨੇਡਾ ਪੈਰ
ਕੰਮ ਤੇ ਲਾਏ ਕੱਢਿਆ ਨੂੰਹ ਨੇ ਵੈਰ
ਵਡਭਾਗ ਸਿਉਂ ?
ਜੀ ਜੀ ਵਡਭਾਗ ਸਿਉ !!
ਉਹ ਤਾਂ ਧੀ ਹੈ ਉੱਚੇ ਘਰ ਦੀ
ਸ਼ਿਫਟਾਂ ਦੋ ਦੋ ਵੀ ਹੈ ਕੰਮ ਕਰਦੀ
ਇੱਜ਼ਤ ਮਾਂ ਬਾਪ ਦੀ ਕਰਦੀ
ਨਾਲੇ ਪੜ੍ਹਦੀ, ਟੁੱਟ ਟੁੱਟ ਮਰਦੀ
ਵੱਡੇ ਭਾਗ ਜਿਉਂ!
ਬੱਲੇ ਜੀ ਵੱਡੇ ਭਾਗ ਜਿਉਂ !!
ਛੱਡ ਪੰਜਾਬਾ ਆ ਗਏ ਬਾਹਰ
ਬੰਨੀ ਸਿਰ ਸੋਹਣੀ ਦਸਤਾਰ
ਪੜ੍ਹਦੇ ਖ਼ੂਬ ਕਮਾਉਂਦੇ ਕਾਰ
ਐਸੇ ਹੈ ਬਹੁਤੇ ਸਰਦਾਰ
ਵੱਡੇ ਭਾਗ ਜਿਉਂ!
ਬੱਲੇ ਨੇ ਵਡਭਾਗ ਜਿਉਂ!!
ਜਿੱਥੇ ਮਰਜ਼ੀ ਜਾ ਕੇ ਰਹਿ ਲਉ
ਜੋ ਜੋ ਮਰਜ਼ੀ ਕਿੱਤੇ ਲੈ ਲਉ
ਸੱਚ ਬਿਨਾਂ ਨ ਇੱਜ਼ਤ ਕਹਿ ਲਉ
ਪੈਸੇ ਖਾਤਿਰ ਈਮਾਨ ਨ ਬੈਅ ਲਉ
ਜੇ ਵਡਭਾਗ ਸਿਉਂ!
'ਵਿਰਕ ਜੀ' ਵੱਡੇ ਭਾਗ ਸਿਉਂ!!



-ਸੁਰਜੀਤ ਸਿੰਘ ਵਿਰਕ ਕੈਨੇਡਾ
1-604-618-1799

## ਦਲਿਤ ਦੇਸ਼ ਦੇ ਉੱਚੇ ਲੋਗ

ਭਾਰਤ ਮਾਂ ਤੂੰ ਵੀ ਤਾਂ
ਦਲਿਤ ਅਬਲਾ ਔਰਤ ਜਾਪੇ
ਜਾਣਦੀ ਤੇਰੀ ਪੀੜਾ, ਹਰ ਜਾਗਦੀ ਔਰਤ
ਗਰੀਬ ਮਜਬੂਰ ,
ਸਮਾਜ ਦੀ ਲਤੜੀ ਹਰ ਔਰਤ ਕਹੇ
ਭਾਰਤ ਮਾਂ, ਤੇਰੀ ਪੀੜਾ ਮੇਰੀ ਪੀੜਾਂ ਜਾਪੇ
ਅਹਿਸਾਸ ਹੁੰਦਾ ਮੈਨੂੰ
ਇਹ ਦਰਦ ਤੇਰਾ, ਮੈਨੂੰ ਮੇਰਾ ਦਰਦ ਜਾਪੇ
ਕਿਤੇ ਭਾਵਨਾਵਾਂ ਤੇ ਤਾਨੇ,
ਕਿਤੇ ਰੂਹਾਂ ਤੇ ਵਾਰ
ਕਿਤੇ ਸ਼ਰੀਰੋਂ ਕਤਲ,
ਕਿਤੇ ਦਬਾਈ ਆਵਾਜ਼
ਅਬਲਾ ਤੂੰ ਤੇ ਅਬਲਾ ਮੈਂ,

ਤੇਰੀ ਹੱਦ ਅੰਦਰ ਸਭ ਤੇਰੇ ਪੁੱਤਰ
ਚਾਹੇ ਰਜਵਾੜੇ, ਸਰਦਾਰ,
ਮਜ਼ਦੂਰ ਕਿਸਾਨ ਝੂਠੇ ਸ਼ਾਸਕ,
ਸਮਾਜ ਸਹੀ ਨਿਰਣੇ ਲੈਣ ਨਾ ਦੇਣ ਦੱਲੇ ਲੋਕ,
ਸਭ ਤੇਰੇ ਨੇ ਪੁੱਤਰ
ਗਵਾਰ, ਅਗਿਆਨੀ, ਅਨਪੜ੍ਹ
ਇਲਮੀ, ਚਤੁਰ, ਗਿਆਨੀ, ਸਿਆਣੇ
ਸਭ ਤੇਰੇ ਹੀ ਤਾਂ ਪੁੱਤ ਨੇ
ਆਪਣੇ ਹੀ ਹੱਕ ਦਾ ਸਮਾਜ ਸਿਰਜਕੇ
ਖ਼ੁਦ ਨੂੰ ਉਸੇ ਚ ਲੁਕਾਉਣ
ਤਾਂਹੀਓਂ ਭਾਰਤ ਮਾਂ ਤੂੰ ਵੀ ਦਲਿਤ

ਪਾਈ ਭਸੂੜੀ ਸਭ ਤੇਰੇ ਹੀ ਬੇਹੁਦਰੇ ਪੁੱਤਰਾਂ
ਨਲਾਇਕ ਰਾਜੇ, ਸੁੱਤੀ ਪਰਜਾ।
ਮਰੀਆਂ ਜ਼ਮੀਰਾਂ, ਪੈਰ ਨਾ ਜਿਨ੍ਹਾਂ ਦੇ
ਤੇਰੀ ਗੁਲਾਮੀਂ ਦੀ ਬੇੜੀ ਗੰਢਣ 'ਚ ਵਿਅਸਥ ਸਾਰੇ
ਕਰਨਗੇ ਸਵੀਕਾਰ ਸੁੱਤੇ ਤੇ ਮੋਏ
ਕੋਈ ਬਾਹਰੀ ਅਧੀਨਤਾ,
ਤੂੰ ਗਰੀਬੜੀ ਦਲਿਤ ਘਰ ਜਿਹੀ
ਉਂਜ ਕੀਤੀ ਤੇਰੇ ਰਜਵਾੜੇ ਪੁੱਤਾਂ,
ਤਾਂਹੀਓਂ, ਭਾਰਤ ਮਾਂ ਤੂੰ ਵੀ ਦਲਿਤ ਅਬਲਾ

ਸ਼ਹੀਦ ਪੁੱਤਾਂ ਦੀ ਕੁਰਬਾਨੀ,
ਯਾਦ ਕਰ ਤੂੰ ਅੱਥਰੂ ਵਹਾਉਦੀ ਹੋਣੀ
ਉਹਨਾਂ ਹੀ ਪੁੱਤਰਾ ਦੀ,
ਵਾਪਸੀ ਤੂੰ ਚਾਹੁੰਦੀ ਹੋਣੀ
ਮਰਦ ਅਗੰਮੜੇ ਦੀ ਪਰਛਾਈ ਭਾਲਦੀ ਹੋਣੀ
ਮਜਬੂਰ ਅਬਲਾ ਵੀ ਤਾਂ
ਉਸੇ ਨੂੰ ਭਾਲਦੀ,
ਮਿਲੇ ਥਾਪਣਾ ਤਾਂ ਮਾਈ ਭਾਗੋ
ਬਨਣਾ ਜਾਣਦੀ
ਜਿਨ੍ਹਾਂ ਮਿਹਨਤਕਸ਼,
ਔਰਤਾਂ ਤੇ ਜਾਨਵਰ ਨੂੰ
ਇੱਕ ਜਗ੍ਹਾ ਦਿੱਤੀ
ਇਨਸਾਨੀਅਤ ਤੋਂ ਉਹਨਾਂ ਦੀ
ਭਰਮਾਰ ਹੋ ਗਈ
ਚਹੁੰ ਵਰਨਾਂ ਚ ਵੰਡੇ ਜੋ,
ਗਲ ਕਰਦੇਂ ਨਾ ਬਰਾਬਰਤਾ ਦੀ
ਬਾਜਾਂ ਵਾਲੇ ਦੇ ਫਰਮਾਨ ਭੁਲੇ,
ਲਾਉਣ ਕੌਰ ਸਿੰਘ ਮਗਰ
ਪੂੰਛ ਮਨੂੰ ਦੇ ਵਿਚਾਰ ਦੀ
ਕੀ ਕਰੀਏ ਸੁਧਾਰ ਤੂੰ ਤੇ ਮੈਂ
ਜਿਨ੍ਹਾਂ ਨਾਨਕ,
ਬੁੱਧ ਦੀ ਪੇਸ਼ ਨਾ ਜਾਣ ਦਿੱਤੀ
ਤਾਂਹੀਓਂ,
ਭਾਰਤ ਮਾਂ ਤੂੰ ਵੀ ਦਲਿਤ
ਅਬਲਾ ਔਰਤ ਜਾਪਦੀ



ਨਵਜੋਤਕੌਰ ਨਿਮਾਣੀ

## ਸਰਕਸ

ਰਾਜਨੀਤੀ ਹੁਣ ਬਣ ਗਈ ਸਰਕਸ
ਨਿੱਤ ਨਵੇਂ ਮਦਾਰੀ ਆਉਂਦੇ ਨੇ

ਹੱਥਾਂ ਦੇ ਵਿਚ ਫੜ੍ਹਕੇ ਝੰਡੇ
ਵੇਖੋ ਕਿੰਜ ਖੇਡਾ ਪਾਉਂਦੇ ਨੇ

ਵੋਟਾਂ ਵੇਲੇ ਪੈਰੀਂ ਡਿੱਗਦੇ
ਮਗਰੋਂ ਪੈਰੀਂ ਹੱਥ ਲਵਾਉਂਦੇ ਨੇ

ਕੰਮ ਸਾਰੇ ਇਹ ਕਰਦੇ ਕਾਲੇ
ਪਰ ਕੁੜਤੇ ਚਿੱਟੇ ਪਾਉਂਦੇ ਨੇ

ਕਰਨਾ ਧਰਨਾ ਕੁਝ ਨਹੀਂ ਹੁੰਦਾ
ਗੱਲਾਂ ਦੇ ਮਹਿਲ ਬਣਾਉਂਦੇ ਨੇ

ਸੰਸਦ ਦੇ ਵਿਚ ਰੌਲਾ ਪਾਕੇ
ਖ਼ਾ ਪੀ ਕੇ ਘਰ ਮੁੜ ਆਉਂਦੇ ਨੇ

ਸਾਰੇ ਵਿਹਲੜ ਇੱਕਠੇ ਹੋਕੇ
ਕੁਰਸੀ ਨੂੰ ਜੱਫੀਆਂ ਪਾਉਂਦੇ ਨੇ

ਕਈ ਨਿਰੇ ਹੀ ਅੱਤ ਦੋਸਤੋ
ਚੁਟਕਲੇ ਖ਼ੂਬ ਸੁਣਾਉਂਦੇ ਨੇ

ਵੇਖ਼ ਕੇ ਨਿੱਤ ਹੀ ਚੋਜ ਨਿਰਾਲੇ
ਹਾਸੇ ਦੀਪ ਨੂੰ ਸੱਚੀਂ ਆਉਂਦੇ ਨੇ



ਅਮਨਦੀਪ ਕੌਰ
9877654596

## .ਗਜ਼ਲ

ਮੇਰੀ ਮੰਜ਼ਿਲ ਮੁਹੱਬਤ ਹੈ।
ਜ਼ਮਾਨਾ ਬੇ-ਮੁਰੱਵਤ ਹੈ।

ਬਿਖਰ ਕੇ ਵੀ ਖੜ੍ਹੇ ਸਾਬਤ,
ਇਹ ਮੇਰੇ ਰੱਬ ਦੀ ਰਹਿਮਤ ਹੈ।

ਸ਼ਮ੍ਹਾਂ ਲਈ ਮਰਨ ਪਰਵਾਨੇ,
ਖ਼ੁਦਾ! ਕੇਹੀ ਇਹ ਉਲਫ਼ਤ ਹੈ।

ਮੁਹੱਬਤ ਹੈ ਗੁਨਾਹ ਤਾਂ ਫਿਰ,
ਦਿਲਾਂ ਨੂੰ ਕਿਉਂ ਇਜਾਜ਼ਤ ਹੈ।

ਹਕੀਕੀ ਰੰਗ 'ਚ ਰੰਗ ਜਾਵੇ,
ਨਿਭਾਉਂਦਾ ਜੋ ਸਦਾਕਤ ਹੈ।

ਤਵੰਗਰੀ ਇਸ਼ਕ ਦੀ ਐਨੀ,
ਤਾਂ ਹੀ ਤਾਂ ਸਬਰ ਦੀ ਕੁਰਬਤ ਹੈ।

ਮੁਹੱਬਤ ਦਾ ਮੁਜੱਸਮਾ ਹਾਂ,
ਤੇ ਨਫ਼ਰਤ ਸੰਗ ਅਦਾਵਤ ਹੈ।

ਖ਼ੁਦਾ ਦੀਆਂ ਖ਼ੁਦਾ ਜਾਣੇ,
ਜੋ 'ਅੰਜੂ' ਦੀ ਸ਼ਨਾਖ਼ਤ ਹੈ।



ਅੰਜੂ ਸਾਨਿਆਲ

## ਮੁੱਦਾ

ਮੁੱਦੇ ਦੇ ਵਿੱਚ ਮੁੱਦਾ ਵਾੜੀ ਫਿਰਦੇ ਹਾਂ
ਅਸੀਂ ਤਾਂ ਐਵੇਂ ਆਪਾਂ ਸਾੜੀ ਫਿਰਦੇ ਹਾਂ!!

ਮਸਲਾ ਤਾਂ ਸੀ ਓਹਦੇ ਦਿਲ ਨੂੰ ਜਿੱਤਣ ਦਾ
ਅਸੀਂ ਤਾਂ ਆਪਣਾ ਦਿਲ ਹੀ ਹਾਰੀ ਫਿਰਦੇ ਹਾਂ!!

ਓਹਦੇ ਘਰ ਨੂੰ ਮਹਿਲਾਂ ਵਾਂਗ ਸਜਾਵਣ ਲਈ
ਅਸੀਂ ਤਾਂ ਆਪਣਾ ਆਪ ਉਜਾੜੀ ਫਿਰਦੇ ਹਾਂ!!

ਓਹ ਤਾਂ ਸਾਨੂੰ ਨਜ਼ਰ ਉਠਾ ਕੇ ਤੱਕਦਾ ਈ ਨਹੀਂ
ਅਸੀਂ ਫੇਰ ਵੀ ਉਸਤੋਂ ਆਪਾਂ ਵਾਰੀ ਫਿਰਦੇ ਹਾਂ!!


ਅੱਕਾ ਤੋਂ ਵੱਧ ਓਹਦੇ ਬੋਲ ਕੁਸੈਲੇ ਨੇ
ਅਸਾਂ ਤਾਂ ਇਸ਼ਕ ਦੀ ਚਾਹਣੀ ਕਾੜੀ ਫਿਰਦੇ ਹਾਂ!!

ਓਹਦੇ ਪੱਥਰ ਵਰਗੇ ਸੀਨੇ ਤੇ ਕੋਈ ਅਸਰ ਨਹੀਂ
ਅਸੀਂ ਹੰਜੂਆਂ ਦੇ ਨਾਲ ਚਿਹਰਾ ਖਾਰੀ ਫਿਰਦੇ ਹਾਂ!!

ਇੱਕ ਦਿਨ ਆਉਣਗੇ ਸਾਡੇ ਓਹ ਜਨਾਜੇ ਤੇ
ਚਲ ਇਹੀ ਸੋਚ ਕੇ ਆਂਦਰ ਠਾਰੀ ਫਿਰਦੇ ਹਾਂ!!

ਮੁੱਦੇ ਦੇ ਵਿੱਚ ਮੁੱਦਾ ਵਾੜੀ ਫਿਰਦੇ ਹਾਂ
ਅਸੀਂ ਤਾਂ ਐਵੇਂ ਆਪਾਂ ਸਾੜੀ ਫਿਰਦੇ ਹਾਂ!!

ਸਰਬਜੀਤ ਕੌਰ ਹਾਜੀਪੁਰ
ਸ਼ਾਹਕੋਟ



## ਸੜਕ ਦੇ ਨਿਯਮ

ਸੜਕ ਉੱਤੇ ਜਦ ਵੀ ਜਾਈਏ,
ਬੱਚਿਓ ਇਹ ਨਿਯਮ ਬਣਾਈਏ।
ਹਮੇਸ਼ਾ ਖੱਬੇ ਪਾਸੇ ਤੁਰੀਏ,
ਸੱਜੇ ਹੱਥ ਉੱਤੋ ਦੀ ਮੁੜੀਏ।
ਮੋਟਰਸਾਈਕਲ ਜਾਂ ਹੋਵੇ ਕਾਰ,
ਕਦੇ ਨਾ ਚਲਾਓ ਸੜਕ ਵਿਚਕਾਰ।
ਜਦ ਵੀ ਕਿਸੇ ਤੋਂ ਅੱਗੇ ਲੰਘਣਾ,
ਨਾਲ ਇਸ਼ਾਰੇ ਰਸਤਾ ਮੰਗਣਾ।
ਕਾਗਜ਼ ਪੱਤਰ ਰੱਖੀਏ ਪੂਰੇ,
ਹੋਵੇ ਚਲਾਨ ਜਦ ਹੋਣ ਅਧੂਰੇ।
ਬਹੁਤੀ ਤੇਜ ਨਾ ਗੱਡੀ ਭਜਾਇਓ,
ਲਾਪ੍ਰਵਾਹੀ ਨਾ ਕਦੇ ਦਿਖਾਇਓ।
ਚੌਕ ਵਿੱਚ ਜੋ ਖੜ੍ਹਾ ਸਿਪਾਹੀ,
ਨੀਲੀ ਚਿੱਟੀ ਵਰਦੀ ਪਾਈ।
ਨਾਲ ਇਸ਼ਾਰੇ ਹੈ ਸਮਝਾਉਂਦਾ,
ਗਲ ਵਿੱਚ ਪਾਈ ਸੀਟੀ ਵਜਾਉਦਾ।
ਲਾਲ ਬੱਤੀ ਹੈ ਜਦ ਵੀ ਜਗਦੀ,
ਵਹੀਕਲਾਂ ਦੀ ਲਾਈਨ ਹੈ ਲੱਗਦੀ।
ਪੀਲੀ ਕਹੇ ਹੁਣ ਹੋ ਜਾਓ ਤਿਆਰ,
ਹਰੀ ਜਗਣ ਤੇ ਸੜਕ ਕਰੋ ਪਾਰ।
ਬੱਚਿਓ ਇਹ ਨਿਯਮ ਅਪਨਾਇਓ,
ਪੱਤੋ, ਕਦੇ ਨਾ ਧੋਖਾ ਖਾਇਓ।

ਹਰਪ੍ਰੀਤ ਪੱਤੋ
94658-21417

## ਸੁੰਨੀਆਂ ਪਈਆਂ ਸਬਾਤਾਂ

ਕਿਸ ਪਾਸੇ ਵੱਲ ਤੁਰ ਪਈ ਦੁਨੀਆਂ
ਪੈ ਗਈ ਅੱਜ ਕੁਰਾਹੇ
ਵੇਚ ਜਮੀਨਾਂ ਬੰਗਲੇ ਪਾ ਲਏ
ਅੱਡੀਆਂ ਚੁੱਕ ਲਏ ਫਾਹੇ
ਦਿਨੇ ਚੈਨ ਨਾ ਮਿਲਦਾ ਕਿਧਰੇ
ਨੀਂਦ ਨਾ ਆਵੇ ਰਾਤਾਂ ਨੂੰ
ਰੋ ਪੈਂਦਾ ਦਿਲ ਦੇਖ ਪੁਰਾਣੀਆਂ
ਸੁੰਨੀਆਂ ਪਈਆਂ ਸਬਾਤਾਂ ਨੂੰ

ਕਰ ਕਰ ਖ਼ਰਚ ਕਰੋੜਾਂ ਇੱਥੇ
ਜਿੰਦੇ ਲਾ ਪਰਦੇਸੀ ਤੁਰਗੇ
ਬੁੱਢੇ ਮਾਪਿਆਂ ਨੇ ਜੋ ਦੇਖੇ
ਚਾਅ ਸਧਰਾਂ ਸਭ ਖੁਰਗੇ
ਲੰਘਿਆ ਸਮਾਂ ਸੁਧਾਰ ਨਾ ਹੋਣਾ
ਵਿਗੜੇ ਹੋਏ ਹਾਲਾਤਾਂ ਨੂੰ
ਰੋ ਪੈਂਦਾ ਦਿਲ ਦੇਖ ਪੁਰਾਣੀਆਂ
ਸੁੰਨੀਆਂ ਪਈਆਂ ਸਬਾਤਾਂ ਨੂੰ

ਜਦ ਨਾਲ ਲਾਹੌਰੀ ਇੱਟਾਂ ਦੇ
ਦਰਵਾਜ਼ਾ ਕੋਈ ਬਣਾਉਂਦੇ ਸੀ
ਪਾ ਘੁੱਗੀਆਂ ਮੋਰ ਗਟਾਰਾਂ ਉੱਪਰ
ਦੁਲਹਨ ਵਾਂਗ ਸਜਾਉਂਦੇ ਸੀ
ਭਾਂਤ ਭਾਂਤ ਦੇ ਰੰਗਾਂ ਨਾਲ
ਸਜਾ ਦਿੰਦੇ ਸਨ ਡਾਟਾਂ ਨੂੰ
ਰੋ ਪੈਂਦਾ ਦਿਲ ਦੇਖ ਪੁਰਾਣੀਆਂ
ਸੁੰਨੀਆਂ ਪਈਆਂ ਸਬਾਤਾਂ ਨੂੰ

ਰਿਸ਼ਤਿਆਂ ਦਾ ਸਨਮਾਨ ਸੀ ਕਰਦੇ
ਵੱਡੇ ਬਜ਼ੁਰਗਾਂ ਕੋਲੋ ਡਰਦੇ
ਸੀਨੇ ਵਿੱਚ ਦਬਾ ਲੈਂਦੇ ਸੀ
ਨਹੀ ਖੋਲ੍ਹਦੇ ਗੁੱਝੇ ਪਰਦੇ
ਵਿੱਚ ਘਰਾਂ ਸੁਲਝਾ ਲੈਂਦੇ ਸੀ
ਨਿੱਕੀਆਂ ਨਿੱਕੀਆਂ ਬਾਤਾਂ ਨੂੰ
ਰੋ ਪੈਂਦਾ ਦਿਲ ਦੇਖ ਪੁਰਾਣੀਆਂ
ਸੁੰਨੀਆਂ ਪਈਆਂ ਸਬਾਤਾਂ ਨੂੰ

ਇੱਕ ਵਿਹੜੇ ਵਿੱਚ ਜੋੜ ਜੋੜਕੇ
ਮੰਜਿਆਂ ਨੂੰ ਡਾਹ ਲੈਂਦੇ ਸੀ
ਜਾਨ ਵਾਰਦੇ ਇੱਕ ਦੂਜੇ ਤੋ
ਸਾਹਾਂ ਵਿੱਚ ਸਾਹ ਲੈਂਦੇ ਸੀ
ਅੱਜ ਕੱਲ੍ਹ ਪੈਰਾਂ ਥੱਲੇ ਰੋਲੇ
ਹਰ ਕੋਈ ਜਜ਼ਬਾਤਾਂ ਨੂੰ
ਰੋ ਪੈਂਦਾ ਦਿਲ ਦੇਖ ਪੁਰਾਣੀਆਂ
ਸੁੰਨੀਆਂ ਪਈਆਂ ਸਬਾਤਾਂ ਨੂੰ

ਹੁਣ ਤਾਂ ਪੱਲੇ ਹੈਂਕੜ ਰਹਿ ਗਈ
ਬੰਦਾ ਫਿਰਦਾ ਚੁੱਕੀ ਏ
'ਸੁਖਚੈਨ' ਰਹਿ ਗਈ ਨਫਰਤ ਇੱਥੇ
ਦਿਲੋਂ ਮੁੱਹਬਤ ਮੁੱਕੀ ਏ
ਖਤਮ ਹੋ ਗਏ ਰਿਸ਼ਤੇ ਨਾਤੇ
ਕੌਣ ਜਾਣੇ ਅੰਗ ਸਾਕਾਂ ਨੂੰ
ਰੋ ਪੈਂਦਾ ਦਿਲ ਦੇਖ ਪੁਰਾਣੀਆਂ
ਸੁੰਨੀਆਂ ਪਈਆਂ ਸਬਾਤਾਂ ਨੂੰ



ਸੁਖਚੈਨ ਸਿੰਘ ਚੰਦ ਨਵਾਂ

## ਮੇਰੀ ਮੰਜ਼ਿਲ

ਮੇਰੀ ਮੰਜ਼ਿਲ
ਅਤੇ ਖ਼ੁਆਬਾਂ ਦੀ ਕਹਾਣੀ
ਬੱਸ ਖਾਬਾਂ ਤੀਕਰ ਸਹਿਮਤ ਰਹੀ
ਇਕੱਲਾਪਣ ਵੱਢ ਵੱਢ
ਖਾਣ ਸਤਾਉਣ ਲੱਗਾ
ਬੇਬਸੀ ਦੀ ਅੱਗ ਅੰਦਰ
ਸਿੱਲ੍ਹੀ ਲੱਕੜ ਵਾਂਗੂ
ਧੁੱਖਦੀ ਚਲੀ ਗਈ
ਉਸਨੂੰ ਕਦੋਂ ਹੋਵੇਗਾ
ਮੇਰੀ ਵਫ਼ਾ ਦਾ
ਅਹਿਸਾਸ
ਕੀ ਅਖਾਂ
ਆਪਣੇ ਇੰਤਜ਼ਾਰ ਨੂੰ
ਮੈਂ ਤੇ ਮੇਰੀ ਤਨਹਾਈ
ਪ੍ਰੇਮ ਦੇ ਧਾਗੇ ਵਿਚ
ਹਮੇਸ਼ਾਂ ਉਲਝੇ ਰਹੇ
ਜਿੱਧਰ ਦੇਖਿਆ ਹੈ
ਮੁਹੱਬਤ ਦਾ ਨਹੀਂ
ਗ਼ਮਾਂ ਦਾ ਸੈਲਾਬ ਹੀ ਮਿਲਿਆ
ਹੰਝੂਆਂ ਦੀ ਝੜੀ
ਬਿਨਾਂ ਸਾਵਣ ਦੇ
ਆ ਕੇ ਗਲਵਕੜੀ ਪਾ ਬਹਿੰਦੀ
ਆਸਾਂ ਦਾ ਕਾਫ਼ਿਲਾ
ਆਪਣੀ ਮੰਜ਼ਿਲ ਦੀ ਤਲਾਸ਼ ਵਿਚ
ਚਾਰ ਚੁਫੇਰੇ ਭਟਕਦਾ
ਕਦੇ ਕਦੇ
ਇੰਜ ਜਾਪਦਾ
ਉੱਪਰ ਵਾਲਾ ਨਾਲ ਮੇਰੇ
ਸ਼ਾਇਦ
ਸਾਜ਼ਿਸ਼ ਦੀ ਤਾਂਘ ਅੰਦਰ ਹੋਏ
ਮੇਰੀ ਖ਼ੁਸ਼ੀਆਂ ਨੂੰ
ਕੈਦ ਕਰ ਰੱਖਿਆ ਹੋਵੈ
ਇਹ ਭਰਮ
ਆਪ ਹੀ ਪਾਲ ਬੈਠੀ ਹਾਂ
ਜ਼ਖਮਾਂ ਅੰਦਰ
ਛਿਪਿਆ ਚਿਹਰਾ ਚੰਦ ਵਰਗਾ
ਓਹਦਾ, ਭੁੱਲੀ ਕਿਥੇ ਹਾਂ
ਡੂੰਘਾ ਹਸਰਤਾਂ ਦਾ ਅਸਰ ਏ
ਓਹਦੀਆਂ ਯਾਦਾਂ ਸਾਂਝੀਆਂ ਕੀਤੀਆਂ ਨੇ
ਰੱਬ ਜਾਣੇ
ਕਿਹੜੇ ਸੱਤ ਸਮੁੰਦਰੋਂ ਪਾਰ ਗਿਓਂ
ਆਸਾਨੀ ਨਾਲ ਫ਼ਰਿਆਦ ਵੀ
ਸਾਡੀ ਤੇਰੇ ਕੋਲ ਨਹੀਂ ਪੁਜਦੀ
ਕਹਿੰਦੇ ਨੇ ਦਿਲੋਂ ਨਿਕਲੀ
ਫ਼ਰਿਆਦ ਤਾਂ ਪੱਥਰਾਂ ਨੂੰ ਪਾੜ ਦਿੰਦੀ ਹੈ
ਤੂੰ ਲੈ ਇਮਾਨਦਾਰੀ ਮੇਰੀ ਦਾ
ਇਮਤਿਹਾਨ
ਸਿਸਕੀਆਂ ਜਵਾਬ ਦੇਣਗੀਆਂ
ਤੈਨੂੰ ਮੋੜਵਾਂ
ਹਰ ਸਿਤਮ ਹੰਢਾਇਆ
ਤੇਰਾ ਆਪਣੇ ਸਿਰ ਲੈ ਬੈਠੇ ਆ
ਅਲਵਿਦਾ ਆਖ ਦਿੱਤਾ
ਆਪਣੇ ਜਜ਼ਬਾਤਾਂ ਨੂੰ
ਉੱਡਦੀ ਸੋਚ ਦੀ ਉਡਾਰੀ ਨੂੰ
ਸਹਿਮੀ ਹੋਈ ਚਿੜੀਆਂ ਦੀ ਡਾਰ ਨੂੰ
ਹੋਠਾਂ 'ਚ ਦਬੀਆਂ ਚੀਸਾਂ ਨੂੰ
'ਕਵਿਤਾ'
ਦੀ ਕਲਮ ਵਿਚੋਂ ਨਿਕਲੇ ਸ਼ਬਦਾਂ ਨੂੰ



ਸਵਰਨ ਕਵਿਤਾ
94642-31252

## ਮਜ਼੍ਹਬ

ਚਿੱਟੇ ਕੱਪੜੇ ਦਿਲ ਹੈ ਕਾਲਾ
ਹੱਥ ਖ਼ੂਨ ਨਾਲ ਰੰਗੇ ਨੇ
ਅੱਤਵਾਦੀ ਕੋਈ ਹੋਰ ਨਹੀਂ ਇੱਥੇ
ਆਪਣੇ ਹੀ ਕੁਝ ਬੰਦੇ ਨੇ

ਅੰਦਰੋਂ ਸੋਚ ਹੈਵਾਨਾਂ ਵਾਲੀ
ਉਪਰੋਂ ਕਿੰਨੇ ਚੰਗੇ ਨੇ
ਭੋਲੇ ਭਾਲੇ ਲੋਕ ਕੀ ਜਾਨਣ
ਫੁੱਲਾਂ ਹੇਠਾਂ ਕੰਡੇ ਨੇ

ਇਨਸਾਨੀਅਤ ਮਾਰ ਜ਼ਮੀਰ ਅਪਣੀ
ਮਜ਼੍ਹਬ ਜਾਲਮਾਂ ਵੰਡੇ ਨੇ
ਜਾਤਾਂ ਧਰਮਾਂ ਦੇ ਨਾਂ ਤੇ
ਕਰਵਾਉਂਦੇ ਏਹੀ ਦੰਗੇ ਨੇ

ਗੁਰੂ ਗ੍ਰੰਥ- ਗੀਤਾ- ਕੁਰਾਣ
ਨਾ ਬਾਈਬਲ ਸਮਝਿਆ ਬੰਦੇ ਨੇ
ਵੀਰਪਾਲ ਭੱਠਲ ਧਰਮ ਦੇ ਨਾਂ
ਤੇ ਹੀ ਚੱਲਦੇ ਇੱਥੇ ਧੰਦੇ ਨੇ



ਵੀਰਪਾਲ ਕੌਰ ਭੱਠਲ

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD